
# ਮੁੱਲ ਦੀ ਤੀਵੀਂ

ਵੀਨਾ ਵਰਮਾ



# ਮੁੱਲ ਦੀ ਤੀਵੀਂ

**ਸਾਰੇ** ਪਿੰਡ ਵਿਚ ਰੌਲਾ ਪੈ ਗਿਆ ਸੀ। ਡਰਾਈਵਰ ਮੱਘਰ ਸਿੰਘ ਦੇ ਘਰ 'ਚ ਬੰਗਾਲਣ ਆਈ ਹੋਈ ਹੈ। ਕਾਲੀ ਜਿਹੀ, ਨਿੱਕੇ ਜਿਹੇ ਕੱਦ ਦੀ ਔਰਤ। ਅੱਜ ਸਵੇਰੇ ਦੇਸੂ ਰਾਮ ਦੀ ਹੱਟੀ ਤੋਂ ਦਾਲ 'ਤੇ ਚੌਲ ਖਰੀਦਣ ਆਈ ਸੀ।

''ਪਹਿਲਾਂ ਤਾਂ ਇਹ ਤੀਮੀਂ ਕਦੇ ਕਿਸੇ ਨੇ ਪਿੰਡ 'ਚ ਦੇਖੀ ਨ੍ਹੀਂ,'' ਆਸ ਪਾਸ ਖੜ੍ਹੇ ਗਾਹਕਾਂ ਨੇ ਘੁਸਰ ਮੁਸਰ ਕੀਤੀ।

ਉਹ ਦਾਲ ਤੇ ਚੌਲਾਂ ਦੇ ਪੁੜੇ ਫੜ ਕੇ ਬਾਹਰ ਨਿਕਲੀ ਤਾਂ ਤਿੰਨ ਬੰਦੇ ਉਸ ਦੇ ਮਗਰ ਹੀ ਤੁਰ ਪਏ। ਇਸ ਅਣਜਾਣ ਔਰਤ ਦੀਆਂ ਪੈੜਾਂ ਨੱਪਦੇ ਉਹ ਪਿੰਡ ਦੇ ਬਾਹਰਵਾਰ ਤਕ ਚਲੇ ਗਏ। ਪਿੰਡ ਦੇ ਬਾਹਰ ਜਿਥੇ ਡਰਾਈਵਰ ਮੱਘਰ ਸਿੰਘ ਦਾ ਕੱਚਾ ਜਿਹਾ ਘਰ ਸੀ ਤੇ ਕਈ ਵਾਰ ਉਸ ਦਾ ਟਰੱਕ ਉਥੇ ਖੜ੍ਹਾ ਹੁੰਦਾ।

ਡਰਾਈਵਰ ਮੱਘਰ ਸਿੰਘ ਕੌਣ ਸੀ, ਕੀ ਕਰਦਾ ਸੀ, ਕਿਸੇ ਨੂੰ ਕੁਝ ਨਹੀਂ ਪਤਾ। ਮੱਘਰ ਸਿੰਘ ਦੀ ਇਸ ਪਿੰਡ ਨਾਲ ਕੋਈ ਸਾਂਝ ਨਹੀਂ ਸੀ।

ਦੋ ਕੁ ਸਾਲ ਹੋਏ ਉਹ ਇਸ ਘਰ 'ਚ ਕਿਰਾਏ 'ਤੇ ਆ ਕੇ ਰਹਿਣ ਲੱਗ ਪਿਆ ਸੀ। ਕਦੇ ਉਹ ਪਿੰਡ 'ਚ ਨਹੀਂ ਵੜਿਆ ਤੇ ਨਾ ਕਦੇ ਕਿਸੇ ਨਾਲ ਉਸ ਨੇ ਬੋਲ ਬੁਲਾਰਾ ਕੀਤਾ ਸੀ। ਉਹ ਟਰੱਕ ਲੈ ਕੇ ਆਉਂਦਾ, ਘਰ 'ਚ ਚਲਾ ਜਾਂਦਾ ਤੇ ਦੂਜੇ ਦਿਨ ਜਦੋਂ ਉਸ ਨੇ ਵਾਪਸ ਜਾਣਾ ਹੁੰਦਾ ਘਰ ਵਿਚੋਂ ਬਾਹਰ ਨਿਕਲਦਾ। ਘਰ ਤੋਂ ਬਾਹਰ ਕੀ ਹੁੰਦਾ ਹੈ, ਮੱਘਰ ਸਿੰਘ ਨੂੰ ਕੋਈ ਪਤਾ ਨਹੀਂ ਸੀ।

ਇਕ ਦੋ ਵਾਰੀ ਉਹ ਜੰਗਲ ਪਾਣੀ ਨੂੰ ਖੇਤਾਂ ਵੱਲ ਗਿਆ ਤਾਂ ਕਿਸੇ ਨੇ ਉਸ ਨੂੰ ਬੁਲਾਉਣ ਦੀ ਹਿੰਮਤ ਨਾ ਕੀਤੀ। ਮੱਘਰ ਸਿੰਘ ਨੂੰ ਕੋਈ ਕਿਵੇਂ ਛੇੜੇ? ਮਾੜੇ ਧੀੜੇ ਬੰਦੇ ਦੀ ਤਾਂ ਉਸ ਨੂੰ ਦੇਖ ਕੇ 'ਸਾਸਰੀਕਾਲ' ਕਰਨ ਦੀ ਜੁਰਅੱਤ ਨਹੀਂ ਸੀ ਹੁੰਦੀ। ਉੱਚਾ ਲੰਮਾ, ਆਮ ਬੰਦੇ ਨਾਲੋਂ ਡੂਢੇ ਸਰੀਰ ਦਾ ਮੱਘਰ ਸਿੰਘ ਜਦੋਂ ਹਾਥੀ ਵਾਂਗ ਤੁਰਦਾ ਤਾਂ ਧਰਤੀ ਹਿਲਦੀ ਸੀ। ਕੁੰਡਲੀਆਂ ਮੁੱਛਾਂ, ਸਿਰ 'ਤੇ ਝਾਫੇ ਵਰਗੇ ਵਾਲ, ਗੋਰਾ ਗੁਲਾਬੀ ਰੰਗ ਤੇ ਅੱਖਾਂ 'ਚ ਹਰ ਵੇਲੇ ਲਾਲੀ। ਸ਼ਾਇਦ ਉਹ ਚੌਵੀ ਘੰਟੇ ਸ਼ਰਾਬ ਪੀਈ ਰੱਖਦਾ ਸੀ। ਆਮ ਉਹ ਕਾਲੇ ਕੱਪੜੇ ਪਾ ਕੇ ਰੱਖਦਾ। ਕਿਉਂ? ਕੋਈ ਨਹੀਂ ਜਾਣਦਾ। ਕਾਲਾ ਤਹਿਮਤ, ਕਾਲਾ ਗੋਡਿਆਂ ਤੱਕ ਲੰਮਾ ਕੁਰਤਾ ਤੇ ਕਾਲਾ ਸਾਫ਼ਾ ਜਿਸ ਨੂੰ ਉਹ ਸਿਰ 'ਤੇ ਘੱਟ ਤੇ ਕੱਛ 'ਚ

ਜ਼ਿਆਦਾ ਦੇ ਕੇ ਰੱਖਦਾ ਸੀ।

ਉਹਨੂੰ ਦੂਰੋਂ ਆਉਂਦੇ ਨੂੰ ਦੇਖ ਕੇ ਖੇਤਾਂ 'ਚ ਕੰਮ ਕਰਦੀਆਂ ਔਰਤਾਂ ਦਸ ਗਜ਼ ਪਿੱਛੇ ਹੋ ਕੇ ਤੁਰਦੀਆਂ। ਇਸ ਦਾ ਵੀ ਖਾਸ ਕਾਰਨ ਸੀ। ਮੱਘਰ ਸਿੰਘ ਕੋਲ ਆਏ ਦਿਨ ਦੋ ਚਾਰ ਨਵੇਂ ਬੰਦੇ ਤੁਰੇ ਹੀ ਰਹਿੰਦੇ ਸੀ। ਉਸ ਦੇ ਨਾਲ ਦੇ ਡਰਾਈਵਰ, ਤੇ ਟਰੱਕਾਂ ਦੀਆਂ ਲਾਰਾਂ ਲੱਗ ਜਾਂਦੀਆ। ਪਿੰਡ 'ਚ ਜਿਵੇਂ ਉਸ ਦੇ ਨਾਮ ਦੀ ਦਹਿਸ਼ਤ ਸੀ। ਆਮ ਸ਼ਰੀਫ ਬੰਦਾ ਉਸ ਦੇ ਲਾਗਿਉਂ ਨਹੀਂ ਲੰਘਦਾ ਸੀ। ਪਰ ਉਸ ਤੋਂ ਡਰਦਾ ਮਾਰਿਆ ਕੋਈ ਉਸ ਨੂੰ 'ਓਏ' ਵੀ ਨਾ ਕਹਿੰਦਾ।

ਇਸ ਪਿੰਡ 'ਚ ਕਿਸੇ ਨੂੰ ਨਹੀਂ ਪਤਾ ਸੀ ਕਿ ਮੱਘਰ ਸਿੰਘ ਕਦੇ ਪੁਲੀਸ 'ਚ ਥਾਣੇਦਾਰ ਹੁੰਦਾ ਸੀ। ਨਵੀਂ ਨਵੀਂ ਨੌਕਰੀ ਸੀ ਉਸ ਦੀ, ਜਦੋਂ ਉਸ 'ਤੇ ਰਿਸ਼ਵਤਖੋਰੀ ਦਾ ਕੇਸ ਬਣਿਆ ਸੀ। ਕਿਸੇ ਗ਼ਲਤ ਬੰਦੇ ਤੋਂ ਪੈਸੇ ਲੈ ਕੇ ਖਾ ਲਏ ਸੀ ਉਸ ਨੇ, ਤੇ ਅਗਲਿਆਂ ਨੇ ਮਨਿਸਟਰਾਂ ਤਕ ਪਹੁੰਚ ਕਰ ਕੇ ਥਾਣੇਦਾਰ ਦੀਆਂ ਫੀਤੀਆਂ ਲੁਹਾ ਦਿਤੀਆਂ ਸਨ।

ਉਹ ਔਰਤ ਮੱਘਰ ਸਿੰਘ ਡਰਾਈਵਰ ਦੇ ਘਰ 'ਚ ਵੜ ਗਈ ਤਾਂ ਪਿੱਛਾ ਕਰਨ ਵਾਲਿਆਂ ਨੇ ਮੂੰਹ 'ਚ ਉਂਗਲਾਂ ਪਾ ਲਈਆਂ, "ਹੈਂ?"

"ਇਹ ਤੀਮੀਂ ਕੌਣ ਐ? ਮੱਘਰ ਸਿੰਘ ਦੇ ਘਰ ਕੀ ਕਰਦੀ ਐ? ਇਹਦੇ ਨਾ ਧੀ ਨਾ ਭੈਣ, ਆਹ ਕਿਥੋਂ ਆਗੀ?"

ਗੱਲ ਘੰਟੇ 'ਚ ਸਾਰੇ ਪਿੰਡ 'ਚ ਫੈਲ ਗਈ। ਲੋਕ ਦੂਰੋਂ ਪਾਰੋਂ ਮੱਘਰ ਸਿੰਘ ਦੇ ਘਰ ਦੇ ਆਸੇ ਪਾਸੇ ਚੱਕਰ ਮਾਰਦੇ ਰਹੇ, ਪਰ ਅੰਦਰ ਜਾ ਕੇ ਦੇਖਣ ਦੀ ਹਿੰਮਤ ਕੋਈ ਨਾ ਕਰ ਸਕਿਆ।

"ਬਹੁਤ ਮਾੜੀ ਗੱਲ ਐ। ਐਂ ਪਿੰਡਾਂ 'ਚ ਕੁੱਤਖਾਨਾ ਹੋਣ ਲਗ ਪਿਆ ਤਾਂ ਸਭ ਦੀਆਂ ਧੀਆਂ ਭੈਣਾਂ 'ਤੇ ਮਾੜਾ ਅਸਰ ਪਊ...।" ਇਕ ਆਖਦਾ।

"ਲੈ ਐਂ ਕੀ ਪਤੈ? ਹੋ ਸਕਦੈ ਅਗਲੇ ਦੀ ਤੀਮੀਂ ਹੋਵੇ...।" ਦੂਜਾ ਸਲਾਹ ਦਿੰਦਾ।

"ਇਹਦੀ ਤੀਮੀਂ ਕਿਥੋਂ ਆਗੀ। ਅੱਗੇ ਨਾ ਕਦੇ ਪਿੱਛੇ, ਕੋਈ ਤੀਮੀਂ ਕਿਸੇ ਨੇ ਨ੍ਹੀਂ ਦੇਖੀ। ਦਿਨ ਰਾਤ ਮੁਸ਼ਟੰਡੇ ਆਂਦੇ ਨੇ ਇਹਦੇ ਕੋਲ...ਅੱਜ ਤੱਕ ਬੁੜ੍ਹੀ ਤਾਂ ਨ੍ਹੀ ਆਈ ਕੋਈ...।" ਕੁੱਬੇ ਨਾਜਰ ਨੇ ਕਿਹਾ।

"ਵਿਆਹ ਕਰ ਲਿਆ ਹੋਣਾ ਭਾਈ...ਥੈਨੂੰ ਨਹੀਂ ਸੱਦਿਆ ਅਗਲੇ ਨੇ...।" ਡੋਗਰ ਪਾਲੀ ਨੇ ਗੱਲ ਹਾਸੇ 'ਚ ਉਡਾਈ।

"ਤਾਂ ਹੀ ਤੇਰੀ ਮਾਂ ਦਾ ਮਕਲਾਵਾ ਲੈ ਕੇ ਆਇਐ! ਵਿਆਹ ਹੋਵੇ ਤਾਂ ਕਿਸੇ ਨੂੰ ਪਤਾ ਨਾ ਲੱਗੇ?" ਬੁੜ੍ਹੇ ਜਗੀਰ ਸਿੰਘ ਨੇ ਗ਼ੁੱਸੇ 'ਚ ਡੋਗਰ ਨੂੰ ਗਾਹਲ ਕੱਢੀ।

ਸਾਰੇ ਹੱਸ ਪਏ। ਪਰ ਗੱਲ ਦਾ ਸਿਰਾ ਕੋਈ ਨਾ ਫੜ ਸਕਿਆ।

ਲੋਕਾਂ ਦਾ ਸਾਰਾ ਦਿਨ ਘੁਸਰ ਮੁਸਰ ਵਿਚ ਨਿਕਲ ਗਿਆ।

ਰਾਤ ਪਈ ਤੇ ਮੱਘਰ ਸਿੰਘ ਟਰੱਕ ਲੈ ਕੇ ਆ ਗਿਆ। ਟਰੱਕ ਆਪਣੇ ਬਾਹਰ ਮੂਹਰੇ ਖੜ੍ਹਾ ਕੀਤਾ ਉਸ ਨੇ। ਲੋਕ ਦੂਰੋਂ ਦੇਖਦੇ ਰਹੇ ਪਰ ਮੱਘਰ ਸਿੰਘ ਕੋਲ ਜਾ ਕੇ ਕਿਸੇ ਨਾ ਪੁੱਛਿਆ।

ਇਸ ਤਰ੍ਹਾਂ ਕਈ ਦਿਨ ਲੰਘ ਗਏ। ਹੁਣ ਉਹ ਔਰਤ ਆਮ ਹੋ ਗਈ ਸੀ। ਉਸ ਦਾ ਚਰਚਾ ਘੱਟ ਗਿਆ ਸੀ। ਉਹ ਦੇਸੂ ਦੀ ਦੁਕਾਨ ਤੋਂ ਸਮਾਨ ਲੈਣ ਆਉਂਦੀ ਤੇ ਚਲੀ

ਜਾਂਦੀ। ਲੋਕ ਉਸ ਦੇ ਪਿੱਛੇ ਜਾਣੋਂ ਹਟ ਗਏ ਤੇ ਉਸ ਨੂੰ ਦੇਖ ਕੇ ਖੰਘੂਰੇ ਵੱਜਣੇ ਬੰਦ ਹੋ ਗਏ ਸੀ।

ਉਹ ਸ਼ਾਇਦ ਖੁਦ ਵੀ ਇਸ ਗੱਲ ਨੂੰ ਮਹਿਸੂਸ ਕਰਦੀ ਸੀ। ਭਾਵੇਂ ਉਹ ਪੰਜਾਬੀ ਬੋਲਦੀ ਨਹੀਂ ਸੀ ਪਰ ਸਮਝਦੀ ਸਾਰੀ ਸੀ ਤੇ ਹਰ ਗੱਲ ਦਾ ਜੁਆਬ ਹਿੰਦੀ ਵਿਚ ਦਿੰਦੀ। ਹੁਣ ਉਹ ਘਰ ਦੀ ਛੱਤ 'ਤੇ ਚਲੀ ਜਾਂਦੀ, ਬਾਹਰ ਖੇਤਾਂ ਨੂੰ ਘੁੰਮਣ ਫਿਰਨ ਨਿਕਲ ਜਾਂਦੀ ਤੇ ਰਾਹ 'ਚ ਬੱਚਿਆਂ ਨਾਲ ਗੱਲਾਂ ਮਾਰਦੀ। ਪਰ ਉਸ ਦੇ ਘਰ ਕੋਈ ਨਾ ਆਉਂਦਾ ਤੇ ਨਾ ਹੀ ਕੋਈ ਉਸ ਨੂੰ ਬੁਲਾਉਂਦਾ। ਉਹ ਕਿਸੇ ਨਾਲ ਕੀ ਗੱਲ ਕਰਦੀ? ਕਿਸੇ ਨਾਲ ਜਾਣ ਨਾ ਪਛਾਣ। ਨਵਾਂ ਪਿੰਡ, ਨਵੇਂ ਲੋਕ ਤੇ ਨਵਾਂ ਮਾਹੌਲ।

ਲੱਛਮੀ ਨਾਂ ਸੀ ਉਸ ਦਾ। ਦੋ ਮਹੀਨੇ ਪਹਿਲਾਂ ਮੱਘਰ ਸਿੰਘ ਉਸ ਨੂੰ ਕਲਕੱਤੇ ਤੋਂ ਲੈ ਕੇ ਆਇਆ ਸੀ। ਸਿਰਫ ਬਾਰਾਂ ਸੌ ਰੁਪਏ ਵਿਚ। ਉਹ ਵੀ ਭਾਈਵਾਲੀ 'ਚ, ਤਿੰਨ ਹੋਰ ਦੋਸਤਾਂ ਨਾਲ ਮਿਲ ਕੇ। ਕਲਕੱਤੇ ਟਰੱਕ 'ਚ ਮਾਲ ਛੱਡਣ ਗਿਆ ਸੀ ਉਹ, ਵਾਪਸੀ 'ਤੇ ਉਸ ਨੂੰ ਨਾਲ ਬਿਠਾ ਲਿਆਇਆ। ਮੁੜਦਾ ਹੋਇਆ ਉਹ ਲੁਧਿਆਣੇ ਗਿਆ ਜਿਥੇ ਉਸ ਦੇ ਜੁੰਡਲੀਦਾਰ ਰਹਿੰਦੇ ਸੀ, ਪਰ ਕੋਈ ਨਾ ਮਿਲਿਆ। ਹਾਰ ਕੇ ਉਹ ਇਸ ਔਰਤ ਨੂੰ ਆਪਣੇ ਨਾਲ ਹੀ ਪਿੰਡ ਲੈ ਆਇਆ। ਇੱਦਾਂ ਪਹਿਲਾਂ ਹੋਈ ਨਹੀਂ ਸੀ ਕਦੇ ਕਿ ਕੋਈ ਔਰਤ ਮਹੀਨਾ ਦੋ ਮਹੀਨੇ ਉਸ ਦੇ ਘਰ ਰਹੀ ਹੋਵੇ। ਉਹ ਹਨ੍ਹੇਰੇ ਸਵੇਰੇ ਤੀਵੀਂ ਲਿਆਉਂਦਾ ਤੇ ਦਿਨ ਚੜ੍ਹਨ ਤੋਂ ਪਹਿਲਾਂ ਹੀ ਟਰੱਕ 'ਚ ਬਿਠਾ ਕੇ ਛੱਡ ਆਉਂਦਾ। ਪਰ ਇਸ ਵਾਰ ਇਹ ਔਰਤ ਉਸ ਨੂੰ ਰੱਖਣੀ ਪੈ ਗਈ ਸੀ, ਉਸ ਦੇ ਨਾਲ ਦੇ ਯਾਰ ਦੋਸਤ ਉਸ ਨੂੰ ਮਿਲੇ ਨਹੀਂ ਸਨ। ਉਨ੍ਹਾਂ ਨੂੰ ਜਦੋਂ ਵੀ ਮੌਕਾ ਲੱਗਦਾ ਚਾਰਾਂ ਪੰਜਾਂ 'ਚੋਂ ਇਕ ਜਾਂਦਾ ਤੇ ਇਕ ਔਰਤ ਲੈ ਆਉਂਦਾ, ਫੇਰ ਵਾਰ ਵਾਰ ਉਹ ਉਸ ਔਰਤ ਨੂੰ ਆਪਣੇ ਕੋਲ ਰੱਖਦੇ, ਵਰਤਦੇ ਤੇ ਵਾਪਸ ਛੱਡ ਆਉਂਦੇ। ਇਕ ਅਜੀਬ ਜਿਹਾ ਅਣਲਿਖਤ ਸਮਝੌਤਾ ਉਨ੍ਹਾਂ ਦਰਮਿਆਨ ਸੀ। ਉਹ ਆਪਸ ਵਿਚ ਔਰਤ ਨੂੰ ਵੰਡਦੇ, ਖਰਚਾ ਵੰਡਦੇ ਅਤੇ ਜ਼ਿੰਦਗੀ ਦਾ ਮਜ਼ਾ ਲੁੱਟਦੇ। ਇਸ ਮਾਮਲੇ 'ਤੇ ਕਦੇ ਉਹ ਆਪਸ ਵਿਚ ਲੜੇ ਨਹੀਂ, ਘੁਲੇ ਨਹੀਂ ਤੇ ਕਦੇ ਪੈਸੇ ਦਾ ਰੌਲਾ ਨਹੀਂ ਪਿਆ ਸੀ।

ਮੱਘਰ ਸਿੰਘ ਸ਼ਾਮ ਨੂੰ ਸ਼ਰਾਬ ਦਾ ਡੱਕਿਆ ਹੋਇਆ ਆਉਂਦਾ, ਸਾਫ਼ਾ ਲਾਹ ਕੇ ਖੂੰਜੇ 'ਚ ਮਾਰਦਾ ਤੇ ਫੇਰ ਲੱਛਮੀ ਦੁਆਲੇ ਹੋ ਜਾਂਦਾ। ਕਿਸੇ ਰਬੜ ਦੀ ਗੁੱਡੀ ਵਾਂਗ ਉਹ ਉਸ ਦੇ ਅੰਗਾਂ ਨੂੰ ਤੋੜਦਾ ਮਰੋੜਦਾ ਤੇ ਉਸ ਨੂੰ ਪੁੱਠੀ ਸਿੱਧੀ ਕਰਦਾ। ਫੇਰ ਘੁਰਾੜੇ ਮਾਰ ਕੇ ਸੌਂਦਾ।

ਤੇ ਲੱਛਮੀ ਦੁਪਹਿਰ ਦੇ ਬਾਰਾਂ ਵਜੇ ਤਕ ਮਰੇ ਕੁੱਤੇ ਵਾਂਗ ਮੰਜੀ 'ਤੇ ਪਈ ਰਹਿੰਦੀ। ਡਰਾਈਵਰ ਕਦੋਂ ਉੱਠ ਕੇ ਚਲਾ ਜਾਂਦਾ ਸੀ, ਉਹਨੂੰ ਕੋਈ ਪਤਾ ਨਾ ਲੱਗਦਾ। ਉਸ ਦੇ ਹੱਡਾਂ ਦਾ ਚੂਰਾ ਹੋ ਜਾਂਦਾ ਸਵੇਰ ਤੱਕ, ਤੇ ਉਸ 'ਚ ਹਿੱਲਣ ਦੀ ਤਾਕਤ ਨਾ ਬਾਕੀ ਬਚਦੀ। ਸ਼ਾਮ ਹੁੰਦੀ, ਉਹ ਉਠਦੀ। ਨਹਾਂਦੀ, ਧੋਂਦੀ, ਲੰਮੇ ਕਾਲੇ ਵਾਲਾਂ ਦਾ ਜੂੜਾ ਬੰਨ੍ਹਦੀ, ਜੂੜੇ 'ਚ ਫੁੱਲ ਟੰਗਦੀ ਤੇ ਮੱਘਰ ਸਿੰਘ ਦੇ ਆਉਣ ਤਕ ਸਜ ਧਜ ਕੇ ਤਿਆਰ ਹੋ ਜਾਂਦੀ।

ਮੱਘਰ ਸਿੰਘ ਦੇ ਘਰ 'ਚ ਚਾਹ ਬਨਾਉਣ ਲਈ ਵੀ ਭਾਂਡਾ ਨਹੀਂ ਸੀ। ਲੱਛਮੀ ਨੇ ਆ ਕੇ ਦੋ ਕੱਪ, ਦੋ ਪਲੇਟਾਂ ਤੇ ਚਾਹ ਬਨਾਉਣ ਲਈ ਪਤੀਲਾ ਖ੍ਰੀਦਿਆ ਤੇ ਉਸੇ ਪਤੀਲੇ ਵਿਚ ਉਹ ਆਪਣੇ ਲਈ ਦਾਲ ਅਤੇ ਚਾਵਲ ਬਣਾ ਲੈਂਦੀ।

ਇਕ ਮਿੱਟੀ ਦਾ ਚੁਲ੍ਹਾ ਇੱਟਾਂ ਰੱਖ ਕੇ ਉਸ ਨੇ ਬਣਾ ਲਿਆ. ਕੱਚੀ ਜਿਹੀ ਰਸੋਈ ਨੂੰ ਗੋਹਾ ਤੇ ਮਿੱਟੀ ਪਾ ਕੇ ਲਿੱਪਿਆ ਤੇ ਚਾਰ ਗਲਾਸ ਕੱਚ ਦੇ ਜਿਨ੍ਹਾਂ 'ਚ ਮੱਘਰ ਸਿੰਘ ਤੇ ਉਸ ਦੇ ਦੋਸਤ ਸ਼ਰਾਬ ਪੀਂਦੇ ਹੁੰਦੇ ਸੀ. ਧੋ ਸੁਆਰ ਕੇ ਰੱਖ ਦਿੱਤੇ। ਮੱਘਰ ਸਿੰਘ ਦੇ ਪੁਰਾਣੇ ਸੁੱਟੇ ਹੋਏ ਕੱਪੜੇ ਵੇਚ ਕੇ ਉਸ ਨੇ ਦੋ ਸਟੀਲ ਦੇ ਕੌਲੇ ਖ੍ਰੀਦ ਲਏ। ਤੇ ਉਸ ਦੀਆਂ ਸ਼ਰਾਬ ਦੀਆਂ ਖਾਲੀ ਬੋਤਲਾਂ ਦੇ ਕੇ ਉਹ ਪਲਾਸਟਿਕ ਦੇ ਡੱਬੇ ਰਸ਼ੋਈ ਵਿਚ ਰੱਖਣ ਲਈ ਲੈ ਆਈ। ਹੁਣ ਰਸੋਈ, ਰਸੋਈ ਲੱਗਦੀ ਸੀ।

ਲੱਛਮੀ ਕੀ ਕਰਦੀ ਸੀ, ਮੱਘਰ ਸਿੰਘ ਨੂੰ ਕੋਈ ਦਿਲਚਸਪੀ ਨਹੀਂ ਸੀ। ਤੇ ਨਾ ਹੀ ਉਸ ਕੋਲ ਟਾਈਮ ਸੀ। ਉਸ ਨੇ ਘਰ ਕਦੇ ਰੋਟੀ ਨਹੀਂ ਖਾਧੀ ਸੀ, ਬਾਹਰ ਹੀ ਖਾ ਕੇ ਪੀ ਕੇ ਆਉਂਦਾ। ਹਾਂ ਲੱਛਮੀ ਨੂੰ ਉਹ ਜ਼ਰੂਰ ਪੈਸੇ ਦੇ ਦਿੰਦਾ ਤਾਂ ਕਿ ਉਹ ਆਪਣੀ ਮਰਜ਼ੀ ਦਾ ਖਾ ਪੀ ਸਕੇ। ਪਹਿਲੀ ਰਾਤ ਉਹ ਉਸ ਲਈ ਰੋਟੀ ਢਾਬੇ ਤੋਂ ਲੈ ਕੇ ਆਇਆ ਸੀ।

''ਹਮ ਨਹੀਂ ਖਾਏਂਗੀ...।'' ਲੱਛਮੀ ਨੇ ਮੂੰਹ ਦੂਜੇ ਪਾਸੇ ਕਰ ਲਿਆ।

''ਕਿਉਂ?'' ਮੱਘਰ ਸਿੰਘ ਨੇ ਗੁੱਸੇ 'ਚ ਪੁੱਛਿਆ।

''ਹਮੇਂ ਯੇਹ ਖਾਨਾ ਅੱਛਾ ਨਹੀਂ ਲਗਤਾ ਸਾਹਬ...। ਹਮ ਸਿਰਫ ਦਾਲ ਭਾਤ ਹੀ ਖਾਤੇ ਹੈਂ...।'' ਉਹ ਬਰੀਕ ਜ੍ਹੀ ਆਵਾਜ਼ 'ਚ ਬੋਲੀ।

''ਉਹ ਕਿਆ ਹੋਤਾ ਹੈ?'' ਮੱਘਰ ਸਿੰਘ ਦੇ ਸਮਝ ਨਾ ਆਈ।

''ਦਾਲ ਚਾਵਲ ਸਾਹਬ...।'' ਉਹ ਗਰਦਨ ਸੁੱਟੀ ਬੋਲੀ।

''ਚੱਲ, ਕਲ੍ਹ ਨੂੰ ਦਾਲ ਚੌਲ ਖਾ ਲੀਂ, ਅੱਜ ਦਾ ਦਿਨ ਆਹ ਖਾ ਲੈ।'' ਮੱਘਰ ਸਿੰਘ ਨੇ ਉਸ ਨੂੰ ਸਮਝਾਇਆ।

''ਨਹੀਂ ਹਮ ਨਹੀਂ ਖਾ ਸਕਤੇ...।'' ਉਹਨੇ ਨ੍ਹਾਂ 'ਚ ਸਿਰ ਹਿਲਾਇਆ।

''ਨਹੀਂ ਖਾਣੀ ਤਾਂ ਖੂਹ ਮੇਂ ਪੜੋ...।'' ਉਹਨੇ ਗੁੱਸੇ 'ਚ ਰੋਟੀ ਵਿਹੜੇ 'ਚ ਵਗਾਹ ਕੇ ਮਾਰੀ।

ਇਕ ਦਿਨ ਕੀ, ਲੱਛਮੀ ਨੇ ਤਿੰਨ ਦਿਨ ਕੁਝ ਨਾ ਖਾਧਾ। ਉਹ ਬੀਮਾਰਾਂ ਵਾਂਗ ਮੰਜੇ 'ਤੇ ਪੈ ਗਈ। ਹਾਰ ਕੇ ਮੱਘਰ ਸਿੰਘ ਨੇ ਉਸ ਨੂੰ ਦਾਲ ਚੌਲਾਂ ਵਾਸਤੇਂ ਪੈਸੇ ਦੇਣੇ ਸ਼ੁਰੂ ਕਰ ਦਿੱਤੇ, ਤੇ ਉਹ ਆਪਣਾ ਖਾਣਾ ਆਪ ਬਣਾ ਕੇ ਖਾਣ ਲੱਗ ਪਈ।

''ਤੁਮ ਏਕ ਦਿਨ ਮੱਛਲੀ ਲੈ ਕੇ ਆਣਾ ਸਾਹਬ, ਹਮ ਬਹੁਤ ਅੱਛੀ ਬਨਾਤੇ ਹੈਂ,'' ਲੱਛਮੀ ਨੇ ਇਕ ਦਿਨ ਫਰਮਾਇਸ਼ ਪਾਈ।

ਤੇ ਦੂਜੇ ਦਿਨ ਪਤਾ ਨਹੀਂ ਮੱਘਰ ਸਿੰਘ ਨੂੰ ਉਸ 'ਤੇ ਤਰਸ ਆਇਆ ਜਾਂ ਉਸ ਦੇ ਉਦਾਂ ਹੀ ਯਾਦ ਰਹਿ ਗਿਆ, ਤੇ ਉਹ ਆਉਂਦਾ ਹੋਇਆ ਸ਼ਹਿਰੋਂ ਮੱਛੀ ਲੈ ਆਇਆ। ਲੱਛਮੀ ਖ਼ੁਸ਼ ਹੋ ਗਈ। ਉਸ ਨੇ ਮਸਾਲੇ ਪਾ ਕੇ ਮੱਛੀ ਭੁੰਨੀ ਤਾਂ ਦੂਰ ਦੂਰ ਤਕ ਖ਼ੁਸ਼ਬੂ ਫੈਲ ਗਈ। ਸ਼ਰਾਬ ਪੀਂਦੇ ਮੱਘਰ ਸਿੰਘ ਨੂੰ ਜਦੋਂ ਉਹਨੇ ਦੇ ਟੁਕੜੇ ਖਾਣ ਲਈ ਦਿੱਤੇ ਤਾਂ ਉਹ ਇਕੋ ਸਾਹੇ ਖਾ ਗਿਆ।

''ਲੱਛੀ, ਹੋਰ ਮੱਛੀ ਹੈਗੀ ਐ...?'' ਉਸ ਨੇ ਰਸੋਈ 'ਚ ਬੈਠੀ ਲੱਛਮੀ ਨੂੰ ਹਾਕ ਮਾਰੀ।

''ਅਭੀ ਲਾਤੀ ਹੂੰ...।'' ਆਖ ਕੇ ਲਛਮੀ ਨੇ ਆਪਣੇ ਹਿੱਸੇ ਦੀ ਮੱਛੀ ਇਕ ਇਕ ਟੁਕੜਾ ਕਰਕੇ ਉਸ ਦੇ ਮੂੰਹ 'ਚ ਪਾ ਦਿੱਤੀ ਤੇ ਬਾਅਦ ਵਿਚ ਆਪਣੀ ਸਾੜ੍ਹੀ ਨਾਲ ਉਸ ਦਾ ਮੂੰਹ ਸਾਫ ਕਰ ਦਿੱਤਾ।

''ਕਿਤਨੇ ਸੁੰਦਰ ਹੋ ਤੁਮ...।'' ਉਹ ਉਸ ਦੀਆਂ ਅੱਖਾਂ 'ਚ ਦੇਖਦੀ ਹੋਈ ਬੋਲੀ।

''ਕਿਉਂ ਮੇਰੇ ਫੁੱਲ ਲੱਗੇ ਨੇ...?'' ਮੱਘਰ ਸਿੰਘ ਹੱਸਿਆ।

''ਸੱਚ ਬਹੁਤ ਅੱਛੇ ਲਗਤੇ ਹੋ ਤੁਮ ਸਾਹਬ, ਜਬ ਹੰਸਤੇ ਹੋ...।'' ਉਸ ਨੇ ਆਪਣੀਆਂ ਉਂਗਲਾਂ ਉਸ ਦੇ ਜੂੰਡਿਆਂ ਵਰਗੇ ਵਾਲਾਂ 'ਚ ਫੇਰੀਆਂ।

''ਆਹ ਤੂੰ ਜੂੜੇ 'ਚ ਫੁੱਲ ਕਿਥੋਂ ਲਿਆ ਕੇ ਲਾਨੀ ਐਂ ਲੱਛੀ?'' ਮੱਘਰ ਸਿੰਘ ਨੇ ਉਸ ਦੇ ਜੂੜੇ 'ਚ ਲੱਗੇ ਫੁੱਲ ਬਾਹਰ ਖਿੱਚੇ।

''ਬਾਗ ਮੇਂ ਸੇ ਲਾਤੀ ਹੂੰ ਸਾਹਬ...।'' ਉਹ ਸ਼ਰਮਾਈ।

''ਬਾਗ ਤੇਰੇ ਪਿਓ ਨੇ ਲਾਇਐ ਏਥੇ? ਮੈਂ ਤਾਂ ਕਦੇ ਪਿੰਡ 'ਚ ਅੱਕ ਦਾ ਫੁੱਲ ਨ੍ਹੀ ਦੇਖਿਆ...।'' ਮੱਘਰ ਸਿੰਘ ਨੇ ਉਸ ਦਾ ਜੂੜਾ ਖੋਹਲ ਦਿੱਤਾ।

''ਤੁਮਹਾਰੇ ਲੀਏ ਹੀ ਲਗਾਤੀ ਹੂੰ ਨਾ...। ਕਹੀਂ ਸੇ ਭੀ ਢੂੰਡ ਕੇ ਲਾਊਂ।'' ਆਖ ਕੇ ਉਹ ਸ਼ੀਸ਼ੇ ਮੂਹਰੇ ਜਾ ਖੜ੍ਹੀ ਹੋਈ।

''ਦੇਖੋ ਕਿਤਨੇ ਸੁੰਦਰ ਲਗਤੇ ਹੈਂ ਹਮ...।'' ਉਹ ਮੱਘਰ ਸਿੰਘ ਵੱਲ ਪਿੱਠ ਕਰਕੇ ਬੋਲ ਰਹੀ ਸੀ।

''ਏਸ ਸ਼ੀਸ਼ੇ ਨੇ ਬਹੁਤ ਕੁਸ਼ ਦੇਖਿਆ ਹੋਇਐ...।'' ਮੱਘਰ ਸਿੰਘ ਉਥੇ ਬੈਠਾ ਹੀ ਬੋਲਿਆ।

ਪਤਾ ਨਹੀਂ ਕੀ ਸੋਚ ਕੇ ਲੱਛਮੀ ਉਥੇ ਖੜ੍ਹੀ ਖੜ੍ਹੀ ਹੀ ਰੋ ਪਈ।

''ਰੋਂਦੀ ਕਿਉਂ ਐਂ...? ਅੱਜ ਤੱਕ ਕਿੰਨੀਆਂ ਕੁੜੀਆਂ ਇਥੇ ਆਈਆਂ ਪਰ ਕੋਈ ਰੋ ਕੇ ਨਹੀਂ ਗਈ, ਸਭ ਹੱਸਦੀਆਂ ਖੇਡਦੀਆਂ ਗਈਆਂ...। ਤੈਨੂੰ ਕੀ ਤਕਲੀਫ ਐ?'' ਮੱਘਰ ਸਿੰਘ ਖਿਝ ਗਿਆ।

''ਔਰ ਭੀ ਕੁੜੀਆਂ ਆਤੀ ਹੈਂ...?'' ਉਹ ਹੈਰਾਨ ਹੋਈ।

''ਹੋਰ ਤੇਰੇ ਕੱਲੀ ਦੇ ਈ ਨ੍ਹੀਂ ਮੁੰਮੇ ਲੱਗੇ ਹੋਏ, ਬਥੇਰੀਆਂ ਤੁਰੀਆਂ ਫਿਰਦੀਆਂ ਨੇ...।'' ਮੱਘਰ ਸਿੰਘ ਨੇ ਸਹਿਜੇ ਹੀਂ ਕਿਹਾ।

''ਫਿਰ ਹਮੇਂ ਯਹਾਂ ਕਿਉਂ ਲਾਏ ਹੋ...।'' ਉਹ ਫੇਰ ਰੋ ਪਈ।

''ਪੈਸੇ ਦੇ ਕੇ ਲਿਆਇਆਂ...। ਹੋਰ ਤੇਰਾ ਡੋਲਾ ਆਇਐ ਏਥੇ...?'' ਮੱਘਰ ਸਿੰਘ ਨੇ ਫੁੰਕਾਰਾ ਜਿਹਾ ਛੱਡਿਆ।

ਲੱਛਮੀ ਚੁੱਪ ਹੋ ਗਈ। ਤੇ ਨੀਵੀਂ ਪਾ ਕੇ ਦੇਰ ਤਕ ਸੋਚਦੀ ਰਹੀ। ਮੱਘਰ ਪਤਾ ਨਹੀਂ ਕਦੋਂ ਸ਼ਰਾਬ ਦੇ ਨਸ਼ੇ 'ਚ ਉਥੇ ਬੈਠਾ ਬੈਠਾ ਹੀ ਸੌਂ ਗਿਆ।

ਲੱਛਮੀ ਨੂੰ ਯਾਦ ਆਇਆ, ਸੱਚ ਹੀ ਤਾਂ ਕਿਹਾ ਸੀ ਮੱਘਰ ਸਿੰਘ ਨੇ ਕਿ ਉਹ ਉਸ ਨੂੰ ਪੈਸੇ ਦੇ ਕੇ ਲੈ ਕੇ ਆਇਆ ਹੈ। ਸਿਰਫ ਬਾਰਾਂ ਸੌ ਰੁਪਏ ਵਿਚ ਉਸ ਦਾ ਸੌਦਾ ਹੋਇਆ ਸੀ। ਉਸ ਦੇ ਮੁਹੱਲੇ ਦੀਆਂ ਕਿੰਨੀਆਂ ਹੀ ਕੁੜੀਆਂ ਇੱਦਾਂ ਜਾਂ ਤਾਂ ਵੇਚੀਆਂ ਗਈਆਂ ਸੀ ਜਾਂ ਫੇਰ ਕਿਰਾਏ 'ਤੇ ਕੁਝ ਸਮੇਂ ਲਈ ਬਾਹਰ ਭੇਜੀਆਂ ਜਾਂਦੀਆਂ ਸੀ। ਅੰਤਾਂ ਦੀ ਗਰੀਬੀ ਸੀ, ਉਨ੍ਹਾਂ ਦੀ ਬਸਤੀ ਵਿਚ ਤੇ ਜਿਸਮ ਵੇਚਣਾ ਕੋਈ ਗੁਨਾਹ ਨਹੀਂ ਸੀ। ਬਲਕਿ ਜਿਸ ਦੇ ਘਰ ਸਹੁਣੀ ਤੇ ਜਵਾਨ ਲੜਕੀ ਹੁੰਦੀ ਸੀ, ਉਹ ਤਾਂ ਦਿਨਾਂ 'ਚ ਹੀ ਅਮੀਰ ਹੋ ਜਾਂਦਾ ਸੀ। ਪਰ ਲੱਛੀ ਨਾ ਤਾਂ ਸੁਹਣੀ ਸੀ ਤੇ ਨਾ ਹੀ ਭਰ ਜਵਾਨ। ਚੌਵੀਆਂ ਸਾਲਾਂ ਦੀ ਹੋ ਗਈ ਸੀ ਉਹ ਪਰ ਅਠ੍ਹਾਰਾਂ ਦੀ ਲੱਗਦੀ ਸੀ। ਆਮ ਬੰਗਾਲੀਆਂ ਵਾਂਗ ਕਾਲਾ ਰੰਗ

ਸੀ ਉਸ ਦਾ। ਨਿੱਕਾ ਜਿਹਾ ਕੱਦ ਦੇ ਸਾਦਾ ਜਿਹਾ ਚਿਹਰਾ। ਜੇ ਉਸ ਦੇ ਵਿਚ ਕੋਈ ਖੂਬਸੂਰਤ ਚੀਜ਼ ਸੀ ਤਾ ਉਸ ਦੀਆ ਅੱਖਾਂ ਮ੍ਰਿਗ ਨੈਣੀਆ। ਤੇ ਅੱਖਾਂ 'ਤੇ ਲੰਮੀਆਂ ਪਲਕਾਂ। ਜਾਂ ਫਿਰ ਉਸ ਦੇ ਗਿੱਟਿਆਂ ਤਕ ਪੈਂਦੇ ਟੋਕਰਾ ਭਰ ਵਾਲ, ਕਾਲੇ, ਘੁੰਗਰਾਲੇ ਤੇ ਰੇਸ਼ਮੀ।

ਮੱਘਰ ਸਿੰਘ ਨੂੰ ਉਹ ਪਹਿਲੀ ਨਜ਼ਰ ਬਿਲਕੁਲ ਵੀ ਨਾ ਚੰਗੀ ਲੱਗੀ। ਜਦੋਂ ਮਾਲਕਣ ਨੇ ਪੰਦਰਾਂ ਸੌ ਰੁਪਿਆ ਮੰਗਿਆ ਤਾਂ ਉਹ ਹੱਸ ਪਿਆ।

''ਆਹ ਤੀਮੀਂ ਦਾ ਪੰਦਰਾਂ ਸੌ ਰੁਪਿਆ...? ਨਾ ਕੱਦ ਨਾ ਕਾਠ...ਰੰਗ ਨਾ ਰੂਪ...। ਸੁਧਾ ਮਾਤਾ ਦਾ ਮਾਲ...।''

''ਨਹੀਂ ਬਾਬੂ ਜੀ। ਪੰਦਰਾਂ ਸੌ ਸੇ ਏਕ ਪੈਸਾ ਕਮ ਨਹੀਂ ਹੋਗਾ...।'' ਬੁੱਢੀ ਬੰਗਾਲਣ ਅੜ ਗਈ ਸੀ।

''ਪੰਦਰਾਂ ਸੌ ਨੂੰ ਕੀ ਐ ਏਸ 'ਚ...?'' ਉਹ ਫੇਰ ਹੱਸਿਆ।

''ਬਿਲਕੁਲ ਨਈ ਹੈ ਸਾਹਬ। ਅਗਰ ਕੁਆਰੀ ਨਾ ਹੂਈ ਤੋਂ ਪੈਸੇ ਵਾਪਸ ਕਰ ਦੇਂਗੇ...।'' ਬੰਗਾਲਣ ਨੇ ਕੁੜੀ ਦੀ ਕੁਆਲਟੀ ਦੱਸੀ।

''ਚੰਗਾ ਫੇਰ...। ਆਹ ਫੜ ਬਾਰਾਂ ਸੌ ਰੁਪਏ...। ਇਦੋਂ ਵੱਧ ਇਕ ਪੈਸਾ ਨ੍ਹੀਂ...।'' ਮੱਘਰ ਸਿੰਘ ਨੇ ਸੌ ਸੌ ਦੇ ਬਾਰਾਂ ਨੋਟ ਜੇਬ 'ਚੋਂ ਕੱਢ ਕੇ ਉਸ ਵੱਲ ਵਧਾਏ।

ਮਾਲਕਣ ਨੇ ਨੱਕ ਵੱਟਦੀ ਨੇ ਪੈਸੇ ਫੜ ਲਏ ਤੇ ਲੱਛਮੀ ਦਾ ਰੱਸਾ ਮੱਘਰ ਸਿੰਘ ਨੂੰ ਫੜਾ ਦਿੱਤਾ। ਇਹ ਸੌਦਾ ਲਛਮੀ ਦੇ ਸਾਹਮਣੇ ਹੀ ਹੋਇਆ ਸੀ।

ਤੇ ਹੁਣ ਉਹ ਉਸ ਨਾਲ ਰਹਿ ਰਹੀ ਸੀ ਕੁਝ ਦੇਰ ਲਈ, ਫੇਰ ਉਹ ਉਸ ਨੂੰ ਵਾਪਸ ਛੱਡ ਆਵੇਗਾ। ਫੇਰ ਕੋਈ ਹੋਰ ਆਵੇਗਾ, ਉਸ ਦੇ ਪੈਸੇ ਦੇਵੇਗਾ ਤੇ ਉਸ ਨੂੰ ਲੈ ਜਾਵੇਗਾ। ਇਸ ਤਰ੍ਹਾਂ ਉਸ ਦੇ ਸੌਦੇ ਹੁੰਦੇ ਰਹਿਣਗੇ। ਸੋਚ ਸੋਚ ਕੇ ਪਤਾ ਨਹੀਂ ਕਦੋਂ ਰਾਤ ਲੰਘ ਗਈ ਤੇ ਲਛਮੀ ਨੇ ਅੱਖ ਵੀ ਨਾ ਝਪਕੀ।

ਦਿਨ ਚੜ੍ਹਿਆ ਤੇ ਮੱਘਰ ਸਿੰਘ ਟਰੱਕ ਲੈ ਕੇ ਬਾਹਰ ਚਲਿਆ ਗਿਆ।

ਗਿਆਰ੍ਹਾਂ ਕੁ ਵਜੇ ਕਿਸੇ ਨੇ ਮੱਘਰ ਸਿੰਘ ਦਾ ਨਾਂ ਲੈ ਕੇ ਆਵਾਜ਼ ਮਾਰੀ। ਲੱਛਮੀ ਅੱਧ ਸੁਤੀ ਜਿਹੀ ਉੱਠ ਕੇ ਬਾਹਰ ਆ ਗਈ। ਸਾਹਮਣੇ ਚਿੱਟੀ ਦਾੜ੍ਹੀ ਵਾਲਾ ਕੋਈ ਬਜ਼ੁਰਗ ਖੜ੍ਹਾ ਸੀ। ''ਕੌਣ ਹੈਂ ਆਪ...?'' ਲੱਛਮੀ ਹੈਰਾਨ ਹੋ ਗਈ, ਅੱਜ ਪਹਿਲੀ ਵਾਰੀ ਕੋਈ ਇਸ ਘਰ ਵਿਚ ਆਇਆ ਸੀ।

''ਮੱਘਰ ਸਿੰਘ ਕਿੱਥੇ ਐ...?'' ਬਜ਼ੁਰਗ ਅੱਗੇ ਲੰਘ ਆਇਆ।

''ਵੋਹ ਤੋ ਕਾਮ ਪਰ ਗਏ ਹੈਂ...।'' ਉਹ ਸਮਝ ਗਈ ਕੋਈ ਮੱਘਰ ਸਿੰਘ ਦੀ ਜਾਣ ਪਛਾਣ ਵਾਲਾ ਹੈ।

''ਮੈਂ ਉਸ ਦਾ ਬਾਪੂ ਜੀ ਹਾਂ ਨਿਹਾਲ ਸਿੰਘ,....ਮਿਲਣ ਆਇਆਂ ਉਸ ਨੂੰ...।'' ਬਜ਼ੁਰਗ ਨੇ ਹੱਥ 'ਚ ਫੜਿਆ ਝੋਲਾ, ਵਿਹੜੇ 'ਚ ਪਈ ਮੰਜੀ 'ਤੇ ਰੱਖ ਦਿੱਤਾ।

ਲੱਛਮੀ ਦੇ ਅੱਧੀ ਕੁ ਗੱਲ ਸਮਝ ਆਈ ਪਰ ਉਸ ਨੇ ਹਾਂ 'ਚ ਸਿਰ ਹਿਲਾਇਆ। ਬਜ਼ੁਰਗ ਉਥੇ ਵਿਹੜੇ 'ਚ ਹੀ ਮੰਜੇ 'ਤੇ ਬੈਠ ਗਿਆ।

ਲੱਛਮੀ ਉਸ ਲਈ ਚਾਹ ਬਣਾ ਲਿਆਈ। ਉਸ ਦੇ ਨਹਾਉਣ ਲਈ ਪਾਣੀ ਗਰਮ ਕਰ ਦਿੱਤਾ ਤੇ ਧੋਤਾ ਹੋਇਆ ਪਰਣਾ ਉਸ ਨੂੰ ਪਿੰਡਾ ਪੂੰਝਣ ਨੂੰ ਦੇ ਦਿੱਤਾ। ਬਜ਼ੁਰਗ ਦੁਪਹਿਰੇ

ਖਾ ਪੀ ਕੇ ਸੌਂ ਗਿਆ ਤੇ ਲੱਛਮੀ ਆਪਣੇ ਕੰਮ ਧੰਦਿਆਂ ਵਿਚ ਲੱਗ ਗਈ।

ਰਾਤ ਹੋਈ, ਮੱਘਰ ਸਿੰਘ ਘਰ ਆਇਆ। ਬਾਪੂ ਨੂੰ ਦੇਖ ਕੇ ਹੈਰਾਨ ਰਹਿ ਗਿਆ। ਉਸ ਨੂੰ ਗੱਲ ਨਾ ਸੁੱਝੀ ਕਿ ਕੀ ਕਹੇ। ਮੂੰਹ ਜਿਹਾ ਛੁਪਾ ਕੇ ਉਹ ਅੰਦਰ ਲੰਘ ਗਿਆ। ਨਿਹਾਲ ਸਿੰਘ ਬਗੈਰ ਕੁਝ ਕਹੇ ਸੁਣੇ ਹੀ ਬਹੁਤ ਕੁਝ ਸਮਝ ਗਿਆ। ਜਵਾਨ ਪੁੱਤ ਨੂੰ ਕੀ ਕਹੇ?

ਦਿਨ ਚੜ੍ਹਿਆ, ਮੱਘਰ ਮੂੰਹ ਹਨੇਰੇ ਹੀ ਉੱਠ ਕੇ ਕੰਮ 'ਤੇ ਚਲਾ ਗਿਆ, ਬਾਪ ਦੇ ਮੱਥੇ ਵੀ ਨਹੀਂ ਲੱਗਿਆ। ਇਸ ਤਰ੍ਹਾਂ ਦੋ ਤਿੰਨ ਦਿਨ ਲੰਘ ਗਏ। ਬਾਪੂ ਘਰ ਰਹਿੰਦਾ, ਲੱਛਮੀ ਸਾਰਾ ਦਿਨ ਉਸ ਦੀ ਸੇਵਾ 'ਚ ਲੱਗੀ ਰਹਿੰਦੀ। ਉਸ ਦੇ ਕੱਪੜੇ ਧੋਂਦੀ, ਰੋਟੀ ਬਣਾ ਕੇ ਖਿਲਾਉਂਦੀ ਤੇ ਹੋਰ ਨਿੱਕ ਸੁੱਕ ਕਰਦੀ ਰਹਿੰਦੀ।

ਜਿੱਦਣ ਦਾ ਬਾਪੂ ਆਇਆ ਸੀ, ਮੱਘਰ ਸਿੰਘ ਸ਼ਰਾਬ ਪੀ ਕੇ ਘਰ ਨਹੀਂ ਆਇਆ ਸੀ। ਤੇ ਨਾ ਹੀ ਉਹ ਲੱਛਮੀ ਨਾਲ ਬੋਲਿਆ ਸੀ। ਲੱਛਮੀ ਵੀ ਡਰੀ ਡਰੀ ਜਿਹੀ ਫਿਰਦੀ ਸੀ। ਭਾਵੇਂ ਉਸ ਨੂੰ ਪੰਜਾਬੀ ਕਲਚਰ ਬਾਰੇ ਜ਼ਿਆਦਾ ਪਤਾ ਨਹੀਂ ਸੀ, ਪਰ ਫੇਰ ਵੀ ਉਹ ਬਾਪੂ ਸਾਹਮਣੇ ਸਿਰ ਢਕ ਕੇ ਰੱਖਦੀ, ਅੱਖਾਂ ਝੁਕਾ ਕੇ ਗੱਲ ਕਰਦੀ ਤੇ ਮੱਘਰ ਸਿੰਘ ਨੂੰ ਨਾ ਬੁਲਾਉਂਦੀ। ਅਜੀਬ ਜਿਹੀ ਚੁੱਪ ਚਾਰੇ ਪਾਸੇ ਵਰਤ ਗਈ ਸੀ।

ਮੱਘਰ ਸਿੰਘ ਦੀ ਚੁੱਪ ਤੇ ਸ਼ਰਮ ਦਾ ਕਾਰਨ ਹੋਰ ਸੀ। ਇਹ ਉਦੋਂ ਦੀ ਗੱਲ ਹੈ ਜਦੋਂ ਉਹ ਥਾਣੇਦਾਰ ਹੁੰਦਾ ਸੀ। ਆਪਣੇ ਨਾਲ ਕੰਮ ਕਰਦੇ ਇਕ ਦੋਸਤ ਕਰਮ ਸਿੰਘ ਨਾਲ ਉਸ ਦੀ ਚੰਗੀ ਯਾਰੀ ਸੀ। ਕਰਮ ਸਿੰਘ ਨੂੰ ਕਿਸੇ ਮੁੱਕਦਮੇ 'ਚ ਪੈਸੇ ਦੀ ਲੋੜ ਸੀ। ਤੇ ਮੱਘਰ ਸਿੰਘ ਨੇਂ ਬਿਨਾਂ ਬਾਪ ਨੂੰ ਪੁੱਛਿਆਂ ਦੱਸਿਆਂ ਆਪਣੇ ਨਾਂ ਲੱਗੀ ਜ਼ਮੀਨ ਗਹਿਣੇ ਧਰੀ ਤੇ ਸੱਤਰ ਹਜ਼ਾਰ ਰੁਪਿਆ ਲੈ ਕੇ ਕਰਮ ਸਿੰਘ ਨੂੰ ਦੇ ਦਿੱਤਾ। ਕਰਮ ਸਿੰਘ ਨੇ ਵੀ ਸ਼ਰਾਬ ਦੇ ਨਸ਼ੇ 'ਚ ਆਪਣੀ ਭੈਣ ਦਾ ਰਿਸ਼ਤਾ ਥਾਣੇਦਾਰ ਮੱਘਰ ਸਿੰਘ ਨਾਲ ਪੱਕਾ ਕਰ ਦਿੱਤਾ।

ਜ਼ਮੀਨ ਗਹਿਣੇ ਧਰਨ ਦੀ ਗੱਲ ਨਿਹਾਲ ਸਿੰਘ ਤਕ ਵੀ ਪਹੁੰਚ ਗਈ। ਉਸ ਨੂੰ ਯਕੀਨ ਨਾ ਆਇਆ।

''ਆਹ ਮੈਂ ਕੀ ਸੁਣਿਐ ਮੱਘਰਾ?'' ਬਾਪੂ ਨੇ ਉਸ ਨੂੰ ਕੋਲ ਬਿਠਾ ਕੇ ਪੁੱਛਿਆ।

''ਕੋਈ ਖਾਸ ਗੱਲ ਨ੍ਹੀਂ ਬਾਪੂ ਜੀ, ਸਮਝੋਤਾ ਹੋਇਐ ਮੇਰਾ ਕਰਮੇ ਨਾਲ। ਜਦੋਂ ਉਹਦਾ ਮਕਾਨ ਵਿਕ ਗਿਆ ਉਹ ਮੇਰੇ ਪੈਸੇ ਮੋੜ ਦੂਗਾ, ਫੇਰ ਆਪਾਂ ਜ਼ਮੀਨ ਛੁਡਾ ਲਾਂਗੇ।'' ਉਹ ਪੂਰੇ ਵਿਸ਼ਵਾਸ ਨਾਲ ਬੋਲਿਆ।

''ਸਮਝੌਤੇ ਤੇ ਸੌਦੇ 'ਚ ਕੋਈ ਜ਼ਿਆਦਾ ਫਰਕ ਨ੍ਹੀਂ ਹੁੰਦਾ ਮੱਘਰਾ, ਦੋਵੇਂ ਇਕੋ ਚੀਜ਼ ਦੇ ਦੋ ਨਾਂ ਨੇ। ਕਈ ਵਾਰੀ ਬੰਦਾ ਸਮਝੌਤਾ ਕਰਦੈ ਤੇ ਕਈ ਵਾਰੀ ਸੌਦਾ, ਗੱਲ ਉਹੀ ਐ। ਮੈਨੂੰ ਨਹੀਂ ਲੱਗਦਾ ਤੂੰ ਏਸ ਸੌਦੇ 'ਚ ਕੁਸ ਖੱਟੇਂਗਾ।'' ਬਾਪੂ ਦੁਖੀ ਆਵਾਜ਼ 'ਚ ਬੋਲਿਆ।

''ਐਂ ਕਿਉਂ ਸੋਚਦੇ ਹੋ ਬਾਪੂ ਜੀ ਤੁਸੀਂ? ਮੇਰਾ ਦੋਸਤ ਐ। ਕੋਈ ਗ਼ੈਰ ਥੋੜ੍ਹੀ ਐ?'' ਉਸ ਦੇ ਜਵਾਨ ਖ਼ੂਨ ਤੋਂ ਦੋਸਤ ਦੀ ਨਿੰਦਿਆ ਸਹਾਰੀ ਨਾ ਗਈ।

''ਕਿਹੜੇ ਦੋਸ਼ਤ ਤੇ ਕਿਹੜੀ ਦੋਸਤੀ? ਸਭ ਜੇਬ ਕਤਰੇ ਨੇ। ਜਿੰਨੀ ਦੇਰ ਤੇਰੀ ਜੇਬ 'ਚ ਪੈਸੇ ਨੇ, ਏਨ੍ਹਾਂ ਦੀ ਦੋਸਤੀ ਕ਼ੈਮ ਐ। ਜਿੱਦਣ ਪੈਸੇ ਮੁੱਕਗੇ ਦੋਸਤੀ ਵੀ ਮੁੱਕਜੂਗੀ। ਮੈਂ ਵੀ ਦਾੜ੍ਹੀ ਧੁੱਪੇ ਨ੍ਹੀਂ ਚਿੱਟੀ ਕੀਤੀ, ਬੰਦੇ ਹੀ ਪੜ੍ਹੇ ਨੇ ਸਾਰੀ ਉਮਰ।'' ਬਾਪੂ ਨੂੰ ਵੀ ਗੁੱਸਾ

ਆ ਗਿਆ ਸੀ।

''ਐਂ ਕਿਵੇਂ ਮੁੱਕਜੂ? ਕੁੜੀ ਦਾ ਰਿਸ਼ਤਾ ਦਿੱ'ਤੈ ਅਗਲਿਆਂ ਨੇ...।'' ਮੱਘਰ ਸਿੰਘ ਹੁੱਬ ਕੇ ਬੋਲਿਆ।

''ਕਿਹੜੀ ਕੁੜੀ ਦਾ ਰਿਸ਼ਤਾ...?'' ਨਿਹਾਲ ਸਿੰਘ ਨੂੰ ਸਮਝ ਨਾ ਆਈ।

''ਆਪਣੀ ਭੈਣ ਲਈ ਰੁਪਈਆ ਫੜਾਇਆ ਕਰਮੇ ਨੇ ਮੇਰੇ ਵਾਸਤੇ...।'' ਮੱਘਰ ਨੇ ਅੱਖਾਂ ਨੀਵੀਆਂ ਪਾ ਲਈਆਂ।

''ਤੇ ਤੂੰ ਫੜ ਲਿਆ? ਮੈਨੂੰ ਬਗੈਰ ਪੁੱਛੇ ਦੱਸੇ?'' ਨਿਹਾਲ ਸਿੰਘ ਗੁੱਸੇ ਨਾਲ ਕੰਬ ਰਿਹਾ ਸੀ।

''ਉਹ ਤਾਂ ਮੈਂ ਥੋਨੂੰ ਦੱਸਣਾ ਸੀ ਬਾਪੂ ਜੀ...।'' ਮੱਘਰ ਸਿੰਘ ਨੂੰ ਸਮਝ ਨਾ ਆਈ ਕਿ ਗੱਲ ਕਿਵੇਂ ਸੰਭਾਲੇ।

''ਹੁਣ ਤੂੰ ਕੀ ਦੱਸੇਂਗਾ ਜਣਦਿਆਂ ਦਾ ਸਿਰ? ਮੇਰੀ ਬੱਗੀ ਦਾੜ੍ਹੀ 'ਚ ਸੁਆਹ ਪਾ'ਤੀ ਤੂੰ ਮੱਘਰਾ। ਵੀਹ ਸਾਲ ਹੋਗੇ ਤੇਰੀ ਮਾਂ ਮਰੀ ਨੂੰ ਪਰ ਮੈਂ ਤੈਨੂੰ ਕਦੇ ਪਤਾ ਨਾ ਲੱਗਣ ਦਿੱਤਾ। ਪਰ ਅੱਜ ਤੂੰ ਮੈਨੂੰ ਦੱਸ'ਤਾ ਬੀ ਤੇਰੀ ਮਾਂ ਮਰੀ ਹੋਈ ਐ...।'' ਨਿਹਾਲ ਸਿੰਘ ਦਾ ਗਲਾ ਭਰ ਆਇਆ।

''ਨਹੀਂ ਬਾਪੂ ਜੀ...।''

''ਬੱਸ ਜ਼ਿਆਦਾ ਗੱਲ ਨਾ ਕਰ ਮੇਰੇ ਨਾਲ। ਦੇਖੂੰ ਜਦੋਂ ਰਿਸ਼ਤਾ ਪੂਰ ਚੜ੍ਹਜੂ।'' ਆਖ ਕੇ ਨਿਹਾਲ ਸਿੰਘ ਉਥੋਂ ਉੱਠ ਖੜ੍ਹਾ ਹੋਇਆ।

ਉਹੀ ਹੋਈ ਜੋ ਨਿਹਾਲ ਸਿੰਘ ਨੇ ਕਹੀ ਸੀ। ਜਦੋਂ ਮੱਘਰ ਸਿੰਘ 'ਤੇ ਰਿਸ਼ਵਤ ਦਾ ਕੇਸ ਬਣਿਆ ਤਾਂ ਕਰਮੇ ਦੀ ਦੋਸਤੀ ਦਾ ਸੱਚ ਵੀ ਨੰਗਾ ਹੋ ਗਿਆ। ਮੱਘਰ ਸਿੰਘ ਆਪਣੇ ਘਰ ਬੈਠਾ ਸਕੀਮਾਂ ਲੜਾ ਰਿਹਾ ਸੀ ਕਿ ਜਾ ਕੇ ਕਰਮੇ ਨੂੰ ਮਿਲੇ ਤੇ ਆਪਣੇ ਪੈਸੇ ਵਾਪਸ ਲੈ ਕੇ ਮੁਕੱਦਮਾ ਲੜੇ। ਪਰ ਉਸ ਦੇ ਜਾਣ ਤੋਂ ਪਹਿਲਾਂ ਹੀ ਕਰਮਾ ਖੁਦ ਉਸ ਕੋਲ ਆ ਗਿਆ।

''ਆ ਬਈ ਕਰਮਿਆ, ਮੈਂ ਤੈਨੂੰ ਈ ਯਾਦ ਕਰ ਰਿਹਾ ਸੀ...।'' ਮੱਘਰ ਸਿੰਘ ਨੇ ਹੌਂਸਲੇ ਨਾਲ ਕਿਹਾ।

''ਹਾਂ ਬਈ...ਕਿਵੇਂ ਤਕੜੈਂ?'' ਕਰਮੇ ਨੇ ਢਿੱਲੀ ਜਿਹੀ ਆਵਾਜ਼ 'ਚ ਕਿਹਾ।

''ਤਾਕੜਾ ਤੁਕੜਾ ਤਾਂ ਕਾਹਦਾਂ, ਤੈਨੂੰ ਪਤਾ ਈ ਐ ਕੇਸ ਬਣ ਗਿਐ ਮੇਰੇ 'ਤੇ...। ਪੈਸੇ ਚਾਹੀਦੇ ਸੀ ਹੁਣ...ਸੋਚਦਾ ਸੀ ਤੇਰੇ ਨਾਲ ਗੱਲ ਕਰਾਂ...।'' ਮੱਘਰ ਨੇ ਮੁੱਕਦੀ ਗੱਲ ਕੀਤੀ।

''ਉਹ ਪੈਸੇ ਤਾਂ...। ਹਾਲੇ ਤਾਂ ਕੋਈ ਪ੍ਰਬੰਧ ਨ੍ਹੀਂ ਹੋ ਸਕਦਾ। ਘਰ ਪਹਿਲਾਂ ਹੀ ਗਹਿਣੇ ਧਰਿਆ ਹੋਇਐ। ਪਤਾ ਨ੍ਹੀਂ ਕਦੋਂ ਵਿਕੂ...।'' ਕਰਮੇ ਨੇ ਗੋਲ ਜਿਹੀ ਗੱਲ ਕੀਤੀ।

''ਪਰ ਮੈਨੂੰ ਤਾਂ ਹੁਣ ਪੈਸਿਆਂ ਦੀ ਲੋੜ ਐ ਕਰਮਿਆਂ...। ਮੈਂ ਵੀ ਕਿਸੇ ਵੇਲੇ ਤੇਰਾ ਕੰਮ ਸਾਰਿਆ ਸੀ।'' ਉਹ ਘਬਰਾ ਗਿਆ।

''ਠੀਕ ਐ...ਪਰ ਜਦੋਂ ਹੁਣ ਹਈ ਨੀਂ ਤਾਂ ਮੈਂ ਕਿਥੋਂ ਹਰੇ ਕਰਦਾਂ?'' ਕਰਮੇ ਨੇ ਬੇਵਸੀ ਜਿਹੀ ਜਤਾਈ।

''ਮੈਂ ਹੁਣ ਤੈਨੂੰ ਕੀ ਕਹਾਂ ਕਰਮਿਆਂ, ਰਿਸ਼ਤੇਦਾਰੀ ਦਾ ਕੰਮ ਐ।'' ਮੱਘਰ ਸਿੰਘ ਨੇ ਮੱਥੇ 'ਤੇ ਹੱਥ ਫੇਰਿਆ।

ਕਰਮਾ ਦੋ ਕੁ ਪਲ ਚੁੱਪ ਰਿਹਾ।

''ਮੈਂ ਵੀ ਤੇਰੇ ਨਾਲ ਰਿਸ਼ਤੇਦਾਰੀ ਦੀ ਹੀ ਗੱਲ ਕਰਨ ਆਇਆ ਸੀ ਯਾਰ...।'' ਕਰਮੇ ਨੇ ਡੂੰਘਾ ਸਾਹ ਲਿਆ।

''ਕੀ ਗੱਲ?'' ਮੱਘਰ ਦਾ ਮੱਥ ਠਣਕਿਆ।

''ਉਹ ਯਾਰ...ਸਾਡੀ ਕੁੜੀ ਨੀਂ ਮੰਨਦੀ ਵਿਆਹ ਨੂੰ...।'' ਕਰਮੇ ਨੇ ਗੱਲ ਵਿਚਾਲੇ ਹੀ ਛੱਡ ਦਿੱਤੀ।

''ਕਿਉਂ ਕੁੜੀ ਨੂੰ ਸੱਪ ਸੁੰਘ ਗਿਆ?'' ਮੱਘਰ ਦੇ ਜਿਵੇਂ ਕਿਸੇ ਨੇ ਸਿਰ 'ਚ ਇੱਟ ਮਾਰੀ ਸੀ।

''ਕਾਹਨੂੰ...। ਪੜ੍ਹਿਆ ਲਿਖਿਆ ਜ਼ਮਾਨਾ ਐ ਭਾਈ। ਕੋਈ ਭੇਡ ਬੱਕਰੀ ਥੋੜ੍ਹੀ ਐ, ਬਈ ਰੱਸਾ ਤੇਰੇ ਹੱਥ ਫੜਾ ਦਾਂਗੇ...।'' ਕਰਮੇ ਨੇ ਬੇਰੁਖੀ ਨਾਲ ਕਿਹਾ।

''ਜਦੋਂ ਉਸ ਨੂੰ ਬਗੈਰ ਪੁੱਛੇ ਮੰਗਣਾ ਕੀਤਾ ਸੀ ਉਦੋਂ ਉਹ ਭੇਡ ਬੱਕਰੀ ਸੀ?'' ਮੱਘਰ ਸਿੰਘ ਦੇ ਗੁੱਸੇ ਨਾਲ ਹੱਥ ਪੈਰ ਕੰਬ ਰਹੇ ਸੀ।

''ਉਹ ਤਾਂ ਮਜ਼ਾਕ ਦੀ ਗੱਲ ਸੀ ਮੱਘਰਾ...।'' ਕਰਮਾ ਹੱਸਿਆ।

''ਮਜ਼ਾਕ? ਇਹੋ ਜ੍ਹੇ ਮਜ਼ਾਕ ਕਰਦੇ ਓਂ ਤੁਸੀਂ ਲੋਕਾਂ ਨਾਲ?'' ਮੱਘਰ ਨੂੰ ਆਪਣੇ ਕੰਨਾਂ 'ਤੇ ਯਕੀਨ ਨਾ ਆਇਆ।

''ਉਦੋਂ ਗੱਲ ਹੋਰ ਸੀ ਮੱਘਰਾ। ਉਦੋਂ ਤੂੰ ਥਾਣੇਦਾਰ ਸੀ ਤੇ ਹੁਣ...।''

''ਤਾਂ ਰਿਸ਼ਤਾ ਥਾਣੇਦਾਰੀ ਨੂੰ ਸੀ; ਮੱਘਰ ਸਿੰਘ ਨੂੰ ਨੀਂ...।'' ਮੱਘਰ ਸਿੰਘ ਨੇ ਖੂਨ ਦੇ ਘੁੱਟ ਭਰੇ।

''ਰਿਸ਼ਤਿਆਂ ਦੀ ਗੱਲ ਛੱਡ ਮੱਘਰਾ...। ਆਪਣੀ ਦੋਸਤੀ ਪੱਕੀ ਐ...।'' ਕਰਮਾ ਉਸ ਨੂੰ ਠੰਡਾ ਕਰਨਾ ਚਾਹੁੰਦਾ ਸੀ।

''ਦੋਸਤੀ ਦਾ ਮਤਲਬ ਲੋਕਾਂ ਦੀਆਂ ਜੇਬਾਂ ਕੱਟਣਾ ਨ੍ਹੀਂ ਹੁੰਦਾ ਕਰਮਿਆਂ। ਦੋਸਤੀ ਦੇ ਕਾਬਲ ਨ੍ਹੀਂ ਐਂ ਤੂੰ...। ਲਾਹਣਤ ਐ ਇਹੋ ਜ੍ਹੀ ਦੋਸਤੀ 'ਤੇ'' ਮੱਘਰ ਸਿੰਘ ਨੇ ਇਕ ਇਕ ਲਫਜ਼ 'ਤੇ ਜ਼ੋਰ ਦੇ ਕੇ ਕਿਹਾ।

''ਮਖਾਂ ਮੇਰੀ ਗੱਲ ਤਾਂ ਸੁਣ...।''

''ਕਹਿਣ ਸੁਣਨ ਨੂੰ ਕੁਸ ਨ੍ਹੀਂ ਰਹਿ ਗਿਆ ਕਰਮਿਆਂ। ਜਿੰਨਾ ਤੂੰ ਮੈਨੂੰ ਚੋਣਾ ਸੀ ਚੋਅ ਲਿਆ। ਇਥੋਂ ਦਫਾ ਹੋ ਜਾ...ਮੇਰੇ ਹੱਥੋਂ ਕੋਈ ਬੁਰੀ ਨਾ ਹੋ ਜੇ।'' ਮੱਘਰ ਉੱਠ ਕੇ ਖੜ੍ਹਾ ਹੋ ਗਿਆ।

''ਮੈਂ ਤੇਰਾ ਦੋਸਤ ਆਂ ਯਾਰ...ਕੁਸ ਤਾਂ ਸੋਚ...।'' ਕਰਮਾ ਟੁੱਟੀਆਂ ਗੰਢ ਰਿਹਾ ਸੀ।

''ਏਸ ਦੋਸਤੀ ਨਾਲੋਂ ਤਾਂ ਦੁਸ਼ਮਣ ਚੰਗਾ ਜਿਹਦਾ ਥੋਨੂੰ ਪਤਾ ਤਾਂ ਹੁੰਦੈ...।'' ਆਖ ਕੇ ਮੱਘਰ ਸਿੰਘ ਕਰਮੇ ਨੂੰ ਉਥੇ ਹੀ ਬੈਠਾ ਛੱਡ ਕੇ ਚਲਾ ਗਿਆ।

ਉਸ ਦਿਨ ਤੋਂ ਬਾਅਦ ਮੱਘਰ ਸਿੰਘ ਮੁੜ ਕੇ ਕਦੇ ਕਰਮੇ ਨੂੰ ਨਾ ਮਿਲਿਆ। ਨਾ ਪੈਸੇ ਮੰਗੇ ਤੇ ਨਾ ਦੋਸਤੀ ਜਾਂ ਰਿਸ਼ਤੇ ਦੀ ਗੱਲ ਹੀ ਕੀਤੀ। ਮਰੇ ਹੋਏ ਰਿਸ਼ਤੇ ਤੇ ਮਰੇ ਹੋਏ ਪੈਸਿਆਂ 'ਤੇ ਹਮੇਸ਼ਾ ਲਈ ਮਿੱਟੀ ਪਾ ਦਿੱਤੀ ਉਸ ਨੇ।

ਕਹਿੰਦੇ ਨੇ ਵਿਆਹ ਟੁੱਟੇ ਤਾਂ ਟੁੱਟ ਜਾਵੇ ਕਿਸੇ ਦਾ, ਪਰ ਮੰਗ ਨਾ ਟੁੱਟੇ। ਜਿਵੇਂ ਬੰਦਾ ਅੱਧ ਵਿਚਾਲਿਉਂ ਟੁੱਟ ਜਾਂਦਾ ਹੈ ਤੇ ਇਹ ਜ਼ਖਮ ਮੁੜ ਕੇ ਸਾਰੀ ਉਮਰ ਨਹੀਂ ਭਰਦੇ।

ਰਿਸ਼ਤਾ ਟੁੱਟਣ ਦਾ ਦੁੱਖ ਮੱਘਰ ਸਿੰਘ ਤੋਂ ਝੱਲਿਆ ਨਾ ਗਿਆ। ਘਰ ਬਾਰ ਛੱਡ ਕੇ ਬਿਨਾਂ ਕਿਸੇ ਨੂੰ ਦੱਸੇ ਪੁੱਛੇ ਉਹ ਲੁਧਿਆਣੇ ਆ ਗਿਆ। ਨੌਕਰੀ ਤਾਂ ਗਈ ਹੀ ਸੀ ਪਰ ਜਿਸ ਨੌਕਰੀ ਵਾਸਤੇ ਉਹ ਮੁਕੱਦਮੇ ਲੜਨ ਦੀ ਸੋਚ ਰਿਹਾ ਸੀ, ਉਸ ਨੌਕਰੀ ਦਾ ਖਿਆਲ ਹੀ ਛੱਡ ਦਿੱਤਾ ਉਸ ਨੇ।

ਜਿਸ ਸੇਠ ਕੋਲ ਜ਼ਮੀਨ ਗਹਿਣੇ ਰੱਖੀ ਸੀ, ਉਸ ਕੋਲ ਹਿਸਾਬ ਕਿਤਾਬ ਕਰਨ ਗਿਆ। ਸੇਠ ਨੇ ਪੈਸਾ ਧੇਲਾ ਤਾਂ ਨਾ ਦਿੱਤਾ ਪਰ ਮੱਘਰ ਸਿੰਘ ਨੂੰ ਟਰੱਕ ਡਰਾਈਵਰੀ ਦੀ ਨੌਕਰੀ ਦੇ ਦਿੱਤੀ। ਹੁਣ ਉਹ ਸੇਠ ਦਾ ਮਾਲ ਲੈ ਕੇ ਮਹੀਨੇ 'ਚ ਦੋ ਵਾਰੀ ਕਲਕੱਤੇ ਜਾਂਦਾ। ਟਰੱਕ ਡਰਾਈਵਰਾਂ ਨਾਲ ਦੋਸਤੀ ਪੈ ਗਈ ਉਸਦੀ। ਸ਼ਰਾਬ ਪਹਿਲਾਂ ਵੀ ਪੀਂਦਾ ਸੀ, ਹੁਣ ਹਰ ਵੇਲੇ ਡੱਕਿਆ ਰਹਿੰਦਾ। ਔਰਤ ਜਾਤ ਤੋਂ ਨਫਰਤ ਹੋ ਗਈ ਉਸ ਨੂੰ। ਹਰ ਰੋਜ਼ ਨਵੀਂ ਕੁੜੀ ਲਿਆਉਂਦਾ, ਵੇਸਵਾਵਾਂ ਦੇ ਕੋਠਿਆਂ 'ਤੇ ਜਾਂਦਾ ਤੇ ਰੱਜ ਕੇ ਬਦਮਾਸ਼ੀ ਕਰਦਾ। ਸਾਰੀ ਸ਼ਰਮ ਹਯਾ ਘੋਲ ਕੇ ਪੀ ਗਿਆ ਸੀ ਉਹ। ਉਸ ਦੇ ਦੋਸਤ ਹਾਲੇ ਵੀ ਉਸ ਨੂੰ ਥਾਣੇਦਾਰ ਕਹਿ ਕੇ ਹੀ ਸੱਦਦੇ। ਆਪਣੇ ਟਰੱਕ ਦੀ ਡਰਾਈਵਿੰਗ ਸੀਟ ਪਿੱਛੇ ਉਸ ਨੇ 'ਥਾਣੇਦਾਰ' ਲਿਖਵਾ ਲਿਆ ਸੀ।

ਦੁਨੀਆਂ ਸਾਹਮਣੇ ਭਾਵੇਂ ਮੱਘਰ ਸਿੰਘ ਬਦਮਾਸ਼ ਸੀ, ਪਰ ਬਾਪ ਸਾਹਮਣੇ ਉਹ ਅੱਖ ਨਹੀਂ ਚੁੱਕਦਾ ਸੀ। ਤੇ ਹੁਣ ਜਦੋਂ ਬਾਪੂ ਅਚਾਨਕ ਹੀ ਆ ਗਿਆ ਤਾਂ ਮੱਘਰ ਸਿੰਘ ਉਸ ਤੋਂ ਕੰਨੀ ਕਤਰਾਉਂਦਾ ਫਿਰਦਾ ਸੀ।

ਇਕ ਦਿਨ ਬਾਪੂ ਅੱਧੀ ਰਾਤ ਤੱਕ ਮੱਘਰ ਸਿੰਘ ਦੀ ਉਡੀਕ ਕਰਦਾ ਰਿਹਾ। ਉਹ ਟਰੱਕ ਲੈ ਕੇ ਆਇਆ ਤਾਂ ਨਿਹਾਲ ਸਿੰਘ ਨੇ ਉਸ ਨੂੰ ਦਰਵਾਜ਼ੇ 'ਚ ਹੀ ਘੇਰ ਲਿਆ।

''ਮੈਂ ਤੇਰੇ ਨਾਲ ਇਕ ਗੱਲ ਕਰਨੀ ਐਂ ਮੱਘਰਾ...।'' ਬਾਪੂ ਨੇ ਸਖਤ ਆਵਾਜ਼ 'ਚ ਕਿਹਾ।

''ਚੰਗਾ ਬਾਪੂ ਜੀ...।'' ਮੱਘਰ ਸਿੰਘ ਸਿਰ ਸੁੱਟ ਕੇ ਪਿਓ ਦੇ ਮਗਰ ਹੀ ਤੁਰ ਪਿਆ।

''ਆਹ ਕੁੜੀ ਲੱਛੀ ਮੈਨੂੰ ਤਾਂ ਚੰਗੀ ਲੱਗੀ।'' ਫੇਰ ਉਹ ਪੁੱਤ ਦੇ ਚਿਹਰੇ ਵੱਲ ਦੋ ਪਲ ਦੇਖਦਾ ਰਿਹਾ।

''ਤੂੰ ਵਿਆਹ ਕਰਵਾ ਲਿਆ ਏਹਦੇ ਨਾਲ ਕਚਹਿਰੀ 'ਚ ਜਾਂ ਹਾਲੇ ਮੰਗਣਾ ਹੀ ਹੋਇਐ..?'' ਬਾਪੂ ਨੇ ਉਹਦੇ ਦੂਹਰੀ ਸੱਟ ਮਾਰੀ।

''ਇਹ ਤਾਂ ਐਵੇਂ ਹੀ ਆਗੀ ਬਾਪੂ ਜੀ। ਗਰੀਬ ਘਰ ਦੀ ਐ, ਮਾਂ ਬਾਪ ਹੈ ਨੀਂ ਏਸ ਦੇ...। ਮੈਂ ਸੋਚਿਆ, ਲੁਧਿਆਣੇ ਕਿਸੇ ਹੌਜ਼ਰੀ 'ਚ ਲਵਾ ਦੂੰਗਾ ਏਸ ਨੂੰ।'' ਮੱਘਰ ਸਿੰਘ ਨੇ ਸਿੱਧਾ ਝੂਠ ਬੋਲਿਆ।

''ਮੈਨੂੰ ਪਤੈ ਤੂੰ ਥਾਣੇਦਾਰ ਰਿਹੈਂ...। ਪਰ ਪਿਓ ਨਾਲ ਚਤਰਾਈਆਂ ਨਾ ਕਰ...।'' ਨਿਹਾਲ ਸਿੰਘ ਨੂੰ ਵਿਹੁ ਜਿਹਾ ਚੜ੍ਹਿਆ।

''ਨਾ ਬਾਪੂ ਜੀ...।'' ਉਹ ਡਰ ਗਿਆ।

''ਮੱਘਰਾ, ਕਈ ਬੰਦੇ ਚਤਰਾਈਆਂ ਨੂੰ ਹੀ ਕਾਮਯਾਬੀਆਂ ਸਮਝਦੇ ਨੇ...। ਉਥੇ ਜੇ ਚਲਾਕੀ ਕਰ ਲੀ, ਏਥੇ ਜੇ ਕਿਸੇ ਨੂੰ ਬੁੱਧੂ ਬਣਾ ਲਿਆ... ਕਿਸੇ ਦਾ ਮਾਰ ਲਿਆ ਤੇ ਕਿਸੇ ਦਾ ਦੱਬ ਲਿਆ। ਪਰ ਜ਼ਿੰਦਗੀ ਚੋਰੀਆਂ ਯਾਰੀਆਂ ਦੇ ਆਸਰੇ ਨੀਂ ਨਿਕਲਦੀ ਹੁੰਦੀ। ਸਤ ਦੇ ਬਲ ਨਾਲ ਨਿਕਲਦੀ ਐ।'' ਬਾਪੂ ਨੇ ਕਿਹਾ।

ਪਰ ਕੰਧ ਬੋਲੇ ਤਾਂ ਮੱਘਰ ਸਿੰਘ ਬੋਲੇ।

''ਮੈਂ ਤੈਨੂੰ ਪਹਿਲਾਂ ਵੀ ਸਮਝਾਇਆ ਸੀ ਪਰ ਤੂੰ ਮੇਰੀ ਮੰਨੀ ਨ੍ਹੀਂ। ਅਖੇ 'ਗਈ ਸੀ ਗੁਲੂਬੰਦ ਪਾ ਕੇ, ਲੁੱਟ ਲਈ ਮਿੱਤਰਾਂ ਨੇ...।'' ਨਿਹਾਲ ਸਿੰਘ ਨੇ ਉਸ ਦਾ ਇਤਿਹਾਸ ਉਸ ਨੂੰ ਯਾਦ ਕਰਵਾਇਆ।

''ਮੈਨੂੰ ਤਾਂ ਲੱਛੀ ਬਹੁਤ ਚੰਗੀ ਲੱਗੀ...। ਗਰੀਬ ਘਰ ਦੀ ਐ...ਅਨਾਥ ਐ...ਮੇਰੀ ਬੜੀ ਸੇਵਾ ਕਰਦੀ ਐ....। ਮੈਂ ਤਾਂ ਅਗਲੀ ਸੰਗਰਾਂਦ ਨੂੰ ਨੰਦ ਕਾਰਜ ਕਰਵਾ ਦੂੰ ਤੇਰੇ ਇਹਦੇ ਨਾਲ...।'' ਬਾਪੂ ਨੇ ਕਿਹਾ ਤੇ ਮੱਘਰ ਸਿੰਘ ਨੂੰ ਧਰਤੀ ਘੁੰਮਦੀ ਜਾਪੀ।

ਇਹ ਕੀ ਹੋ ਗਿਆ? ਇਥੋਂ ਤੱਕ ਤਾਂ ਉਸ ਨੇ ਸੋਚਿਆ ਹੀ ਨਹੀਂ ਸੀ।

ਸਾਰੀ ਰਾਤ ਉਸ ਨੂੰ ਨੀਂਦ ਨਾ ਆਈ। ਬਾਪੂ ਨੂੰ ਕਿਵੇਂ ਸਮਝਾਵੇ? ਕੀ ਦੱਸੇ ਬਈ ਲੱਛੀ ਕੌਣ ਹੈ ਤੇ ਕਿਥੋਂ ਆਈ ਹੈ? ਕਿਸ ਕੰਮ ਲਈ ਆਈ ਹੈ ਤੇ ਕੌਣ ਕੌਣ ਇਸ ਦੇ ਹਿੱਸੇਦਾਰ ਨੇ? ਮੱਘਰ ਸਿੰਘ ਮੰਜੇ 'ਤੇ ਪਿਆ ਵਿਉਂਤਾਂ ਲੜਾਉਂਦਾ ਰਿਹਾ, ਕਿਸੇ ਤਰੀਕੇ ਨਾਲ ਇਸ ਨੂੰ ਵਾਪਸ ਛੱਡ ਆਵਾਂ ਤਾਂ ਬਾਪੂ ਤੋਂ ਖਹਿੜਾ ਛੁੱਟੇ। ਸੋਚਦੇ ਨੂੰ ਉਸ ਨੂੰ ਦਿਨ ਚੜ੍ਹ ਗਿਆ।

ਦੂਜੇ ਦਿਨ ਉਹ ਟਰੱਕ ਲੈ ਕੇ ਬਾਹਰ ਜਾਣ ਹੀ ਲੱਗਿਆ ਸੀ ਕਿ ਨਿਹਾਲ ਸਿੰਘ ਨੇ ਪਿਛੋਂ ਆਵਾਜ਼ ਮਾਰੀ।

''ਕੀ ਗੱਲ ਐ ਬਾਪੂ ਜੀ...।'' ਉਹ ਚੋਰਾਂ ਵਾਂਗ ਮੁੜਿਆ।

''ਮੈਂ ਤਾਂ ਅੱਜ ਵਾਪਸ ਜਾਣਾ ਸੀ। ਰਾਤ ਤੇਰੇ ਨਾਲ ਗੱਲ ਹੋ ਈ ਗਈ ਸੀ। ਦਸ ਪੰਦਰਾਂ ਦਿਨਾਂ ਬਾਅਦ ਗੇੜਾ ਮਾਰੂੰਗਾ ਮੈਂ..। ਫੇਰ ਤੇਰੇ ਵਿਆਹ ਦਾ ਕੁਸ ਸੋਚਾਂਗੇ।'' ਨਿਹਾਲ ਸਿੰਘ ਨੇ ਹੁਕਮ ਜਿਹਾ ਦਿੱਤਾ।

ਮੱਘਰ ਸਿੰਘ ਚੁੱਪ ਰਿਹਾ।

''ਨਾਲੇ ਬਾਕੀ ਬਚਦੀ ਜ਼ਮੀਨ ਮੈਂ ਵਿਆਹ ਤੋਂ ਬਾਅਦ ਲੱਛੀ ਦੇ ਨਾਂ ਲਵਾ ਦੇਣੀ ਐਂ ਬਹੁਤ ਸਾਊ ਕੁੜੀ ਐ। ਮੇਰੀ ਜ਼ਿੰਦਗੀ ਦਾ ਹੁਣ ਕੋਈ ਭਰੋਸਾ ਨਹੀਂ...ਤੇਰੇ ਨਾਂ ਲਵਾਈ ਤਾਂ ਫੇਰ ਵੇਚ ਵੱਟ ਕੇ ਯਾਰਾਂ ਦੋਸਤਾਂ 'ਤੇ ਰੋੜ੍ਹ ਦੇਂਗਾ।'' ਆਖ ਕੇ ਨਿਹਾਲ ਸਿੰਘ ਜਪੁਜੀ ਸਾਹਬ ਲੈ ਕੇ ਪਾਠ ਕਰਨ ਬੈਠ ਗਿਆ।

ਮੱਘਰ ਸਿੰਘ ਨੂੰ ਬਾਰਾਂ ਮਸਾਂ ਵੱਜੇ। ਅੱਜ ਪਹਿਲੀ ਵਾਰੀ ਉਹ ਸਿਖਰ ਦੁਪਹਿਰੇ ਘਰ ਮੁੜਿਆ। ਲੱਛਮੀ ਨੇ ਦੇਖਿਆ ਤਾਂ ਹੈਰਾਨ ਰਹਿ ਗਈ।

''ਕਿਆ ਬਾਤ ਹੈ...।'' ਉਸ ਨੇ ਘਬਰਾ ਕੇ ਪੁੱਛਿਆ।

''ਤੂੰ ਫਟਾ ਫਟ ਤਿਆਰ ਹੋ ਜਾ ਲੱਛੀਏ...ਆਪਾਂ ਅੱਜ ਹੀ ਲੁਧਿਆਣੇ ਜਾਣੈ...।'' ਉਹ ਬਹੁਤ ਕਾਹਲੀ ਵਿਚ ਸੀ।

''ਕਿਉਂ ਕਿਆ ਹੋ ਗਿਆ...?'' ਲੱਛੀ ਦੇ ਕੱਖ ਨਾ ਪੱਲੇ ਪਿਆ।

''ਜ਼ਿਆਦਾ ਸਵਾਲ ਜੁਆਬ ਨਾ ਕਰ ਮੇਰੇ ਨਾਲ...। ਆਪਣੀ ਸੰਦੂਕੜੀ ਜ੍ਹੀ ਚੱਕ ਜਿਹੜੀ ਆਂਦੀ ਹੋਈ ਨਾਲ ਲੈ ਕੇ ਆਈ ਸੀ...।'' ਮੱਘਰ ਸਿੰਘ ਸ਼ੇਰ ਵਾਂਗ ਗੱਜਿਆ।

''ਪਰ ਕਹਾਂ ਜਾਏਂਗੇ...? ਲੱਛਮੀ ਕਿਸੇ ਅਣਜਾਨੇ ਡਰ ਨਾਲ ਕੰਬ ਗਈ ਸੀ।

''ਮੈਂ ਤੈਨੂੰ ਆਪਣੇ ਦੋਸਤ ਕੋਲ ਛੱਡ ਕੇ ਆਊਂਗਾ, ਉਹ ਆਪੇ ਤੈਨੂੰ ਕਲਕੱਤੇ ਪਹੁੰਚਾ ਦੂਗਾ...।'' ਮੱਘਰ ਸਿੰਘ ਨੇ ਸ਼ਰਾਬ ਦੀ ਬੋਤਲ ਨੇਫੇ 'ਚੋਂ ਕੱਢ ਕੇ ਮੂੰਹ ਨੂੰ ਲਾਈ।

''ਪਰ ਬਾਪੂ ਜੀ ਕਹਿਤੇ ਥੇ ਅਬ ਹਮ ਯਹੀਂ ਰਹੇਂਗੇ...।'' ਲੱਛਮੀ ਰੋਣ ਹਾਕੀ ਹੋ ਗਈ।

''ਸਾਲੀ ਬਾਪੂ ਜੀ ਦੀ। ਕੀ ਜਾਦੂ ਕੀਤੈ ਬੰਗਾਲਣੇ ਬੁੜ੍ਹੇ 'ਤੇ ਮੈਨੂੰ ਪਤੈ ਤੁਸੀਂ ਕਾਲਾ ਜਾਦੂ ਜਾਣਦੀਆਂ ਹੁੰਨੀਓਂ। ਬੰਦੇ ਨੂੰ ਮੱਖੀ ਬਣਾ ਕੇ ਮੰਜੇ ਨਾਲ ਚਿਪਕਾ ਦੇਨੀਓਂ। ਕੀ ਘੋਲ ਕੇ ਪਿਆਇਐ ਤੂੰ ਮੇਰੇ ਪਿਓ ਨੂੰ ਜਿਹੜਾ ਉਹ ਜ਼ਮੀਨ ਤੇਰੇ ਨਾਂ ਲਵਾਉਣ ਨੂੰ ਤਿਆਰ ਹੋਇਆ ਫਿਰਦੈ...?'' ਉਸ ਨੇ ਲੱਛਮੀ ਦੇ ਵਾਲ ਫੜ ਕੇ ਜ਼ੋਰ ਨਾਲ ਖਿੱਚੇ।

ਉਹ ਡਰ ਨਾਲ ਕੰਬ ਗਈ।

''ਅਬ ਹਮ ਕਹਾਂ ਜਾਏਂਗੇ ਸਿਰਦਾਰ ਜੀ,...ਅਪਨਾ ਘਰ ਛੋੜ ਕੇ...।'' ਉਸ ਨੇ ਮੱਘਰ ਸਿੰਘ ਦੇ ਪੈਰ ਫੜੇ।

''ਅਪਨਾ ਘਰ? ਤੇਰੇ ਬਾਪ ਦਾ ਘਰ ਐ ਇਹ?'' ਮੱਘਰ ਸਿੰਘ ਨੇ ਝਟਕੇ ਨਾਲ ਆਪਣੇ ਪੈਰ ਛੁਡਾਏ।

''ਔਰਤ ਏਕ ਬਾਰ ਜਿਸ ਘਰ ਮੇਂ ਚਲੀ ਜਾਤੀ ਹੈ ਉਸੇ ਹਮੇਸ਼ਾ ਹੀ ਅਪਨਾ ਘਰ ਸਮਝਤੀ ਹੈ।'' ਉਹ ਰੋਂਦੀ ਹੋਈ ਉਸ ਨਾਲ ਚਿੰਬੜ ਗਈ।

''ਕੋਈ ਘਰ ਘੁਰ ਨ੍ਹੀਂ ਇਹ ਤੇਰਾ, ਮੁੱਲ ਦੀ ਤੀਵੀਂ ਐਂ ਤੂੰ। ਐਵੇਂ ਕਿਸੇ ਗਲ਼ਤਫਹਿਮੀ 'ਚ ਨਾ ਪੈ ਜੀਂ ਕਿਤੇ। ਪੈਸੇ ਦੇ ਕੇ ਲਿਆਂਦਾ ਸੀ ਤੈਨੂੰ ਮੈਂ। ਹੁਣ ਤੇਰਾ ਟੈਮ ਪੂਰਾ ਹੋ ਗਿਆ ਤਾਂ ਤੈਨੂੰ ਵਾਪਸ ਭੇਜ ਰਿਹਾਂ। ਨਾਲੇ ਸਰਦਾਰ ਜੀ ਸਰਦਾਰ ਜੀ ਕਰਦੀ ਰਹਿੰਨੀ ਐਂ ਖਸਮ 'ਆਂ ਮੈਂ ਤੇਰਾ? ਥਾਣੇਦਾਰ ਸਾਹਬ ਕਿਹਾ ਕਰ।'' ਮੱਘਰ ਸਿੰਘ ਨੇ ਇਕ ਇਕ ਲਫ਼ਜ਼ ਦੰਦਾਂ 'ਚ ਚਬਾ ਕੇ ਕਿਹਾ।

ਲੱਛਮੀ ਸੁੰਨ ਹੋ ਗਈ। ਅੱਖਾਂ ਪਥਰਾ ਗਈਆਂ ਉਸ ਦੀਆਂ। ਕਿਸੇ ਬੇਜਾਨ ਮੂਰਤ ਵਾਂਗ ਉਹ ਜ਼ਮੀਨ 'ਤੇ ਬੈਠ ਗਈ।

''ਮੇਰੀ ਗੱਲ ਸਮਝ 'ਚ ਆ ਗਈ ਕਿ ਨਹੀਂ ਤੇਰੇ?'' ਮੱਘਰ ਸਿੰਘ ਨੇ ਉਸ ਦੇ ਵਾਲ ਫੇਰ ਫੜ ਕੇ ਖਿੱਚੇ।

''ਇਤਨੇ ਜਵਾਂ-ਮਰਦ ਹੋ, ਏਕ ਔਰਤ ਕੋ ਪਨਾਹ ਨਹੀਂ ਦੇ ਸਕਤੇ?'' ਉਸ ਨੇ ਮੱਘਰ ਸਿੰਘ ਦੀਆਂ ਅੱਖਾਂ 'ਚ ਅੱਖਾਂ ਪਾਈਆਂ।

''ਕਿਹੜੀ ਪਨਾਹ? ਮੈਂ ਕੋਈ ਇਥੇ ਆਸ਼ਰਮ ਖੋਲ੍ਹਿਆ ਹੋਇਐ...। ਇਥੇ ਤਾਂ ਪੰਜਾਹ ਫਿਰਦੀਆਂ ਨੇ ਘੱਗਰੀਆਂ ਭੁੜਕਾਂਦੀਆਂ। ਕਿਹਨੂੰ ਕਿਹਨੂੰ ਪਨਾਹ ਦੇਊਂਗਾ ਮੈਂ?''

''ਨਦੀ ਔਰ ਨਾਰੀ ਏਕ ਜੈਸੀ ਹੋਤੀ ਹੈਂ, ਜਬ ਕਿਸੀ ਮੇਂ ਸਮਾ ਜਾਤੀ ਹੈਂ ਤੋ ਅਲੱਗ ਨਹੀਂ ਹੋਤੀ। ਮੈਂ ਨਦੀ ਹੂੰ, ਤੁਮ ਮੇਰੇ ਸਮੁੰਦਰ ਹੋ...। ਮੇਰਾ ਅੰਤ ਹੋ ਤੁਮ...।'' ਲੱਛਮੀ ਨੇ ਆਖਰੀ ਤੀਰ ਛੱਡਿਆ।

''ਮੇਰੇ ਗਲ ਪੈਣ ਦੀ ਕੋਸ਼ਿਸ਼ ਨਾ ਕਰ। ਆਮ ਔਰਤ ਨਹੀਂ ਹੈ ਤੂੰ, ਜਿਸ ਨੂੰ ਘਰ ਵਸਾਇਆ ਜਾ ਸਕੇ। ਮੱਘਰ ਸਿੰਘ ਨੇ ਉਸ ਦਾ ਕੰਨ ਪੁੱਟਿਆ।

''ਹਰ ਔਰਤ ਆਮ ਹੋਤੀ ਹੈ, ਪਰ ਹਾਲਾਤ ਉਸੇ ਖਾਸ ਬਨਾ ਦੇਤੇ ਹੈਂ।'' ਲੱਛਮੀ ਨੇ ਡੂੰਘਾ ਹੌਕਾ ਲਿਆ।

''ਫੇਰ ਉਹੀ ਬਕਵਾਸ...।'' ਮੱਘਰ ਸਿੰਘ ਨੇ ਪੂਰੇ ਜ਼ੋਰ ਨਾਲ ਥੱਪੜ ਉਸ ਦੇ ਮੂੰਹ 'ਤੇ ਮਾਰਿਆ।

''ਜੇ ਤੇਰਾ ਮੂੰਹ ਵੀ ਖੁੱਲ੍ਹਿਆ ਹੁਣ ਤਾਂ ਟਰੱਕ ਥੱਲੇ ਦੇ ਕੇ ਮਾਰਦੂੰ ਸਾਲੀ ਮੇਰੀ ਨੂੰ।

ਕਿਥੋਂ ਬੇਅਦ ਲੱਗੀ ਐ ਮਲਾਹਮਤ...!''

ਲੱਛਮੀ ਦਾ ਸਿਰ ਕੋਲ ਪਏ ਮੰਜੇ ਦੇ ਪਾਵੇ ਨਾਲ ਵੱਜਿਆ ਤੇ ਉਹ ਉਥੇ ਹੀ ਬੇਹੋਸ਼ ਹੋ ਕੇ ਢੇਰੀ ਜਿਹੀ ਹੋ.ਗਈ।

ਮੱਘਰ ਸਿੰਘ ਨੇ ਜ਼ੋਰ ਨਾਲ ਫੇਰ ਉਹਦੇ ਵਾਲ ਫੜ ਕੇ ਖਿੱਚੇ। ਲੱਛਮੀ ਨੇ ਦਰਦ ਨਾਲ ਸੀਅ ਵੱਟੀ ਤੇ ਅੱਖਾਂ ਅੱਧੀਆਂ ਕੁ ਖੋਲ੍ਹੀਆਂ।

''ਮੈਂ ਗੱਡੀ ਸਰਵਸ ਕਰਾਣ ਚੱਲਿਆਂ..। ਮੇਰੇ ਆਣ ਤੱਕ ਤਿਆਰ ਰਹੀਂ...।'' ਮੱਘਰ ਸਿੰਘ ਨੇ ਜ਼ੋਰ ਨਾਲ ਉਸ ਦੀ ਗਰਦਨ ਫੜ ਕੇ ਹਿਲਾਈ ਤੇ ਉਸ ਨੂੰ ਜ਼ਮੀਨ 'ਤੇ ਪਈ ਨੂੰ ਹੀ ਛੱਡ ਕੇ ਬਾਹਰ ਚਲਿਆ ਗਿਆ।

ਦਿਨ ਢਲ ਗਿਆ ਪਰ ਮੱਘਰ ਸਿੰਘ ਨਾ ਮੁੜਿਆ। ਲੱਛਮੀ ਰੋ ਧੋ ਕੇ ਚੁੱਪ ਕਰ ਗਈ ਸੀ। ਕਿਸਮਤ ਅੱਗੇ ਹਾਰ ਮੰਨ ਲਈ ਉਸ ਨੇ ਤੇ ਆਪਣੇ ਕੱਪੜੇ ਲੀੜੇ ਇਕੱਠੇ ਕਰ ਕੇ ਆਪਣੀ ਟਰੰਕੀ ਵਿਚ ਰੱਖ ਲਏ। ਸ਼ਾਮ ਤੋਂ ਉਹ ਬੈਠੀ ਮੱਘਰ ਸਿੰਘ ਦੀ ਉਡੀਕ ਕਰ ਰਹੀ ਸੀ ਜੋ ਟਰੱਕ ਦੀ ਸਰਵਿਸ ਕਰਾਉਣ ਗਿਆ ਹੁਣ ਤਕ ਨਹੀਂ ਮੁੜਿਆ ਸੀ।

ਬਾਹਰ ਤੇਜ਼ ਹਵਾ ਚੱਲ ਰਹੀ ਸੀ। ਦੁਪਹਿਰ ਤੋਂ ਬੱਦਲਵਾਈ ਦਾ ਮੌਸਮ ਸੀ। ਜਾਣ ਤੋਂ ਪਹਿਲਾਂ ਉਸ ਨੇ ਛੱਤ 'ਤੇ ਪਈਆਂ ਪਾਥੀਆਂ ਲਿਆ ਕੇ ਅੰਦਰ ਰੱਖੀਆਂ, ਘਰ ਨੂੰ ਆਖਰੀ ਵਾਰ ਸੰਭਰਿਆ, ਚੁਲ੍ਹੇ ਚੌਂਕੇ ਨੂੰ ਪੋਚਾ ਦਿਤਾ ਤੇ ਮੱਘਰ ਸਿੰਘ ਦੇ ਕੱਪੜੇ ਧੋ ਸੁਆਰ ਕੇ ਤਹਿ ਮਾਰ ਕੇ ਅੰਦਰ ਰੱਖ ਦਿਤੇ।

ਅਖੀਰ ਜਦੋਂ ਸ਼ਾਮ ਰਾਤ ਵਿਚ ਬਦਲ ਗਈ ਤਾਂ ਉਸ ਨੂੰ ਫਿਕਰ ਪਿਆ। ਭਾਵੇਂ ਮੱਘਰ ਸਿੰਘ ਉਸ ਨਾਲ ਖਾਸ ਗੱਲ ਬਾਤ ਨਹੀਂ ਕਰਦਾ ਸੀ ਕਦੇ, ਪਰ ਉਸ ਦੇ ਸੁਭਾਅ ਤੋਂ ਚੰਗੀ ਤਰ੍ਹਾਂ ਜਾਣੂ ਸੀ। ਉਸ ਦੀ ਹਾਂ ਦਾ ਮਤਲਬ ਹਾਂ ਤੇ ਨ੍ਹਾਂ ਦਾ ਮਤਲਬ ਨ੍ਹਾਂ ਹੀ ਹੁੰਦਾ ਸੀ। ਤੇ ਅੱਜ ਜਦੋਂ ਉਹ ਕਹਿ ਗਿਆ ਸੀ ਕਿ ਉਹ ਛੇਤੀ ਹੀ ਮੁੜੇਗਾ ਪਰ ਹੁਣ ਤਕ ਨਾ ਆਇਆ ਤਾਂ ਲੱਛਮੀ ਦਾ ਦਿਲ ਘਟਣਾ ਸ਼ੁਰੂ ਹੋ ਗਿਆ। ਏਨੀ ਦੇਰ ਤਾਂ ਉਸ ਨੇ ਕਦੇ ਵੀ ਨਹੀਂ ਸੀ ਕੀਤੀ। ਦਸ ਵੱਜਦੇ ਨੂੰ ਉਹ ਹਰ ਹਾਲਤ ਵਿਚ ਘਰ ਮੁੜ ਆਉਂਦਾ ਹੁੰਦਾ ਹੈ ਤੇ ਹੁਣ ਤਾਂ ਸ਼ਾਇਦ ਬਾਰਾਂ ਵੱਜ ਗਏ ਹੋਣੇ। ਉਹ ਵਾਰ ਵਾਰ ਦਰਵਾਜ਼ਾ ਖੋਲ੍ਹ ਕੇ ਗਲੀ 'ਚ ਝਾਤ ਮਾਰਦੀ।

ਅਖੀਰ ਜਦੋਂ ਉਸ ਦੇ ਸਬਰ ਦੀ ਹੱਦ ਹੋ ਗਈ ਤਾਂ ਉਸ ਨੇ ਲਾਲਟੈਨ ਚੁੱਕੀ 'ਤੇ ਘਰੋਂ ਬਾਹਰ ਤੁਰ ਪਈ। ਪਤਾ ਨਹੀਂ ਕਿੰਨੇ ਮੀਲ ਉਹ ਪੈਦਲ ਤੁਰਦੀ ਰਹੀ ਪਰ ਮੱਘਰ ਸਿੰਘ ਦਾ ਟਰੱਕ ਕਿਤੇ ਨਾ ਦਿਖਿਆ। ਕਾਲੀ ਹਨ੍ਹੇਰੀ ਰਾਤ ਵਿਚ ਦੂਰ ਦੂਰ ਤਕ ਕੋਈ ਰੋਸ਼ਨੀ ਦਿਖਾਈ ਨਹੀਂ ਦੇ ਰਹੀ ਸੀ। ਉਤੋਂ ਹਵਾ ਹਨ੍ਹੇਰੀ ਵਿਚ ਬਦਲਦੀ ਜਾ ਰਹੀ ਸੀ। ਪਤਾ ਨਹੀਂ ਕਿਹੜੇ ਵੇਲੇ ਤੂਫਾਨ ਆ ਜਾਵੇ ਤੇ ਉਹ ਰਾਹ ਵਿਚ ਹੀ ਘਿਰ ਜਾਵੇ। ਉਹ ਥੱਕ ਕੇ ਮੁੜਨ ਹੀ ਲੱਗੀ ਸੀ, ਕਿ ਉਸ ਨੂੰ ਕੁਝ ਕਦਮਾਂ 'ਤੇ ਸੜਕ ਦੇ ਕਿਨਾਰੇ ਕਿਸੇ ਕਾਲੀ ਜਿਹੀ ਚੀਜ਼ ਦਾ ਝਉਲਾ ਪਿਆ। ਉਸ ਦੇ ਪੈਰਾਂ ਵਿਚ ਫੁਰਤੀ ਆ ਗਈ। ਉਸ ਨੇ ਲਾਲਟੈਣ ਨੂੰ ਆਪਣੀ ਸਾੜ੍ਹੀ ਦੇ ਪੱਲੇ ਨਾਲ ਢਕਿਆ ਹੋਇਆ ਸੀ, ਜੋ ਹਵਾ ਦੇ ਜ਼ੋਰ ਨਾਲ ਵਾਰ ਵਾਰ ਬੁਝੂੰ ਬੁਝੂੰ ਕਰ ਰਹੀ ਸੀ।

ਇਹ ਮੱਘਰ ਸਿੰਘ ਦਾ ਹੀ ਟਰੱਕ ਸੀ। ਉਹ ਸੜਕ ਦੇ ਖੱਬੇ ਪਾਸੇ ਟਰੱਕ ਲਾ ਕੇ ਉਸ ਦਾ ਟਾਇਰ ਬਦਲ ਰਿਹਾ ਸੀ, ਜੋ ਸ਼ਾਇਦ ਰਾਹ 'ਚ ਆਉਂਦੇ ਸਮੇਂ ਪੰਕਚਰ ਹੋ

ਗਿਆ ਸੀ। ਪਰ ਹਵਾ ਤੇਜ਼ ਹੋਣ ਕਰਕੇ ਤੇ ਹਨ੍ਹੇਰਾ ਹੋਣ ਕਾਰਨ ਉਸ ਤੋਂ ਇਹ ਕੰਮ ਪੂਰ ਨਹੀਂ ਚੜ੍ਹ ਰਿਹਾ ਸੀ। ਟਰੱਕ ਵਿਚ ਪਈ ਬੈਟਰੀ ਉਸ ਨੂੰ ਲੱਭ ਨਹੀਂ ਰਹੀ ਸੀ ਜਾਂ ਉਹ ਕਿਤੇ ਛੱਡ ਆਇਆ ਸੀ। ਦੂਜਾ ਉਸਨੇ ਸ਼ਰਾਬ ਬਹੁਤ ਪੀਤੀ ਹੋਈ ਸੀ, ਹੱਥ ਲਾਂਦਾ ਕਿਤੇ ਤੇ ਪੈਂਦਾ ਕਿਤੇ ਹੋਰ। ਉਹ ਦੋ ਘੰਟਿਆਂ ਤੋਂ ਟਰੱਕ ਨਾਲ ਲਟਾਪੀਂਘ ਹੋ ਰਿਹਾ ਸੀ ਪਰ ਗੱਲ ਬਣ ਨਹੀਂ ਰਹੀ ਸੀ। ਆਪਣੇ ਤੋਂ ਥੋੜ੍ਹੀ ਜਿਹੀ ਦੂਰ ਉਸ ਨੇ ਕੋਈ ਪਰਛਾਵਾਂ ਜਿਹਾ ਦੇਖਿਆ ਜੋ ਹੱਥ 'ਚ ਰੌਸ਼ਨੀ ਫੜੀ ਤੁਰ ਰਿਹਾ ਸੀ।

ਮੱਘਰ ਸਿੰਘ ਉਠ ਕੇ ਖੜ੍ਹਾ ਹੋ ਗਿਆ ਕਿ ਇਸ ਰਾਹੀ ਨੂੰ ਕਹੇ ਕਿ ਉਸ ਦੀ ਮਦਦ ਕਰੇ। ਉਹ ਸੜਕ ਦੇ ਵਿਚਾਲੇ ਆ ਕੇ ਖੜ੍ਹਾ ਹੋ ਗਿਆ 'ਤੇ ਹੱਥ ਮਾਰ ਮਾਰ ਕੇ ਰਾਹੀ ਨੂੰ ਰੁਕਣ ਦਾ ਇਸ਼ਾਰਾ ਕਰਨ ਲੱਗਾ। ਪਰਛਾਵਾਂ ਉਸ ਕੋਲ ਆ ਕੇ ਰੁਕ ਗਿਆ।

ਮੱਘਰ ਸਿੰਘ ਨੇ ਅੱਖਾਂ ਟੱਡੀਆਂ, ਕਈ ਵਾਰ ਖੋਲ੍ਹੀਆਂ ਤੇ ਬੰਦ ਕੀਤੀਆਂ। ਹੱਥਾਂ ਨਾਲ ਅੱਖਾਂ ਨੂੰ ਮਲਿਆ ਉਸ ਨੂੰ ਕਿ ਕੋਈ ਭੁਲੇਖਾ ਤਾਂ ਨਹੀਂ ਪੈ ਰਿਹਾ?

''ਤੂੰ ਬੰਗਾਲਣੇ...?'' ਉਹ ਨਸ਼ੇ 'ਚ ਝੂਮ ਰਿਹਾ ਸੀ।

''ਹਾਂ ਮੈਂ ਹੀ ਹੂੰ...।'' ਲੱਛਮੀ ਦੀ ਮਰੀ ਜਿਹੀ ਆਵਾਜ਼ ਆਈ।

''ਤੂੰ ਇਥੇ ਕੀ ਕਰਨ ਆਈ ਐਂ...?'' ਮੱਘਰ ਸਿੰਘ ਪਰੇਸ਼ਾਨ ਸੀ।

''ਮੈਂ ਬਹੁਤ ਦੇਰ ਤਕ ਤੁਮਹਾਰਾ ਇੰਤਜ਼ਾਰ ਕਰਤੀ ਰਹੀ...ਤੁਮ ਨਹੀਂ ਆਏ ਤੋ ਲਾਲਟੇਨ ਲੈ ਕੇ ਦੇਖਨੇ ਆ ਗਈ। ਮੈਂ ਨੇ ਸੋਚਾ ਤੂਫਾਨੀ ਰਾਤ ਹੈ ਕਹੀਂ ਰਾਸਤੇ ਮੈਂ ਤੁਮਹਾਰੀ ਗਾੜੀ ਖਰਾਬ ਨਾ ਹੋ ਗਈ ਹੋ...ਔਰ ਤੁਮ ਅੰਧੇਰੇ ਮੇਂ ਖੜ੍ਹੇ ਰਹੋ।'' ਉਹ ਡਰਦੀ ਡਰਦੀ ਬੋਲੀ।

ਮੱਘਰ ਸਿੰਘ ਦੀ ਸ਼ਰਾਬ ਉੱਤਰ ਗਈ। ਲੱਛਮੀ ਨੂੰ ਧਿਆਨ ਨਾਲ ਦੇਖਿਆ ਉਸ ਨੇ। ਗਿੱਟਿਆਂ ਤੱਕ ਖੁਲ੍ਹੇ ਹਵਾ 'ਚ ਉੱਡਦੇ ਵਾਲ, ਮ੍ਰਿਗਨੈਣੀ ਅੱਖਾਂ 'ਚ ਰਾਤ ਨੂੰ ਇਕੱਲਿਆਂ ਤੁਰਨ ਦਾ ਭੈਅ ਤੇ ਪਰੇਸ਼ਾਨੀ, ਲਾਲਟੈਣ ਨੂੰ ਸੰਭਾਲਦੇ ਥਰ ਥਰ ਕੰਬਦੇ ਉਸ ਦੇ ਹੱਥ ਤੇ ਨੰਗੇ ਪੈਰ।

''ਜੇ ਤੈਨੂੰ ਰਾਹ 'ਚ ਰਾਤ ਨੂੰ ਕੱਲੀ ਨੂੰ ਕੁਸ ਹੋ ਜਾਂਦਾ ਫੇਰ, ਕਮਲੀਏ....?'' ਉਸ ਨੇ ਆਪਣੀਆਂ ਮੁੱਠੀਆਂ 'ਚ ਘੁੱਟ ਕੇ ਉਸ ਦੇ ਵਾਲ ਫੜੇ।

''ਮੇਰਾ ਤੋ ਕੁਛ ਨਹੀਂ ਹੈ, ਪਰ ਇਸ ਅੰਧੇਰੀ ਰਾਤ ਮੇਂ ਅਗਰ ਤੁਮਹੇਂ ਕੁਛ ਹੋ ਜਾਤਾ ਤੋ...?'' ਉਸ ਨੇ ਪਲਕਾਂ ਉਪਰ ਚੁੱਕੀਆਂ।

''ਮੇਰੇ ਹਨ੍ਹੇਰੇ ਦਾ ਤੈਨੂੰ ਏਨਾ ਫਿਕਰ ਐ ਲੱਛੀਏ...? ਤੇ ਜਿਨ੍ਹਾਂ ਹਨੇਰਿਆਂ 'ਚ ਮੈਂ ਤੈਨੂੰ ਛੱਡਣ ਚੱਲਿਆ ਉਥੇ ਜਾ ਕੇ ਕੋਈ ਤੀਵੀਂ ਕਦੇ ਵਾਪਸ ਨਹੀਂ ਮੁੜਦੀ.... ਕੋਈ ਰੋਸ਼ਨੀ ਦੀ ਕਿਰਨ ਨਹੀਂ ਜਾਂਦੀ ਉਥੇ...।'' ਮੱਘਰ ਸਿੰਘ ਨੇ ਮਨ ਹੀ ਮਨ ਵਿਚ ਸੋਚਿਆ ਪਰ ਕਹਿ ਨਾ ਸਕਿਆ।

''ਮੇਰੀ ਏਨੀ ਚਿੰਤਾ ਹੈ ਤੈਨੂੰ ਲੱਛੀਏ...?'' ਉਹ ਉਸ ਦੇ ਹੋਰ ਨੇੜੇ ਆ ਗਿਆ।

''ਮੇਰੇ ਮਰਦ ਹੋ ਤੁਮ, ਮੇਰੇ ਮਾਲਿਕ...ਮੈਂ ਚਾਹੇ ਤੁਮਹਾਰੀ 'ਮੁੱਲ ਕੀ ਤੀਵੀਂ ਹੂੰ'...।'' ਲੱਛਮੀ ਦਾ ਦਰਦ 'ਚ ਡੁੱਬੀ ਜ਼ਖ਼ਮੀ ਆਵਾਜ਼ ਰਾਤ ਦੀ ਚੁੱਪ 'ਚ ਦੂਰ ਦੂਰ ਤਕ ਹਵਾ 'ਚ ਫੈਲ ਗਈ।

''ਲੱਛੀ...!'' ਮੱਘਰ ਸਿੰਘ ਦੇ ਕਿਤੇ ਚੀਸ ਜਿਹੀ ਪਈ। ''ਕੋਈ ਤੀਵੀਂ ਮੁੱਲ ਦੀ ਨ੍ਹੀਂ ਹੁੰਦੀ ਕਮਲੀਏ...। ਮਜਬੂਰੀ ਮੁੱਲ ਦੀ ਹੁੰਦੀ ਐ...। ਤੀਵੀਂ ਦਾ ਵੀ ਕਦੇ ਮੁੱਲ ਹੋਇਐ...?

ਬੇਵੱਸੀ ਦਾ ਮੁੱਲ ਹੁੰਦੈ...ਹਾਲਾਤ ਦਾ ਮੁੱਲ ਹੁੰਦੈ...।'' ਆਖ ਕੇ ਉਸ ਨੇ ਲੱਛਮੀ ਨੂੰ ਆਪਣੀਆਂ ਬਾਹਾਂ ਵਿਚ ਲੈ ਲਿਆ।

ਲਛਮੀ ਕਿਸੇ ਸਹਿਮੇ ਹੋਏ ਪੰਛੀ ਵਾਂਗ ਡਰੀ ਹੋਈ ਉਸ ਦੇ ਨਾਲ ਲੱਗ ਗਈ। ਦੂਰ ਕਿਤੇ ਬੱਦਲ ਕੜਕਿਆ ਤੇ ਧਰਤੀ ਦਹਿਲ ਗਈ। ਸ਼ਾਇਦ ਕਿਤੇ ਖ਼ੇਤਾਂ ਵਿਚ ਬਿਜਲੀ ਗਿਰੀ ਸੀ। ਉਹ ਦੋਵੇਂ ਉਥੇ ਖੜ੍ਹੇ ਕੰਬ ਗਏ। ਜ਼ੋਰ ਦੀ ਹਵਾ ਦਾ ਬੁੱਲਾ ਆਇਆ ਤੇ ਲੱਛਮੀ ਦੇ ਹੱਥ 'ਚ ਫੜੀ ਲਾਲਟੈਣ ਬੁੱਝ ਗਈ।

''ਲਾਲਟੈਣ ਬੁਝ ਗਈ...।'' ਲੱਛਮੀ ਨੇ ਘਬਰਾ ਕੇ ਕਿਹਾ।

''ਲਾਲਟੈਣ ਦੀ ਲੋੜ ਨ੍ਹੀਂ ਰਹੀ ਹੁਣ ਲੱਛੀਏ... ਬਹੁਤ ਰੋਸ਼ਨੀ ਹੋ ਗਈ ਐ...।'' ਆਖ ਕੇ ਮੱਘਰ ਸਿੰਘ ਨੇ ਉਸ ਦੇ ਹੱਥ 'ਚੋਂ ਲਾਲਟੈਣ ਫੜ ਕੇ ਸੜਕ ਦੇ ਦੂਜੇ ਪਾਸੇ ਵਗਾਹ ਮਾਰੀ।

ਲੱਛਮੀ ਦੇ ਵਾਲ ਉਡ ਕੇ ਵਾਰ ਵਾਰ ਉਸ ਦੇ ਮੂੰਹ 'ਤੇ ਪੈ ਰਹੇ ਸੀ...ਆਵਾਰਾ....ਅੱਥਰੇ ਵਾਲ। ਮੱਘਰ ਸਿੰਘ ਨੇ ਦੋਹਾਂ ਹੱਥਾਂ ਨਾਲ ਉਸ ਦੇ ਵਾਲ ਫੜੇ ਤੇ ਆਪਣੀ ਗਰਦਨ ਦੁਆਲੇ ਲਪੇਟ ਲਏ। ਲਛਮੀ ਦੀਆਂ ਅੱਖਾਂ ਹਨ੍ਹੇਰੇ 'ਚ ਦੀਵੀਆਂ ਵਾਂਗ ਚਮਕੀਆਂ, ਹੈਰਾਨੀ ਤੇ ਪਰੇਸ਼ਾਨੀ ਭਰੀਆਂ ਜੋ ਕੁਝ ਸਮਝਦੀਆਂ ਸਨ ਤੇ ਕੁਝ ਨਹੀਂ। ਉਸ ਨੂੰ ਲੱਗਿਆ ਉਸ ਦੇ ਸਾਹਮਣੇ ਕੋਈ ਕਾਲੇ ਕੱਪੜਿਆਂ ਵਾਲਾ ਬੰਦਾ ਨਹੀਂ, ਕਾਲਾ ਪਹਾੜ ਖੜ੍ਹਾ ਹੈ। ਮੱਘਰ ਸਿੰਘ ਦੇ ਜਵਾਨ ਜਿਸਮ 'ਚੋਂ ਆਉਂਦੀ ਪਸੀਨੇ ਦੀ ਬਦਬੂ ਉਸ ਦੇ ਦਿਮਾਗ ਨੂੰ ਨਸ਼ੇ ਵਾਂਗ ਚੜ੍ਹੀ ਤੇ ਆਪਣਾ ਸਿਰ ਉਸ ਨੇ ਮੱਘਰ ਸਿੰਘ ਦੀ ਛਾਤੀ 'ਤੇ ਰੱਖ ਦਿੱਤਾ। ਉਸ ਨੂੰ ਲੱਗਿਆ ਉਸ ਦਾ ਸਿਰ ਕਿਸੇ ਬੰਦੇ ਦੀ ਛਾਤੀ 'ਤੇ ਨਹੀਂ, ਪਥਰੀਲੀ ਚਟਾਨ 'ਤੇ ਪਿਆ ਹੈ।

ਮੱਘਰ ਸਿੰਘ ਨੇ ਆਪਣੇ ਗਰਮ ਬੁਲ੍ਹ ਲਛਮੀ ਦੇ ਮੱਥੇ 'ਤੇ ਰੱਖ ਦਿਤੇ। ਲਛਮੀ ਨੂੰ ਮਹਿਸੂਸ ਹੋਇਆ ਜਿਵੇਂ ਉਸ ਦੇ ਮੱਥੇ 'ਤੇ ਕੋਈ ਅੰਗਾਰਾ ਟਿਕਿਆ ਹੋਵੇ। ਆਪਣਾ ਮੱਥਾ ਬਲਦਾ ਜਾਪਿਆ ਉਸ ਨੂੰ। ਇਕ ਸੇਕ ਉਸ ਦੇ ਮੱਥੇ 'ਚੋਂ ਫੈਲ ਕੇ ਉਸਦੀਆਂ ਰਗਾਂ ਵਿਚਦੀ ਹੁੰਦਾ ਹੋਇਆ ਸਾਰੇ ਜਿਸਮ ਨੂੰ ਜਾ ਰਿਹਾ ਸੀ। ਤੇ ਇਸ ਸੇਕ ਵਿਚ ਉਸ ਦਾ ਜਿਸਮ ਪਿਘਲਣਾ ਸ਼ੁਰੂ ਹੋ ਗਿਆ ਜੋ ਸਵੇਰ ਦਾ ਬਰਫ ਵਾਂਗ ਠੰਡਾ ਤੇ ਸੁੰਨ ਹੋਇਆ ਪਿਆ ਸੀ।

ਬੱਦਲ ਫੇਰ ਜ਼ੋਰ ਦੀ ਕੜਕਿਆ ਤੇ ਦੋਹੇਂ ਨੀਂਦ 'ਚੋਂ ਜਾਗੇ।

''ਆਓ ਘਰ ਚਲੇਂ ਅਬ...। ਤੂਫਾਨ ਆਨੇ ਵਾਲਾ ਹੈ...।'' ਲੱਛਮੀ ਉਸ ਦੀ ਛਾਤੀ ਤੋਂ ਸਿਰ ਚੁੱਕਦੀ ਹੋਈ ਬੋਲੀ।

''ਤੂਫਾਨ ਤਾਂ ਲੰਘ ਗਿਆ ਲੱਛੀ...। ਹੁਣ ਕੋਈ ਤੂਫਾਨ ਨ੍ਹੀਂ ਆਵੇਗਾ...। ਹੁਣ ਆਪਾਂ ਕਿਨਾਰੇ 'ਤੇ ਆਂ...।'' ਆਖ ਕੇ ਮੱਘਰ ਸਿੰਘ ਨੇ ਉਸ ਨੂੰ ਬਾਹਾਂ 'ਚ ਚੁੱਕਿਆ ਤੇ ਪੱਕੀ ਸੜਕ ਦਾ ਰਾਹ ਛੱਡ ਕੇ ਪਿੰਡ ਵਲ ਜਾਂਦੀ ਕੱਚੀ ਪਗਡੰਡੀ 'ਤੇ ਪੈਦਲ ਹੀ ਤੁਰ ਪਿਆ।

ਉਹ ਹਾਲੇ ਦੋ ਕਦਮ ਹੀ ਤੁਰਿਆ ਸੀ ਕਿ ਮੀਂਹ ਦਾ ਛੜਾਕਾ ਪਿਆ। ਲੱਛਮੀ ਨੇ ਆਪਣਾ ਮੂੰਹ ਮੱਘਰ ਸਿੰਘ ਦੀ ਛਾਤੀ ਵਿਚ ਛੁਪਾ ਲਿਆ। ਪੂਰੇ ਜ਼ੋਰ ਨਾਲ ਮੀਂਹ ਪੈ ਰਿਹਾ ਸੀ। ਮੱਘਰ ਸਿੰਘ ਪਾਣੀ ਨਾਲ ਤਰ-ਬਤਰ ਸੀ। ਉਸ ਨੂੰ ਲੱਗਿਆ ਜਿਵੇਂ ਲੱਛੀ ਉਸ ਦੇ ਸੀਨੇ ਵਿਚ ਮੂੰਹ ਛੁਪਾ ਕੇ ਰੋ ਰਹੀ ਹੈ। ਪਤਾ ਨਹੀਂ ਇਹ ਲੱਛੀ ਦੇ ਹੰਝੂ ਸਨ ਜਾਂ ਮੀਂਹ ਦਾ ਪਾਣੀ ਪਰ ਮੱਘਰ ਸਿੰਘ ਨੂੰ ਅੱਜ ਇਹ ਗਿੱਲਾਪਣ ਬਹੁਤ ਚੰਗਾ ਲੱਗ ਰਿਹਾ ਸੀ।

# ਹੋਰ ਉਪਰ

**ਉਸ** ਦਾ ਬੇਟਾ ਅੱਜ ਅਮਰੀਕਾ ਪੜ੍ਹਨ ਜਾ ਰਿਹਾ ਸੀ। ਪੂਰੇ ਪੰਜ ਸਾਲ ਲਈ। ਸਿਮਲਾ ਦੇ ਢਿੱਡ ਵਿਚ ਕੜਵੱਲਾਂ ਪੈ ਰਹੀਆਂ ਸੀ। ਉਨ੍ਹੀਆਂ ਵਰ੍ਹਿਆਂ ਦੇ ਉਸ ਦੇ ਬੇਟੇ ਨੇ ਕਿੰਨੀ ਛੇਤੀ ਤਰੱਕੀ ਕੀਤੀ ਸੀ। ਕਾਲਜ ਪੂਰਾ ਕਰ ਕੇ ਵੱਡੀ ਪੜ੍ਹਾਈ ਲਈ ਅਮਰੀਕਾ ਜਾ ਰਿਹਾ ਸੀ। ਕਿੰਨੀ ਛੇਤੀ ਜਵਾਨ ਹੋ ਗਿਆ ਸੀ ਅਰੁਨ। ਹਾਲੇ ਕਲ੍ਹ ਦੀ ਤਾਂ ਗੱਲ ਹੈ ਜਦੋਂ ਉਹ ਮੰਦਰਾਂ, ਗੁਰਦਵਾਰਿਆਂ 'ਚ 'ਇਕ ਪੁੱਤ ਦਈਂ ਵੇ ਰੱਬਾ' ਦੀਆਂ ਸੁੱਖਾਂ ਸੁੱਖਦੀ ਫਿਰਦੀ ਸੀ। ਕੋਈ ਮੜ੍ਹੀ ਮਸਾਨ ਉਸ ਨੇ ਪੂਜਣ ਕੰਨੀਓਂ ਨਹੀਂ ਛੱਡਿਆ ਸੀ। ਕੋਈ ਡਾਕਟਰ, ਵੈਦ ਉਸ ਦੀ ਪਹੁੰਚ ਤੋਂ ਬਾਹਰ ਨਹੀਂ ਰਿਹਾ ਸੀ। ਪਰ ਸ਼ਾਇਦ ਉਸ ਨੇ ਜੌਂਅ ਭੁੰਨ ਕੇ ਬੀਜੇ ਸੀ ਜੋ ਮੁੜ ਕੇ ਫਲੇ ਨਹੀਂ। ਸਿਮਲਾ ਦੇ ਨਾਲ ਦੀਆਂ ਦੇ ਤਿੰਨ ਤਿੰਨ ਚਾਰ ਚਾਰ ਨਿਆਣੇ ਹੋ ਗਏ ਸੀ ਪਰ ਉਹ ਕਿਸੇ ਸੁੱਕੀ ਟਾਹਣੀ ਵਾਂਗ ਲਮਕ ਰਹੀ ਸੀ, ਜਿਸ 'ਤੇ ਫਲ ਤਾਂ ਕੀ ਕਦੇ ਫੁੱਲ ਵੀ ਨਾ ਟਹਿਕਿਆ।

''ਤੀਮੀਂ ਦੀ ਕੁੱਖ ਹਰੀ ਨਾ ਹੋਵੇ ਤਾਂ ਉਹਦਾ ਕਾਹਦਾ ਜਿਊਣ?'' ਉਸ ਦੀ ਸੱਸ ਰਾਮ ਦੇਈ ਕਈ ਵਾਰ ਹੌਕਾ ਭਰ ਕੇ ਕਹਿੰਦੀ ਤੇ ਸਿਮਲਾ ਦਾ ਦੁੱਖ ਦੂਣਾ ਹੋ ਜਾਂਦਾ।

''ਅਸੀਂ ਗਏ ਤਾਂ ਸੀ ਮਾਂ ਜੀ, ਬਰਨਾਲੇ ਆਲੇ ਡਾਕਟਰ ਮਦਨ ਲਾਲ ਕੋਲ, ਉਹ ਕਹਿੰਦਾ ਸੀ ਬਈ ਕੁੜੀ 'ਚ ਕੋਈ ਨੁਕਸ ਨਹੀਂ।'' ਉਹ ਚੋਰਾਂ ਵਾਂਗ ਨਜ਼ਰਾਂ ਸੁੱਟੀ ਕਹਿੰਦੀ।

''ਨੀ ਕਿਹੜਾ ਬਰਨਾਲੇ ਆਲਾ ਡਾਕਦਾਰ...?'' ਰਾਮਦੇਈ ਵਾਰ ਵਾਰ ਪੁੱਛਦੀ।

''ਉਹੀ ਸੀਮਾ ਦਾ ਮਾਮਾ...ਕਹਿੰਦੇ ਨੇ ਬੜਾ ਸਿਆਣਾ ਡਾਕਟਰ ਐ...ਗੋਲੇ ਦੀ ਭਾਬੀ ਦਾ ਕੇਸ ਵੀ ਉਸੇ ਨੇ ਠੀਕ ਕੀਤਾ ਸੀ।'' ਉਹ ਮੁੜ ਹੌਂਸਲੇ 'ਚ ਆਉਂਦੀ।

''ਕਿਧਰੋਂ ਕੱਢਿਐ ਤੂੰ ਉਹ ਸਿਆਣਾ ਡਾਕਦਾਰ...ਐਵੇਂ ਟੈਂਪਰੇਲੀ ਜ੍ਹਾ ਡਾਕਦਾਰ ਐ। ਚਾਰ ਸੀਸੀਆਂ ਗਲਕੋਜ਼ ਦੀਆਂ ਰੱਖੀ ਬੈਠੇ ਦੁਕਾਨ 'ਤੇ ਜਿਹੜਾ ਨਿਆਣਾ ਨਿੱਕਾ ਆਉਂਦੈ ਸਭ ਦੇ ਲੋਦੇ ਲਾ ਦਿੰਦੈ।'' ਉਸ ਦੀ ਸੱਸ ਖਿਝ ਜਾਂਦੀ।

''ਪਰ ਗੋਲੇ ਦੀ ਭਾਬੀ ਕਹਿੰਦੀ ਸੀ...।''

''ਗੋਲੇ ਦੀ ਭਾਬੀ ਨੇ ਤਾਂ ਕਹਿਣਾ ਈ ਹੋਇਆ, ਜਦੋਂ ਅਗਲੀ ਦੇ ਆਦਮੀ 'ਚ ਨੁਸਖ ਸੀ। ਮੇਰਾ ਪੁੱਤ ਤਾਂ ਨਿਰਾ ਦੁੱਧ ਐ। ਭੋਰਾ ਖੋਟ ਨਹੀਂ...ਪੂਰਾ ਸੋਨਾ ਐ ਸੋਨਾ।'' ਉਹ ਸਿਮਲਾ ਨੂੰ ਸੂਈ ਕੁੱਤੀ ਵਾਂਗ ਪੈਂਦੀ।

ਤੇ ਸਿਮਲਾ ਆਮ ਵਾਂਗ ਚੁੱਪ ਹੋ ਜਾਂਦੀ। ਇਸ ਤਰ੍ਹਾਂ ਕਿੰਨੀ ਵਾਰੀ ਹੋਇਆ ਸੀ। ਜਦੋਂ ਵੀ ਉਹ ਸੱਸ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰਦੀ ਅੱਗਿਉਂ ਉਹ ਚਾਰੇ ਪੈਰ ਚੁੱਕ ਕੇ ਪੈਂਦੀ। ਫੇਰ ਉਹ ਹੋਰ ਕੀਹਦੇ ਨਾਲ ਗੱਲ ਕਰਦੀ? ਘਰ ਵਿਚ ਸੱਸ ਸੀ ਤੇ ਜਾਂ ਉਹ। ਉਸ ਦਾ ਸਹੁਰਾ ਰਾਮਕਰਣ ਤੇ ਪਤੀ ਸੁਰੇਸ਼ ਸਾਰਾ ਦਿਨ ਦੁਕਾਨ 'ਤੇ ਰਹਿੰਦੇ। ਸ਼ਾਮ ਨੂੰ ਲੇਟ ਥੱਕੇ ਟੁੱਟੇ ਘਰ ਆਉਂਦੇ ਤੇ ਆਉਂਦੇ ਸਾਰ ਸੌਂ ਜਾਂਦੇ। ਸਿਮਲਾ ਵਾਸਤੇ ਕੋਈ ਬੰਦਾ ਘਰ 'ਚ ਨਹੀਂ ਸੀ ਰਿਹਾ ਜਿਸ ਨਾਲ ਉਹ ਆਪਣੇ ਦਿਲ ਦੀ ਗੱਲ ਕਰੇ। ਕੋਈ ਵਕਤ ਹੁੰਦਾ ਸੀ ਸਾਰਾ ਟੱਬਰ ਉਸ ਦੇ ਮੂੰਹ ਵੱਲ ਦੇਖਦਾ ਰਹਿੰਦਾ ਕਿ ਬਹੂ ਮੂੰਹ 'ਚੋਂ ਕੁਝ ਕਹੇ। ਉਸ ਦੀ ਨਿੱਕੀ ਜ਼ੀ ਗੱਲ 'ਤੇ ਵੀ ਸਾਰਾ ਟੱਬਰ ਭੰਬੀਰੀ ਵਾਂਗ ਘੁੰਮ ਜਾਂਦਾ। ਪਿੰਡ ਵਿਚ ਗਰਮੀਆਂ 'ਚ ਜੇ ਕਦੇ ਬਾਜ਼ਾਰ 'ਚ ਬਰਫ ਮੁੱਕ ਜਾਂਦੀ ਤਾਂ ਉਸ ਦਾ ਸਹੁਰਾ ਨੌਕਰ ਨੂੰ ਬਰਨਾਲੇ ਬਰਫ ਲੈਣ ਭੇਜ ਦਿੰਦਾ। ਬਿਜਲੀ ਚਲੀ ਜਾਂਦੀ ਤਾਂ ਉਸ ਦੀ ਸੱਸ ਉਸ ਨੂੰ ਦੋ ਦੋ ਘੰਟੇ ਪੱਖਾ ਝਲਦੀ ਰਹਿੰਦੀ। ਸਹੁਰਾ ਉਸ ਨੂੰ ਪੁੱਛੇ ਬਗੈਰ ਬਾਜ਼ਾਰੋਂ ਸਬਜ਼ੀ ਨਾ ਮੰਗਵਾਉਂਦਾ। ਤੇ ਸੁਰੇਸ਼ ਦੀ ਤਾਂ ਗੱਲ ਹੀ ਕੀ ਸੀ। ਹਰ ਰੋਜ਼ ਉਸ ਲਈ ਨਵੇਂ ਨਵੇਂ ਸੂਟ ਸਾੜ੍ਹੀਆਂ ਖਰੀਦਦਾ। ਵਾਰ ਤਿਹਾਰ 'ਤੇ ਸੋਨੇ ਦੇ ਗਹਿਣੇ ਬਿਨਾਂ ਮਤਲਬ ਹੀ ਬਣਵਾ ਦਿੰਦਾ। ਹਰ ਐਤਵਾਰ ਉਸ ਨੂੰ ਸ਼ਹਿਰ ਫ਼ਿਲਮ ਦਿਖਾਉਣ ਲੈ ਜਾਂਦਾ। ਸਿਮਲਾ ਦਾ ਪੈਰ ਭੁੰਜੇ ਨਾ ਪੈਣ ਦਿੱਤਾ ਜਾਂਦਾ। ਜੇ ਉਸ ਨੂੰ ਛਿੱਕ ਵੀ ਆ ਜਾਂਦੀ ਤਾਂ ਸੱਸ ਰੌਲਾ ਪਾ ਦਿੰਦੀ- ''ਨੀ ਬਹੂ ਬਮਾਰ ਹੋਜੇਂਗੀ। ਮੈਂ ਤਾਂ ਮਰ ਕੇ ਤੇਰਾ ਮੂੰਹ ਦੇਖਿਐ। ਨਾ ਪੁੱਤ, ਕੰਮ ਕਰਨ ਨੂੰ ਮੈਂ ਬਥੇਰੀ...। ਤੇਰੇ ਸਹੁਰੇ ਨੂੰ ਕਹੂੰ ਦੁਕਾਨ ਤੋਂ ਦੋ ਨੌਕਰ ਹੋਰ ਭੇਜਦੂ ਘਰ...ਪਰ ਤੂੰ ਆਪਣਾ ਧਿਆਨ ਰੱਖ ਪੁੱਤ....ਕੱਚੇ ਪੱਕੇ ਮੌਸਮ ਨੇ...।''

ਸਿਮਲਾ ਨੂੰ ਲੱਗਦਾ ਕਿ ਉਹ ਬੰਦਿਆਂ ਦੇ ਵਿਚ ਨਹੀਂ ਰਹਿ ਰਹੀ, ਦੇਵਤਿਆਂ ਦੇ ਘਰ ਉਸ ਦਾ ਵਿਆਹ ਹੋਇਆ ਹੈ। ਸੱਸ ਦੇਵੀ, ਸਹੁਰਾ ਦੇਵਤਾ ਤੇ ਪਤੀ ਪਰਮੇਸ਼ਵਰ। ਇਹਨੂੰ ਕਹਿੰਦੇ ਨੇ ਸੁਵਰਗ। ਤਾਂ ਹੀ ਤਾਂ ਕਹਿੰਦੇ ਨੇ ਬਈ ਕੁੜੀਆਂ ਦਾ ਵਿਆਹ ਤੋਂ ਬਾਅਦ ਦੂਜਾ ਜਨਮ ਹੁੰਦਾ ਹੈ। ਪਹਿਲਾ ਜਨਮ ਮਾਂ ਬਾਪ ਦੇ ਘਰ ਤੇ ਦੂਜਾ ਉਸ ਘਰ ਜਿਥੇ ਉਹ ਵਿਆਹੀ ਜਾਂਦੀ ਹੈ। ਪਰ ਉਸ ਦਾ ਪਹਿਲਾ ਜਨਮ ਕਿਹੜਾ ਮਾੜਾ ਸੀ। ਕੱਲੀ ਭੈਣ ਸੀ ਉਹ ਪੰਜ ਭਰਾਵਾਂ ਦੀ। ਬਾਪ ਦੀ ਮੰਡੀ 'ਚ ਬਹੁਤ ਵੱਡੀ ਆੜ੍ਹਤ ਦੀ ਦੁਕਾਨ। ਕੱਪੜੇ ਦੀਆਂ ਤਿੰਨ ਚਾਰ ਦੁਕਾਨਾਂ...ਰਾਈਸ ਸ਼ੈਲਰ...ਹੋਰ ਪਤਾ ਨੀ ਕੀ ਕੁਸ। ਉਸ ਦੇ ਭਰਾਵਾਂ ਦੀਆਂ ਲਈਆਂ ਨੀ ਮੁੜਦੀਆਂ ਸੀ।

ਸਿਮਲਾ ਨੇ ਦਸਵੀਂ ਜਮਾਤ ਪਾਸ ਕਰਕੇ ਸਲਾਈ ਕਢਾਈ ਦਾ ਦੋ ਸਾਲ ਦਾ ਡਿਪਲੋਮਾ ਸ਼ੁਰੂ ਕਰ ਲਿਆ ਸੀ। ਸੋਲ੍ਹਵੇਂ ਸਾਲ 'ਚ ਉਸ ਦਾ ਵਿਆਹ ਹੋ ਗਿਆ ਸੀ। ਉਸ ਨੂੰ ਪਤਾ ਵੀ ਨਾ ਲੱਗਿਆ। ਉਹ ਸਕੂਲੋਂ ਘਰ ਅੱਧੀ ਛੁੱਟੀ ਵੇਲੇ ਰੋਟੀ ਖਾਣ ਆਈ ਤਾਂ ਮਾਂ ਨੇ ਉਸ ਨੂੰ ਮੁੜ ਕੇ ਸਕੂਲ ਨਾ ਜਾਣ ਦਿੱਤਾ। ਤਾਈਆਂ ਚਾਚੀਆਂ ਮਿੰਟਾਂ 'ਚ ਇਕੱਠੀਆਂ ਹੋ ਗਈਆਂ। ਸਿਮਲਾ ਨੇ ਸਕੂਲ ਦੀ ਚਿੱਟੀ ਡਰੈਸ ਬਦਲ ਕੇ ਨੀਲੇ ਰੰਗ ਦਾ ਫੁੱਲਾਂ ਵਾਲਾ ਸੂਟ ਪਾ ਲਿਆ। ਹਲਕੇ ਸਾਂਵਲੇ ਮੂੰਹ 'ਤੇ ਉਸ ਦੀ ਭਾਬੀ ਨੇ ਪਾਊਡਰ ਮਲ ਦਿੱਤਾ, ਬਰੀਕ ਬੁੱਲ੍ਹਾਂ 'ਤੇ ਫਿੱਕੀ ਗੁਲਾਬੀ ਲਿਪਸਟਿਕ ਲਾ ਦਿੱਤੀ ਤੇ ਅੱਖਾਂ 'ਚ ਧਾਰੀਦਾਰ ਸੁਰਮਾ। ਬੇਹੱਦ ਸਾਦੀ ਰਹਿਣ ਵਾਲੀ ਸਿਮਲਾ 'ਤੇ ਇੰਨਾ ਕੁ ਆਰਟ ਹੀ ਕਮਾਲ ਕਰ ਗਿਆ। ਉਸ ਦੀ ਸਾਦਗੀ 'ਤੇ ਅੱਜ ਪਹਿਲੀ ਵਾਰ ਨਿਖਾਰ ਆਇਆ ਸੀ। ਸੁਰੇਸ਼ ਨੇ ਦੇਖਿਆ ਤਾਂ ਦੇਖਦਾ

ਰਹਿ ਗਿਆ। ਸੱਸ ਨੇ ਉੱਠ ਕੇ ਸਿਮਲਾ ਦਾ ਮੂੰਹ ਚੁੰਨੀ ਨਾਲ ਢਕ ਦਿੱਤਾ ''ਕਿਤੇ ਨਜ਼ਰ ਨਾ ਲੱਗ ਜੇ. ਬਾਹਰ ਘੁੰਡ ਕੱਢ ਕੇ ਜਾਈਂ ਹਮੇਸ਼ਾ।''

ਸਾਰੇ ਟੱਬਰ ਦਾ ਚਾਅ ਨਾ ਚੁੱਕਿਆ ਗਿਆ। ਸਿਮਲਾ ਦੇ ਮਾਂ ਬਾਪ ਨੇ ਵਿਆਹ ਕੀ ਕੀਤਾ ਲਾਲਾ ਰਾਮਕਰਣ ਨੂੰ ਸੋਨੇ ਚਾਂਦੀ ਨਾਲ ਲੱਦ ਦਿੱਤਾ ਸੀ। ਕਿਲੋਆਂ ਦੇ ਹਿਸਾਬ 'ਚ ਸੋਨਾ...ਲੱਖਾਂ ਦੇ ਹਿਸਾਬ 'ਚ ਨੋਟ ਤੇ ਟਣਾ ਦੇ ਹਿਸਾਬ ਫਰਨੀਚਰ ਸਿਮਲਾ ਦੇ ਨਾਲ ਦਾਜ ਵਿਚ ਗਿਆ ਸੀ। ਲਾਲਾ ਰਾਮਕਰਣ ਜੀ ਨੇ ਵੀ ਰਾਮਦੇਈ ਦੇ ਮੂੰਹ ਦੀਆਂ ਪੁਗਾਈਆਂ ਸਨ। ਉਹ ਜੋ ਕਹਿੰਦੀ, ਰਾਮਕਰਣ ਜੀ ਉਹੀ ਕਰਦੇ।

''ਅਖੇ ਬਾਣੀਆਂ ਦੀ ਕਮਾਈ, ਵਿਆਹ ਮਕਾਨ ਨੇ ਖਾਈ...। ਅਸਾਂ ਕਿਹੜਾ ਜੂਏ ਸ਼ਰਾਬਾਂ 'ਤੇ ਪੈਸਾ ਰੋੜ੍ਹਣੈ...। ਮਸਾਂ ਇਕ ਪੁੱਤ ਰੱਬ ਨੇ ਦਿਤੈ...ਮੈਂ ਤਾਂ ਦਿਲ ਦੀਆਂ ਲਾਹੂੰ...।'' ਰਾਮਦੇਈ ਨਵੀਂ ਪਈ ਬੈਟਰੀ ਵਾਲੇ ਖਲੌਣੇ ਵਾਂਗ ਸਾਰਾ ਦਿਨ ਭੱਜੀ ਫਿਰਦੀ।

ਪਿੰਡ ਦੀਆਂ ਔਰਤਾਂ ਬਹੂ ਨੂੰ ਦੇਖਣ ਆਈਆਂ ਧੰਨ ਧੰਨ ਕਰ ਉਠਦੀਆਂ।

''ਭੈਣੇ, ਦੇਣ ਆਲੇ ਨੇ ਕੁੜੀ ਹੀ ਨੀਂ ਕੱਲੀ ਦਿੱਤੀ ਪਰੀਆਂ ਵਰਗੀ, ਘਰ ਵੀ ਭਰਤਾ ਬਾਣੀਏ ਦਾ...। ਮਰਕੇ ਕੋਈ ਸਮਾਨ ਦਿਤੈ! ਤਿੰਨ ਦਿਨ ਟਰੱਕ ਸਮਾਨ ਢੋਈ ਗਏ....ਲਾਲੇ ਦੇ ਘਰ ਥਾਂ ਨਹੀਂ ਬਚੀ ਰੱਖਣ ਨੂੰ...।'' ਇਕ ਆਖਦੀ।

''ਕਿੱਛੋ ਦੀ ਮਾਂ, ਬਰੋਬਰ ਦੀ ਟੱਕਰ ਸੀ ਬੀਆ। ਲੈ ਤੈਨੂੰ ਮੈਨੂੰ ਦੇਖਾਂ ਜੇ ਦੇ ਜੇ ਕੋਈ ਕਾਣੀ ਕੋਡੀ ਵੀ। ਅਗਲੇ ਨੂੰ ਪਤੈ ਬੀ ਸਾਡੀ ਧੀ ਰਾਜ ਗੱਦੀ 'ਤੇ ਬੈਠੂਗੀ। ਪੇਕੇ ਕਦਰ ਨਾ ਕਰਨ ਤਾਂ ਧੀ ਭੈਣ ਦੀ ਅੱਗੇ ਵੀ ਕੋਈ ਪੁੱਛ ਨ੍ਹੀਂ ਹੁੰਦੀ। ਚੱਲ ਰੱਬ ਸਭ ਨੂੰ ਦਵੇ।'' ਦੂਜੀ ਜੁਆਬ ਦਿੰਦੀ।

ਔਰਤਾਂ ਉਸ ਦੇ ਰਾਣੀ-ਹਾਰ ਨੂੰ ਵਾਰ ਵਾਰ ਹੱਥਾਂ 'ਚ ਫੜ ਕੇ ਤੋਲਦੀਆਂ।

''ਕਿੰਨੇ ਤੋਲੇ ਦਾ ਐ?''

''ਪੂਰਾ ਵੀਹ ਤੋਲੇ ਦਾ ਐ ਭੈਣੇ।'' ਤੋਲੇ ਕੀ ਕੁੜਮ ਨੇ ਤਾਂ ਕਿਲੋਆਂ 'ਚ ਸੋਨਾ ਦਿਤੈ। ਮੇਰੇ ਘਰ ਕਿਹੜਾ ਘਾਟਾ ਸੀ ਮੇਰੇ ਪੁੱਤ ਨੂੰ ਬਰੋਬਰ ਤੋਲ 'ਤਾ ਸੋਨੇ ਦੇ, ਪਰ ਤੂੰ ਜਾਣੇ ਨੂੰਹ ਹੀਰੇ ਵਰਗੀ ਐ, ਕਾਸੇ ਦਾ। ਦੋਵੇਂ ਰਾਜੀ ਰਹਿਣ... ਵੱਸਣ ਰਸਣ...ਸੋਨਾ ਬਥੇਰਾ.... ਸੋਨੇ ਦਾ ਕੀ ਮੁੱਲ।'' ਰਾਮਦੇਈ ਗੋਟੇ ਆਲੀ ਸਿਲਕ ਦੀ ਚੁੰਨੀ ਨਾਲ ਵਾਰ ਵਾਰ ਆਪਣਾ ਸਿਰ ਢਕਦੀ ਜੋ ਮਿੰਟ ਕੁ ਬਾਅਦ ਫੇਰ ਗਿਰ ਜਾਂਦੀ।

ਸਿਮਲਾ ਨੂੰ ਉਸ ਘਰ ਵਿਚ ਆਈ ਨੂੰ ਕਈ ਮਹੀਨੇ ਹੋ ਗਏ ਪਰ ਉਸ ਨੂੰ ਲੱਗਦਾ ਜਿਵੇਂ ਅੱਜ ਹੀ ਡੋਲੀਉਂ ਉਤਰੀ ਹੋਵੇ।

''ਕਿੰਨੀ ਚੰਗੀ ਕਿਸਮਤ ਹੈ ਜੀ ਮੇਰੀ ਜੋ ਤੁਸੀਂ ਮੈਨੂੰ ਆਪਣੇ ਕਾਬਲ ਸਮਝਿਆ।'' ਉਹ ਭੋਲੇਪਣ ਨਾਲ ਸੁਰੇਸ਼ ਦੇ ਸੀਨੇ ਨਾਲ ਚੰਮੜ ਜਾਂਦੀ।

''ਹੋਰ ਮੈਂ ਕੀ ਕਰਦਾ? ਮੈਨੂੰ ਤਾਂ ਤੂੰ ਭੋਰਾ ਪਸੰਦ ਨਹੀਂ ਸੀ ਕਾਲੋ ਜਿਹੀ। ਪਰ ਤੇਰੇ ਤੇ ਤਰਸ ਆ ਗਿਆ ਮੈਨੂੰ ਬਈ ਵਿਚਾਰੀ ਨੇ ਕਿੰਨੀ ਮਿਹਨਤ ਕੀਤੀ ਐ...ਪੋਡਰ ਕਰੀਮ ਮਲਿਐ...ਜਿਵੇਂ ਜਾਮਣ 'ਤੇ ਲੂਣ ਛਿੜਕਿਆ ਹੋਵੇ...ਹੋਰ ਕਿਹਨੂੰ ਪਸੰਦ ਆਉਣੀ ਹੈ ਇਹ। ਚੱਲ ਮੈਂ ਹੀ ਵਿਆਹ ਕਰਵਾ ਲਵਾਂ, ਨਹੀਂ ਤਾਂ ਕਮਾਰੀ ਰਹਿਜੂਗੀ।'' ਸੁਰੇਸ਼ ਸ਼ਰਾਰਤ ਨਾਲ ਉਸ ਨੂੰ ਚਿੜਾਉਂਦਾ।

''ਕੋਈ ਨੀ। ਅਖੇ ਕਾਲੀਆਂ ਕਰਮਾਂ ਵਾਲੀਆਂ। ਤੁਸੀਂ ਹੈਗੇ ਓ ਕਿੰਨੇ ਗੋਰੇ ਚਿੱਟੇ...ਮੈਂ

ਗੋਰੀ ਹੋ ਕੇ ਕੀ ਲੈਣੈ। ਜੇ ਦੋਵੇਂ ਗੋਰੇ ਹੋ ਜਾਂਦੇ ਤਾਂ ਸਾਰਾ ਦਿਨ ਸੀਸੇ ਮੂਹਰੇ ਹੀ ਖੜ੍ਹੇ ਰਹਿੰਦੇ...। ਮੈਂ ਤਾਂ ਥੋੜਾ ਪਰਛਾਵਾਂ ਆਂ...। ਥੋਨੂੰ ਨਜ਼ਰ ਨਾ ਲੱਗੇ, ਸ਼ੈਦ ਰੱਬ ਨੇ ਤਾਂ ਹੀ ਮੈਨੂੰ ਥੋੜੇ ਕੋਲ ਭੇਜਿਐ...।'' ਉਹ ਅੱਗੋਂ ਮਜ਼ਬੂਤੀ ਨਾਲ ਆਖਦੀ।

''ਉਹ ਤਾਂ ਠੀਕ ਐ ਕਾਲੋ ਮਾਈ, ਰੱਬ ਨੇ ਭੇਜ 'ਤਾ ਜਾਂ ਤੂੰ ਆਪੇ ਆ ਗਈ ਪਰ ਇਕ ਗੱਲ ਦਾ ਧਿਆਨ ਰੱਖੀਂ ਮੇਰਾ ਬੱਚਾ ਮੇਰੇ ਵਰਗਾ ਹੋਵੇ ਗੋਰਾ ਚਿੱਟਾ। ਜੇ ਤੇਰੇ ਵਰਗਾ ਕਾਲਾ ਬਿੰਬੜ ਹੋਇਆ ਤਾਂ ਫੇਰ ਦੇਖਲੀਂ।'' ਉਹ ਪਿਆਰ ਨਾਲ ਉਸ ਦੇ ਕੰਨ ਫੜ ਕੇ ਖਿੱਚਦਾ।

''ਇਹ ਤਾਂ ਰੱਬ ਨੂੰ ਪਤੈ ਜੀ...। ਪਰ ਮੇਰੀਆਂ ਅੱਖਾਂ 'ਚ ਹਰ ਵੇਲੇ ਤੁਸੀਂ ਹੋ ਤਾਂ ਬੱਚਾ ਵੀ ਥੋੜੇ ਵਰਗਾ ਹੀ ਹੋਵੇਗਾ...।'' ਸਿਮਲਾ ਪਿਆਰ ਨਾਲ ਕਈ ਵਾਰੀ ਉਸ ਦਾ ਮੂੰਹ ਚੁੰਮਦੀ।

ਵਕਤ ਗੁਜ਼ਰ ਰਿਹਾ ਸੀ ਪਰ ਸਿਮਲਾ ਦੀ ਕੁੱਖ ਹਰੀ ਨਾ ਹੋਈ। ਪਹਿਲੇ ਦੋ ਸਾਲ ਤਾਂ ਐਵੇਂ ਹੀ ਲੰਘ ਗਏ, ''ਹੋਜੂ ਕੋਈ ਨੀਂ। ਕਾਹਦੀ ਕਾਹਲੀ ਹੈ'', ਪਰ ਦੋ ਸਾਲਾਂ ਬਾਅਦ ਉਸ ਦੀ ਸੱਸ ਉਸ ਨੂੰ ਡਾਕਟਰਾਂ ਦੇ ਲੈ ਕੇ ਜਾਣ ਲੱਗ ਪਈ। ਡਾਕਟਰਾਂ ਦੇ ਚੱਕਰ ਮਾਰਦਿਆਂ ਨੂੰ ਦੋ ਤਿੰਨ ਸਾਲ ਲੰਘ ਗਏ ਪਰ ਕੁਝ ਹੱਥ ਪੱਲੇ ਨਾ ਆਇਆ।

ਫੇਰ ਸਾਧਾਂ ਸੰਤਾਂ ਤੇ ਜਾਦੂ ਟੂਣਿਆਂ ਦਾ ਚੱਕਰ ਚੱਲਿਆ, ਪਰ ਕੋਈ ਤਰੀਕਾ ਕਾਰਗਰ ਸਿੱਧ ਨਾ ਹੋਇਆ। ਮੈਡੀਕਲ ਰਿਪੋਰਟਾਂ ਆਉਂਦੀਆਂ : 'ਔਰਤ 'ਚ ਕੋਈ ਨੁਕਸ ਨਹੀਂ ਹੈ, ਆਦਮੀ ਦੀ ਕਮਜ਼ੋਰੀ ਹੈ।' ਪਰ ਕੌਣ ਮੂੰਹ ਖੋਲ੍ਹੇ? ਸੁਰੇਸ਼ ਹੁਣ ਉਸ ਤੋਂ ਕੰਨੀ ਕਤਰਾਉਣ ਲੱਗ ਪਿਆ ਸੀ। ਇਕ ਦੋ ਵਾਰੀ ਡਾਕਟਰਾਂ ਨੇ ਜਦੋਂ ਉਸ ਦੇ ਮੂੰਹ 'ਤੇ ਹੀ ਕਹਿ ਦਿੱਤਾ ਕਿ ਉਸ ਦੇ ਵਿਚ ਹੀ ਖਰਾਬੀ ਹੈ ਤਾਂ ਉਹ ਸ਼ਰਮਿੰਦਾ ਜਿਹਾ ਹੋਇਆ ਘਰ ਵਾਪਸ ਆ ਗਿਆ। ਮੁੜ ਕੇ ਸਿਮਲਾ ਨਾਲ ਕਦੇ ਕਿਸੇ ਡਾਕਟਰ ਦੇ ਨਾ ਗਿਆ।

ਸੱਤ ਅੱਠ ਸਾਲ ਬੀਤ ਗਏ। ਸਿਮਲਾ ਸਭ ਯਤਨ ਕਰ ਕੇ ਹਾਰ ਗਈ ਸੀ। ਉਸ ਦਾ ਸਾਂਵਲਾ ਰੰਗ ਪੀਲਾ ਭੂਕ ਹੋ ਗਿਆ। ਹਫਤੇ 'ਚ ਪੰਜ ਦਿਨ ਉਹ ਵਰਤ ਰੱਖਦੀ ਕਿਤੇ ਰੱਬ ਬਹੁੜ ਜਾਵੇ। ਸਾਰਾ ਦਿਨ ਮੰਦਰ 'ਚ ਬੈਠੀ ਪੂਜਾ ਪਾਠ ਕਰਦੀ ਰਹਿੰਦੀ ਕਿਤੇ ਉਹ ਸੁਣ ਲਵੇ। ਜ਼ਿੰਦਗੀ ਦੀ ਸਿਖਰ ਦੁਪਹਿਰ 'ਚ ਉਹ ਮੁਰਝਾ ਗਈ ਸੀ। ਅਰਧ ਪਾਗ਼ਲ ਜਿਹੀ ਹੋਈ ਉਹ ਆਪੇ ਨਾਲ ਗੱਲਾਂ ਕਰਦੀ ਰਹਿੰਦੀ। ਜਿਥੇ ਕਿਤੇ ਕੋਈ ਦੱਸ ਪੈਂਦੀ ਉਹ ਸੱਸ ਨੂੰ ਲੈ ਕੇ ਭੱਜੀ ਜਾਂਦੀ। ਧਾਗੇ ਤਬੀਤਾਂ ਬੰਨ੍ਹਦੀ ਫਿਰਦੀ, ਪਿੱਪਲਾਂ ਨੂੰ ਪਾਣੀ ਦਿੰਦੀ ਤੇ ਚੁਰਾਹਿਆਂ 'ਤੇ ਦੁੱਧ ਡੋਲ੍ਹਦੀ। ਪਰ ਕੁਝ ਨਾ ਬਣਿਆ। ਉਸ ਦਾ ਸਹੁਰਾ ਚੁੱਪ ਚੁੱਪ ਰਹਿਣ ਲੱਗ ਪਿਆ ਸੀ। ਸੱਸ ਸਾਰਾ ਦਿਨ ਸਿਰ ਸੁੱਟੀ ਮੰਜੀ 'ਤੇ ਪਈ ਰਹਿੰਦੀ ਤੇ ਸੁਰੇਸ਼ ਆਪਣੇ ਆਪ ਨੂੰ ਕੰਮ 'ਚ ਬਿਜ਼ੀ ਰੱਖਦਾ ਤੇ ਰਾਤ ਨੂੰ ਮੂੰਹ ਦੂਜੇ ਪਾਸੇ ਕਰਕੇ ਸੌਂ ਜਾਂਦਾ।

''ਮੇਰਾ ਕੀ ਦੋਸ਼ ਹੈ ਜੀ? ਮੇਰਾ ਕਸੂਰ ਦੱਸੋ।''

ਉਹ ਪਤੀ ਦੀ ਪਿੱਠ ਨਾਲ ਲੱਗ ਕੇ ਸਾਰੀ ਰਾਤ ਰੋਂਦੀ ਰਹਿੰਦੀ।

''ਮੇਰਾ ਵੀ ਕੀ ਦੋਸ਼ ਹੈ? ਇਕ ਬੇਵਕੂਫ ਡਾਕਟਰ ਨੇ ਕਹਿ 'ਤਾ ਕਿ ਆਦਮੀ 'ਚ ਨੁਖਸ ਹੈ ਤਾਂ ਤੂੰ ਦੁੱਧ ਧੋਤੀ ਹੋਗੀ? ਭਲਾ ਆਦਮੀ 'ਚ ਵੀ ਕਦੇ ਨੁਖਸ ਹੋਏ ਨੇ? ਨੁਖਸ ਤੀਮੀਂ 'ਚ ਹੀ ਹੁੰਦੈ। ਜੇ ਉਹਦੀ ਮਸ਼ੀਨਰੀ ਨ੍ਹੀਂ ਠੀਕ ਤਾਂ ਆਦਮੀ ਕੁਸ ਨੀਂ ਕਰ ਸਕਦਾ...।'' ਉਹ ਬੇਰੁਖੀ ਨਾਲ ਮੂੰਹ ਤੇ ਖੇਸ ਲੈ ਕੇ ਸੌਂ ਜਾਂਦਾ।

ਸਿਮਲਾ ਦੀ ਹੁਣ ਘਰ 'ਚ ਪਹਿਲਾਂ ਵਾਲੀ ਕਦਰ ਨਹੀਂ ਰਹੀ ਸੀ। ਕਦਰ ਕੀ ਉਸ ਦੀ ਤਾਂ ਹੁਣ ਉਥੇ ਦਰਅਸਲ ਲੋੜ ਵੀ ਨਹੀਂ ਰਹੀ ਸੀ।

''ਮੈਨੂੰ ਕੀ ਪਤਾ ਸੀ ਮੇਰੇ ਪੁੱਤ ਦੇ ਭਾਗ ਐਨੇ ਮਾੜੇ ਲਿਖੇ ਨੇ ਰੱਬ ਨੇ। ਹਾਏ ਮੈਂ ਤਾਂ ਗੂੰਹ ਦੀਆਂ ਰੋੜੀਆਂ ਚੁੱਕ ਕੇ ਲਿਆ ਸੀ ਮਸਾਂ। ਅੱਗਿਉਂ ਡਾਢੇ ਨੇ ਫੇਰ ਹੱਥ ਦਿਖਾਏ। ਪਹਿਲਾਂ ਪਤਾ ਹੁੰਦਾ ਤਾਂ ਕੁੜੀ ਦਾ ਡਾਕਟਰੀਮੈਨਾ ਕਰਾਂਦੇ..।'' ਰਾਮਦੇਈ ਬੈਠੀ ਕੰਧਾਂ ਨਾਲ ਗੱਲਾਂ ਕਰ ਰਹੀ ਸੀ।

''ਮਾਂ ਜੀ ਡਾਕਟਰੀਮੈਨੇ 'ਚ ਮੈਂ ਜਮ੍ਹਾਂ ਠੀਕ ਆਉਣੀ ਆਂ। ਮੇਰੇ 'ਚ ਭੋਰਾ ਨੁਖਸ ਨੀਂ...।'' ਸਿਮਲਾ ਨੇ ਬੇਗੁਨਾਹਾਂ ਵਾਂਗ ਫਰਿਆਦ ਕੀਤੀ।

''ਹੋਰ ਫੇਰ ਮੇਰੇ ਪੁੱਤ 'ਚ ਨੁਸਖ ਐ? ਜੇ ਉਹਦੇ 'ਚ ਨੁਸਖ ਹੈ ਤਾਂ ਛੱਡਦੇ ਮੇਰੇ ਪੁੱਤ ਨੂੰ। ਮੈਂ ਤਾਂ ਹੋਰ ਵਿਆਹ ਲੂੰ। ਫੇਰ ਦੇਖੂੰ ਤੇਰੇ 'ਚ ਨੁਸਖ ਸੀ ਕਿ ਮੇਰੇ ਪੁੱਤ 'ਚ।'' ਰਾਮ ਦੇਈ ਉਸ ਨੂੰ ਗੱਲ ਨਹੀਂ ਕਰਨ ਦੇ ਰਹੀ ਸੀ।

''ਇਹ ਤੁਸੀਂ ਕੀ ਕਿਹਾ ਮਾਂ ਜੀ। ਸ਼ਰੀਫ ਘਰਾਂ ਦੇ ਬੰਦੇ ਇਹੋ ਜ੍ਹੀ ਗੱਲ ਸੋਚਦੇ ਵੀ ਨਹੀਂ...ਮੈਂ ਇਨ੍ਹਾਂ ਨੂੰ ਛੱਡ ਦੇਵਾਂ?....ਮਰ ਨੀਂ ਜਾਵਾਂਗੀ ਮੈਂ ਉਸ ਤੋਂ ਪਹਿਲਾਂ...!'' ਉਹ ਰੋ ਪਈ।

''ਮਰਨਾ ਐ ਤਾਂ ਆਪਣੇ ਮਾਂ ਬਾਪ ਦੇ ਘਰ ਜਾ ਕੇ ਮਰੀਂ, ਹੋਰ ਕਿਤੇ ਸਾਨੂੰ ਥਾਣੇ ਤਸੀਲਾਂ ਕਰਾਂਦੀ ਫਿਰੇਂ। ਆਪਣੇ ਪਿਉ ਨੂੰ ਕਹੀਂ ਬਈ ਤੇਰੇ ਵਾਸਤੇ ਕੋਈ ਸੂਰਮਾ ਲੱਭੇ, ਮੇਰੇ ਪੁੱਤ ਤੋਂ ਤਾਂ ਕੁਸ ਬਣਿਆ ਨ੍ਹੀਂ।'' ਉਹ ਕੱਪੜਿਆਂ ਤੋਂ ਬਾਹਰ ਹੋ ਗਈ।

''ਮਾਂ ਜੀ, ਥੋਡੀ ਨੂੰਹ ਆਂ ਮੈਂ। ਮਾੜ੍ਹਾ ਜ੍ਹਾ ਸੋਚ ਸਮਝ ਕੇ ਬੋਲੋ...।'' ਸਿਮਲਾ ਤੋਂ ਗੱਲ ਨਹੀਂ ਹੋ ਰਹੀ ਸੀ।

''ਲੈ ਹੁਣ ਇਹ ਮੈਨੂੰ ਬੋਲਣਾ ਸਖਾਊਗੀ। ਗਲਤੀ ਤਾਂ ਮੇਰੀ ਸੀ ਜੋ ਆਂਦੀ ਨੂੰ ਸਿਰ 'ਤੇ ਚੜ੍ਹਾ ਲਿਆ। ਮੈਨੂੰ ਕੀ ਪਤਾ ਸੀ ਇਹ ਮੇਰੇ ਸਿਰ 'ਚ ਗਲੀਆਂ ਕਰੂਗੀ। ਅਖੇ ਵੱਡੇ ਘਰ ਦੀ ਧੀ ਐ। ਭਲਾ ਮੈਂ ਮੇਜ਼ ਕੁਰਸੀਆਂ ਫੂਕਣੀਆਂ ਨੇ ਜਦੋਂ ਮੇਰੇ ਪੁੱਤ ਦੀ ਜੜ੍ਹ ਨੀਂ ਹਰੀ ਹੋਈ! ਮੈਂ ਕਿਸੇ ਗਰੀਬ ਦੇ ਘਰੋਂ ਪੈਰ ਫੜ੍ਹ ਕੇ ਰਿਸ਼ਤਾ ਮੰਗ ਲਿਆਊਂ ਪਰ ਇਹ ਨਹੀਂ ਹੋਣ ਦੇਣਾ ਬਈ ਤੇਰੇ ਵਰਗੀ ਫੰਡਰ ਤੀਮੀਂ ਦੇ ਮਗਰ ਲਾ ਕੇ ਆਪਣੇ ਪੁੱਤ ਦੀ ਜੂਨ ਗਾਲਦੂੰ।'' ਰਾਮ ਦੇਈ ਨੇ ਕਈ ਵਾਰ ਛਾਤੀ ਠੋਕੀ।

''ਮੇਰੇ ਭਰਾਵਾਂ ਨੇ ਕੋਈ ਚੂੜੀਆਂ ਨੀਂ ਪਾਈਆਂ ਹੋਈਆਂ, ਐਂ ਵਿਆਹ 'ਤੇ ਵਿਆਹ ਕਿਵੇਂ ਹੋ ਜੂ?'' ਸਿਮਲਾ ਨੂੰ ਗੁੱਸਾ ਆ ਗਿਆ।

''ਭਾਈਆਂ ਪਿੱਟੀਏ...ਹੁਣ ਕਿਉਂ ਜਾ ਕੇ ਉਨ੍ਹਾਂ ਦੇ ਟੱਕਰ ਨਹੀਂ ਮਾਰਦੀ ਬਈ ਤੇਰਾ ਕੁਸ ਕਰਨ।''

ਰਾਮ ਦੇਈ ਨੇ ਪੈਰ ਦੀ ਜੁੱਤੀ ਹੱਥ 'ਚ ਫੜ ਕੇ ਜ਼ਮੀਨ 'ਤੇ ਖੜਕਾਈ।

''ਹੋਰ ਕੀ ਕਰ ਦੇਣ ਉਹ? ਵਧੀਆ ਵਿਆਹ ਕਰਤਾ, ਪੜ੍ਹਾਤੀ ਲਿਖਾਤੀ...ਡਪਲੋਮਾ ਕਰਵਾਤਾ, ਇਹੀ ਕੁਸ ਹੁੰਦੈ...।'' ਸਿਮਲਾ ਬੋਲੀ।

''ਮੈਂ ਕੀ ਕਰਨੇ ਨੇ ਤੇਰੇ ਡਕਲੋਮੇ...ਤੇਰੀ ਕਮਾਈ ਖਾਣੀ ਐ...? ਅਖੇ ਫੰਡਰ ਪਸ਼ੂ ਨੂੰ ਨੀਂ ਕੋਈ ਘਰ 'ਚ ਰੱਖਦਾ ਤੂੰ ਤਾਂ ਤੀਮੀਂ ਐਂ। ਆਪਣੇ ਕਰਮ ਚੰਗੇ ਸਮਝ ਬਈ ਮੇਰਾ ਪੁੱਤ ਤੈਨੂੰ ਕੁਸ ਕਹਿੰਦਾ ਨੀਂ...।'' ਰਾਮ ਦੇਈ ਨਫਰਤ ਨਾਲ ਨੱਕ ਸਿਕੋੜਦੀ ਉਠ ਕੇ ਬਾਹਰ ਚਲੀ ਗਈ।

''ਵੇ ਸਰੇਸ...ਪੁੱਤ, ਬਹੂ ਸਾਰਾ ਦਿਨ ਵਿਹਲੀ ਬੈਠੀ ਰਹਿੰਦੀ ਐ ਘਰ 'ਚ...ਇਹਨੂੰ ਦਸਵੀਂ ਜਮਾਤ ਹੀ ਕਰਵਾ ਦੇ, ਮਾੜਾ ਮੋਟਾ ਬੋਲਣ ਦੀ ਅਕਲ ਆਊਗੀ ਏਸ ਨੂੰ...।'' ਸ਼ਾਮ ਨੂੰ ਰਾਮ ਦੇਈ ਨੇ ਸਾਰੇ ਘਰ ਨੂੰ ਸੁਣਾ ਕੇ ਕਿਹਾ।

''ਪਰ ਸਿਮਲਾ ਨੇ ਤਾਂ ਡਪਲੋਮਾ ਕੀਤਾ ਹੋਇਐ ਮਾਂ...।'' ਸੁਰੇਸ਼ ਨੇ ਠਰ੍ਹਮੇਂ ਨਾਲ ਕਿਹਾ।

''ਨਹੀਂ ਡਕਲੋਮੇ ਦਾ ਕੋਈ ਮਤਲਬ ਨ੍ਹੀਂ ਇਹਨੂੰ ਪੜ੍ਹਨ ਲਿਖਣ ਲਾ ਮਾੜਾ ਮੋਟਾ ਸਹੂਰ ਸਿਖੇ...। ਕਿੰਨੇ ਸਾਲ ਹੋਗੇ ਵਿਹਲੀ ਪਈ ਮੰਜੀ ਤੋੜਦੀ ਰਹਿੰਦੀ ਐ, ਜਾਂ ਜੀਭ ਚਲਾਂਦੀ ਐ ਕੈਂਚੀ ਵਾਂਗ...ਘਰ ਨਰਕ ਦੀ ਖੁੱਡ ਬਣ ਗਿਐ।'' ਰਾਮ ਦੇਈ ਸ਼ਿਕਾਇਤਾਂ ਦੀ ਲੰਮੀ ਲਿਸਟ ਲਾਲਾ ਰਾਮਕਰਣ ਤੇ ਸੁਰੇਸ਼ ਮੂਹਰੇ ਲਈ ਬੈਠੀ ਸੀ।

''ਤੂੰ ਅੱਜ ਮਾਂ ਦੇ ਸਾਹਮਣੇ ਬੋਲੀ ਸੀ...?'' ਸੁਰੇਸ਼ ਨੇ ਰਸੋਈ 'ਚ ਆ ਕੇ ਉਸ ਦੀ ਗੁੱਤ ਫੜੀ।

''ਨਹੀਂ ਜੀ ਮੈਂ ਕੁਸ ਨ੍ਹੀਂ ਕਿਹਾ।'' ਸਿਮਲਾ ਨੂੰ ਉਮੀਦ ਨਹੀਂ ਸੀ ਕਿ ਗੱਲ ਇਥੋਂ ਤੱਕ ਜਾਵੇਗੀ।

''ਕਿਹਾ ਕਿਉਂ ਨੀਂ...। ਕਹਿੰਦੀ ਐ ਮੇਰੇ ਪੇਕੇ ਬਹੁਤ ਅਮੀਰ ਨੇ...ਮੇਰੇ ਭਰਾ ਕਾਲੇ ਪਾਣੀ ਭਜਵਾ ਦੇਣਗੇ ਥੋਨੂੰ ਸਾਰੇ ਟੱਬਰ ਨੂੰ...। ਹਾਏ ਨੀ ਭੋਰਾ ਭਰ ਕੁੜੀ ਦੀ ਕਿੰਨੀ ਜ਼ੁਬਾਨ ਚੱਲਦੀ ਐ!''

ਰਾਮ ਦੇਈ ਬਲਦੀ 'ਤੇ ਤੇਲ ਪਾ ਰਹੀ ਸੀ।

''ਕਿਉਂ ਕਾਲੇ ਪਾਣੀ ਨੂੰ ਅਸੀਂ ਡਾਕਾ ਮਾਰਿਐ ਸਾਲਿਆਂ ਦੇ। ਵਿਆਜ ਸਮੇਤ ਇਕ ਇਕ ਪੈਸਾ ਮੋੜ ਦੂੰਗਾ ਦਾਜ ਦਾ...ਮੇਰੇ ਪੁੱਤ ਦੀ ਹਵਾ ਕੰਨੀ ਦੇਖ ਕੇ ਦਖਾਣ, ਜੇ ਸਾਰਾ ਖਾਨਦਾਨ ਸੀਖਾਂ ਪਿਛੇ ਨਾ ਕਰਵਾਤਾ ਤਾਂ ਮੇਰਾ ਨਾਂ ਵੀ ਲਾਲਾ ਰਾਮਕਰਣ ਦਾਸ ਨ੍ਹੀਂ।'' ਸਹੁਰੇ ਨੂੰ ਸਿਮਲਾ ਨੇ ਪਹਿਲੀ ਵਾਰੀ ਉੱਚੀ ਬੋਲਦਿਆਂ ਸੁਣਿਆ।

''ਮੈਂ ਕੁਝ ਨ੍ਹੀਂ ਕਿਹਾ ਜੀ...। ਮਾਂ ਜੀ ਮੈਨੂੰ ਫੰਡਰ ਫੂੰਡਰ ਪਤਾ ਨੀਂ ਕੀ ਕੁਸ ਕਹਿ ਰਹੇ ਸੀ...।'' ਸਿਮਲਾ ਉੱਚੀ ਉੱਚੀ ਰੋ ਪਈ।

''ਹਾਲੇ ਵੀ ਬੋਲਦੀ ਐਂ ਸਾਲੀਏ...। ਫੰਡਰ ਨਹੀਂ ਹੋਰ ਤੂੰ ਸੱਤ ਪੁੱਤਾਂ ਦੀ ਮਾਂ ਐਂ? ਜੇ ਮੈਂ ਤੈਨੂੰ ਕਦੇ ਕੁਸ ਕਿਹਾ ਨੀਂ ਤਾਂ ਇਹ ਨਾ ਸਮਝੀਂ ਕਿ ਮੈਂ ਜਮ੍ਹਾਂ ਈ ਨਮਰਦ ਆਂ। ਜਿਊਂਦੀ ਨੂੰ ਜ਼ਮੀਨ 'ਚ ਗੱਡ ਦੂੰਗਾ ਸਾਲੀ ਮੇਰੀ ਨੂੰ। ਸਾਡੇ ਘਰ 'ਚ ਨੀਂ ਤੇਰੇ ਪੇਕਿਆਂ ਵਾਂਗ ਚੰਮ ਦੀਆਂ ਚੱਲਦੀਆਂ ਬਈ ਮੁੰਡੇ ਵਿਆਹੇ ਗਏ ਤਾਂ ਰੰਨਾਂ ਲੈ ਕੇ ਅੱਡ ਚੁਬਾਰਿਆਂ 'ਚ ਰਹਿਣ ਲੱਗ ਪਏ। ਮੇਰੀ ਮਾਂ ਦੇ ਸਾਹਮਣੇ ਜੇ ਕਦੇ ਮੂੰਹ ਵੀ ਖੋਹਲਿਆ ਤਾਂ ਜੀਭ ਕੱਟ ਦੂੰ ਸਾਲੀ ਦੀ...।'' ਸੁਰੇਸ਼ ਨੇ ਪੰਜ ਸੱਤ ਥੱਪੜ ਉਸ ਦੇ ਮੂੰਹ 'ਤੇ ਜੜ੍ਹ ਦਿਤੇ। ਸਿਮਲਾ ਅਵਾਕ ਰਹਿ ਗਈ। ਇਹ ਕੀ ਹੋ ਗਿਆ? ਉਸ ਦਾ ਪਤੀ ਸੁਰੇਸ਼ ਇੱਦਾਂ ਵੀ ਕਰ ਸਕਦਾ ਹੈ ਉਸ ਨੂੰ ਸੁਪਨੇ 'ਚ ਵੀ ਉਮੀਦ ਨਹੀਂ ਸੀ।

''ਐਂ ਲੜੇ ਝਗੜੇ ਤੋਂ ਕੰਮ ਨਹੀਂ ਸੂਤ ਆਣਾ ਸਾਊ। ਇਹਦੇ ਮਾਂ ਬਾਪ ਨੂੰ ਸੱਦੋ ਤੇ ਇਹਦਾ ਫੈਸਲਾ ਕਰੋ...। ਕਲ੍ਹ ਨੂੰ ਅੱਗ ਉੱਗ ਲਾ ਕੇ ਮਰਗੀ ਤਾਂ ਮੂੰਹ ਕਾਲਾ ਹੋਜੂ ਸਾਰੇ ਟੱਬਰ ਦਾ। ਜੇਲ੍ਹਾਂ ਭੁਗਤਦੇ ਫਿਰਾਂਗੇ। ਅਖੇ ਬਦਮਾਸ਼ ਤੀਮੀਂਆਂ ਦਾ ਕੁਸ ਨੀਂ ਹੁੰਦਾ, ਕੁਲਾਂ ਦੀਆਂ ਕੁਲਾਂ ਖਤਮ ਕਰਵਾ ਦਿੰਦੀਆਂ ਨੇ ਇਹ...।'' ਰਾਮ ਦੇਈ ਨੇ ਨਵਾਂ ਡਰ ਪੈਦਾ ਕੀਤਾ।

''ਕਿਸੇ ਕੰਜਰ ਨੂੰ ਬੁਲਾਉਣ ਦੀ ਲੋੜ ਨੀਂ ਇਥੇ। ਮੈਂ ਆਪ ਹੀ ਜਾ ਕੇ ਇਹਨੂੰ ਕਲ੍ਹ ਛੱਡ ਕੇ ਆਊਂ। ਸਾਡੇ ਘਰ ਕਿਉਂ ਲੋਕ ਡਰਾਮੇ ਦੇਖਣ। ਇਹਦੇ ਭਰਾਵਾਂ ਤੇ ਭਾਬੀਆਂ ਸਾਹਮਣੇ ਇਹਦੀਆਂ ਕਰਤੂਤਾਂ ਦੱਸੂੰ ਬਈ ਆਹ ਚੰਦ ਚਾੜ੍ਹ ਰਹੀ ਐ ਥੋਡੀ ਲਾਡਲੀ...।'' ਆਖ ਕੇ ਸੁਰੇਸ਼ ਬਗੈਰ ਰੋਟੀ ਖਾਧੇ ਚੁਬਾਰੇ 'ਚ ਚਲਾ ਗਿਆ ਤੇ ਸਿਮਲਾ ਸੁੰਨ ਹੋਈ ਦੇਖਦੀ ਰਹਿ ਗਈ।

ਸਭ ਆਪਣੇ ਆਪਣੇ ਕਮਰਿਆਂ 'ਚ ਜਾ ਕੇ ਸੌਂ ਗਏ। ਉਹ ਅੱਧੀ ਰਾਤ ਤਕ ਰਸੋਈ 'ਚ ਚੁੱਲ੍ਹੇ ਦੀ ਠੰਡੀ ਹੋ ਰਹੀ ਰਾਖ ਦੇ ਸਹਾਰੇ ਬੈਠੀ ਰਹੀ। ਸ਼ਾਇਦ ਸੁਰੇਸ਼ ਪਿਸ਼ਾਬ ਕਰਨ ਉਠਿਆ ਸੀ।

''ਇਥੇ ਬੈਠੀ ਕੀ ਕਰਦੀ ਐਂ? ਮਿੱਟੀ ਦਾ ਤੇਲ ਚਾਹੀ ਦੈ ਤੈਨੂੰ ਆਪਣੇ ਆਪ ਨੂੰ ਫੂਕਣ ਨੂੰ...ਤਾਂ ਕਲ੍ਹ ਨੂੰ ਆਪਣੇ ਪਿਉ ਦੇ ਘਰੇ ਲੱਭੀਂ ਜਾ ਕੇ...ਸਾਨੂੰ ਆਰਾਮ ਨਾਲ ਜੀਣ ਦੇ...।'' ਆਖ ਕੇ ਉਹ ਪੌੜੀਆਂ ਵੱਲ ਵਧਿਆ। ਸਿਮਲਾ ਉਸ ਦੇ ਮਗਰ ਹੀ ਉਠ ਕੇ ਭੱਜੀ।

''ਮੈਨੂੰ ਮਾਫ਼ ਕਰ ਦੋ ਜੀ...। ਰੱਬ ਦੇ ਵਾਸਤੇ ਮਾਫ ਕਰ ਦੋ...। ਗ਼ਲਤੀ ਹੋਗੀ ਮੇਰੇ ਤੋਂ ਮੈਨੂੰ ਐਂ ਨਹੀਂ ਸੀ ਬੋਲਣਾ ਚਾਹੀਦਾ... ਮੈਂ ਪਾਗ਼ਲ ਹੋਗੀ ਸੀ ਜੀ....।'' ਉਹ ਪੌੜੀਆਂ ਚੜ੍ਹਦੇ ਪਤੀ ਦੇ ਪੈਰਾਂ ਨਾਲ ਚੰਮੜ ਗਈ।

''ਛੱਡ ਮੇਰੇ ਪੈਰ। ਡਰਾਮੇ ਨਾ ਕਰ। ਲੋਕਾਂ ਨੂੰ ਤਮਾਸ਼ੇ-ਨਾ ਦਿਖਾ। ਕੱਲ੍ਹ ਨੂੰ ਆਪਣੀ ਟਿੰਡ ਫੌੜੀ ਚੁੱਕ ਤੇ ਤੁਰਦੀ ਲੱਗ...।'' ਸੁਰੇਸ਼ ਨੇ ਗ਼ੁੱਸੇ ਨਾਲ ਉਸ ਦੇ ਜ਼ੋਰ ਦੀ ਲੱਤ ਮਾਰੀ। ਪਰ ਉਹ ਲੱਤ ਖਾ ਕੇ ਵੀ ਉਸ ਦੇ ਪੈਰ ਨਹੀਂ ਛੱਡ ਰਹੀ ਸੀ।

ਸੁਰੇਸ਼ ਦੇ ਪੈਰਾਂ ਨਾਲ ਘੀਸੜਦੀ ਹੋਈ ਉਹ ਚੁਬਾਰੇ 'ਚ ਚਲੀ ਗਈ।

''ਇਸ ਤਰ੍ਹਾਂ ਨਾ ਕਰੋ। ਮੇਰੀ ਜ਼ਿੰਦਗੀ ਤੇ ਮੌਤ ਥੋਡੇ ਹੱਥ ਐ। ਘਰਾਂ 'ਚ ਸੌ ਗੱਲਾਂ ਹੁੰਦੀਆਂ ਨੇ ਪਰ ਆਦਮੀ ਤੀਮੀਂ ਇਕ ਦੂਜੇ ਨੂੰ ਛੱਡ ਤਾਂ ਨ੍ਹੀਂ ਦਿੰਦੇ। ਮੈਂ ਕਿਥੇ ਜਾਊਂਗੀ ਜੀ ਹੁਣ...।'' ਉਸ ਨੇ ਹੰਝੂਆਂ ਨਾਲ ਸੁਰੇਸ਼ ਦੇ ਪੈਰ ਭਿਉਂ ਦਿਤੇ।

''ਆਪਣੇ ਬਾਪ ਦੇ ਘਰ ਜਾ...। ਉਹ ਬਥੇਰਾ ਕੁਸ ਕਰ ਦੂਗਾ ਤੇਰੇ ਵਾਸਤੇ...।'' ਸੁਰੇਸ਼ ਨਫਰਤ ਨਾਲ ਬੋਲਿਆ।

''ਨਹੀਂ../ਨਹੀਂ...। ਬਾਪ ਦੇ ਘਰ 'ਚ ਮੇਰੇ ਲਈ ਹੁਣ ਕੋਈ ਥਾਂ ਨਹੀਂ। ਕੋਈ ਬਾਪ ਆਪਣੀ ਵਿਆਹੀ ਵਰੀ ਧੀ ਨੂੰ ਘਰ ਨਹੀਂ ਰੱਖ ਸਕਦਾ। ਲੋਕ ਸੌ ਗੱਲਾਂ ਕਰਨਗੇ। ਉਹ ਤਾਂ ਜਿਊਂਦਾ ਹੀ ਮਰਜੂ ਨਮੋਸ਼ੀ ਨਾਲ।'' ਉਹ ਦਾਨਿਆਂ ਵਾਂਗ ਬੋਲੀ।

''ਨਹੀਂ ਰੱਖ ਸਕੂਗਾ ਤਾਂ ਹੋਰ ਕਿਤੇ ਵਿਆਹ ਦੂਗਾ...।'' ਸੁਰੇਸ਼ ਨੇ ਗੁੱਸੇ ਨਾਲ ਉਸ ਦੇ ਵਾਲ ਫੜ ਕੇ ਖਿੱਚੇ।

''ਮੈਂ ਮਰ ਜਾਵਾਂਗੀ ਸੁਰੇਸ਼...। ਥੋਡੇ ਬਗੈਰ ਮਰ ਜਾਵਾਂਗੀ...ਮੈਂ ਥੋਨੂੰ ਬਹੁਤ ਪਿਆਰ ਕਰਦੀ ਹਾਂ ਜੀ...। ਮੈਂ ਕਿਸੇ ਬਾਰੇ ਸੋਚ ਵੀ ਨਹੀਂ ਸਕਦੀ...। ਮੈਂ ਬਾਪ ਦੇ ਘਰ ਨਹੀਂ ਜਾਵਾਂਗੀ...ਚਾਹੋ ਤਾਂ ਇਥੇ ਹੀ ਮੈਨੂੰ ਜ਼ਹਿਰ ਦੇ ਕੇ ਮਾਰ ਦਿਉ...। ਮੈਂ ਅਗਨੀ ਦੇਵਤਾ ਦੇ ਸਾਹਮਣੇ ਥੋਡੇ ਨਾਲ ਫੇਰੇ ਲਏ ਨੇ। ਇਕੱਠੇ ਜੀਣ ਮਰਨ ਤੇ ਦੁੱਖ ਸੁੱਖ 'ਚ ਸਾਥ ਦੇਣ ਦੇ ਵਚਨ ਦਿਤੇ ਨੇ। ਹਜ਼ਾਰਾਂ ਬੰਦਿਆਂ ਸਾਹਮਣੇ ਤੁਸੀਂ ਮੇਰਾ ਹੱਥ ਫੜ੍ਹਿਐ, ਕੋਈ ਭੱਜ ਕੇ ਥੋੜ੍ਹੀ ਆਈ ਹਾਂ। ਇੰਨੇ ਪਵਿੱਤਰ ਰਿਸ਼ਤੇ ਨੂੰ ਇਕ ਮਿੰਟ 'ਚ ਨਾ ਤੋੜੋ ਸੁਰੇਸ਼...ਇਕ ਮੌਕਾ ਹੋਰ ਦਿਉ ਮੈਨੂੰ। ਪਤੀ ਪਤਨੀ ਦਾ ਤਾਂ ਜਨਮ ਜਨਮ ਦਾ ਸਾਥ ਹੁੰਦੈ ਪਰ ਤੁਸੀਂ ਤਾਂ ਮੇਰੇ

 ਨਾਲ ਚਾਰ ਦਿਨ ਵੀ ਨਾ ਨਿਭਾਈ...।'' ਉਹ ਕੁਰਲਾ ਰਹੀ ਸੀ।

ਆਦਮੀ ਕਿੰਨਾ ਵੀ ਮਾਂ ਬਾਪ ਦੇ ਮਗਰ ਲੱਗ ਜਾਵੇ ਪਰ ਪਤਨੀ ਵਾਸਤੇ ਹਮੇਸ਼ਾ ਉਸ ਦੇ ਮਨ 'ਚ ਕੋਈ ਨਾ ਕੋਈ ਨਰਮ ਨਾਜ਼ਕ ਥਾਂ ਜ਼ਰੂਰ ਹੁੰਦੀ ਹੈ। ਤੇ ਸ਼ਾਇਦ ਸਿਮਲਾ ਨੇ ਸੁਰੇਸ਼ ਦੀ ਉਸੇ ਥਾਂ ਨੂੰ ਹੱਥ ਪਾ ਲਿਆ ਸੀ। ਉਹ ਥੋੜ੍ਹਾ ਢਿੱਲਾ ਹੋਇਆ। ਸਿਮਲਾ 'ਤੇ ਤਰਸ ਆ ਗਿਆ ਉਸ ਨੂੰ।

''ਠੀਕ ਐ...ਅੱਜ ਤੋਂ ਬਾਅਦ ਬੰਦਾ ਬਣ ਕੇ ਰਹੀਂ। ਜੇ ਦੂਜੀ ਵਾਰ ਤੇਰੀ ਸ਼ਿਕਾਇਤ ਮਿਲ ਗਈ ਤਾਂ ਸਮਝ ਲੀਂ ਤੇਰਾ ਮੇਰਾ ਆਖਰੀ ਦਿਨ ਹੋਊਗਾ...।'' ਸੁਰੇਸ਼ ਨੇ ਉਸ ਨੂੰ ਮੋਢਿਆਂ ਤੋਂ ਫੜ ਕੇ ਹਲੂਣਿਆ।

''ਕਦੇ ਨਹੀਂ ਹੋਵੇਗਾ ਜੀ...ਕਦੇ ਨਹੀਂ...ਬੱਸ ਇਕ ਵਾਰ ਮਾਫ ਕਰ ਦਿਉ...।'' ਸਿਮਲਾ ਨੂੰ ਉਮੀਦ ਨਹੀਂ ਸੀ ਕਿ ਸੁਰੇਸ਼ ਇੰਨੀ ਛੇਤੀ ਪਿਘਲ ਜਾਵੇਗਾ।

ਉਹ ਦਿਨ ਗਿਆ ਤੇ ਅੱਜ ਦਾ ਦਿਨ ਆਇਆ ਪਰ ਮੁੜ ਕੇ ਸਿਮਲਾ ਸੱਸ ਨਾਲ ਜ਼ੁਬਾਨੋਂ ਬਦਜ਼ੁਬਾਨ ਨਾ ਹੋਈ। ਉਹ ਤੜਕੇ ਹੀ ਉਠਦੀ, ਸਾਰੇ ਘਰ ਦੀਆਂ ਸਫਾਈਆਂ ਕਰਦੀ, ਮੰਦਰ ਜਾਂਦੀ, ਰੋਟੀ ਪਾਣੀ ਰਸੋਈ ਦਾ ਸਾਰਾ ਕੰਮ ਸਾਂਭਦੀ ਤੇ ਅੱਧੀ ਰਾਤ ਤੱਕ ਗਰਮ ਦੁੱਧ ਦੇ ਗਲਾਸ ਲਈ ਘਰ ਦੇ ਸਾਰੇ ਜੀਆਂ ਦੇ ਸਿਰਹਾਣੇ ਖੜ੍ਹੀ ਰਹਿੰਦੀ। ਉਤੋਂ ਸ਼ਾਂਤੀ ਹੋ ਗਈ ਸੀ, ਪਰ ਰਾਮ ਦੇਈ ਦੇ ਮਨ ਦਾ ਲਾਵਾ ਹਾਲੇ ਠੰਡਾ ਨਹੀਂ ਹੋਇਆ ਸੀ। ਉਸ ਨੂੰ ਸਿਮਲਾ ਫੁੱਟੀ ਅੱਖ ਨਾ ਚੰਗੀ ਲਗਦੀ।

ਸਿਮਲਾ ਦੇ ਛੋਟੇ ਭਰਾ ਦੀ ਕੁੜਮਾਈ ਹੋਈ ਤਾਂ ਉਸ ਦੇ ਪੇਕਿਆਂ ਨੇ ਕਈ ਟੋਕਰੇ ਫਲ ਤੇ ਮਠਿਆਈਆਂ ਦੇ ਭਰ ਕੇ ਭੇਜੇ।

''ਕੀ ਆਇਐ...?'' ਸੁਰੇਸ਼ ਨੇ ਸਹਿਜੇ ਹੀ ਪੁੱਛਿਆ।

''ਆਏ ਨੇ ਰਿੰਡ ਖਰਬੂਜ਼ੇ...। ਆਪਣੀ ਫੰਡਰ ਧੀ ਨੂੰ ਵਸੌਣ ਵਾਸਤੇ ਸੌ ਰਿਸ਼ਵਤਾਂ ਦਿੰਦੇ ਨੇ ਅਗਲੇ...।'' ਰਾਮ ਦੇਈ ਨੇ ਟੋਕਰਿਆਂ ਨੂੰ ਹੱਥ ਤਕ ਨਾ ਲਗਾਇਆ।

ਸਿਮਲਾ ਨੂੰ ਫੇਰ ਖਤਰੇ ਦੀ ਬੂ ਆਉਣੀ ਸ਼ੁਰੂ ਹੋ ਗਈ। ਉਹ ਸਮਝ ਗਈ ਕਿ ਉਸ ਦੇ ਚੰਗੀ ਤੇ ਸਿਆਣੀ ਬਣਨ ਨਾਲ ਵੀ ਉਸ ਦੀ ਪਛਾਣ ਨਹੀਂ ਬਦਲੀ, ਉਹ ਅੱਜ ਵੀ ਘਰ 'ਚ ਇਕ ਫੰਡਰ ਮਾਲ ਹੀ ਹੈ...ਪੂਰਨ ਔਰਤ ਨਹੀਂ। ਉਸ ਦੇ ਪੇਕਿਆਂ ਦਾ ਭੇਜਿਆ ਧਨ ਉਸ ਨੂੰ ਇਸ ਘਰ 'ਚ ਵਸਾ ਨਹੀਂ ਸਕੇਗਾ। ਔਲਾਦ ਦੀ ਭੁੱਖ ਇਸ ਟੱਬਰ ਨੂੰ ਪਾਗਲ ਕਰ ਦੇਵੇਗੀ ਤੇ ਇਸ ਭੁੱਖ 'ਚ ਉਹ ਭੁੱਲ ਜਾਣਗੇ ਕਿ ਸਿਮਲਾ ਦਾ ਕੋਈ ਕਸੂਰ ਨਹੀਂ, ਉਹ ਬੇਕਸੂਰ ਹੈ।

ਇਕ ਦਿਨ ਸੁਰੇਸ਼ ਪਿਛਲੇ ਵਿਹੜੇ 'ਚ ਲੱਗੀ ਅੰਗੂਰਾਂ ਦੀ ਵੇਲ ਨੂੰ ਪਾਣੀ ਦੇ ਰਿਹਾ ਸੀ।

''ਕੀ ਫੈਦੈ ਰੋਜ਼ ਰੋਜ਼ ਪਾਣੀ ਦੇਣ ਦਾ, ਫਲ ਤਾਂ ਕਦੇ ਇਸ 'ਤੇ ਇਕ ਨੀਂ ਲੱਗਿਆ...।'' ਉਸ ਨੇ ਪਤੀ ਨੂੰ ਸਮਝਾਇਆ।

''ਤੇਰੇ ਵਰਗੀ ਐ ਇਹ ਵੀ...।'' ਆਖ ਕੇ ਉਹ ਪਾਣੀ ਦੀ ਬਾਲਟੀ ਉਥੇ ਹੀ ਛੱਡ ਕੇ ਚਲਾ ਗਿਆ ਤੇ ਸਿਮਲਾ ਕਿਸੇ ਫਟੜ ਹੋਏ ਪੰਛੀ ਵਾਂਗ ਆਪਣੇ ਖੰਭ ਜਿਹੇ ਇਕੱਠੇ ਕਰ ਕੇ ਉਥੇ ਹੀ ਜ਼ਮੀਨ 'ਤੇ ਬੈਠ ਗਈ।

ਘਰ 'ਚ ਕਈ ਦਿਨਾਂ ਤੋਂ ਕਿਸੇ ਗੱਲ 'ਤੇ ਘੁਸਰ ਮੁਸਰ ਹੋ ਰਹੀ ਸੀ ਪਰ ਸਿਮਲਾ ਨੂੰ

ਕੋਈ ਕੁਝ ਨਹੀਂ ਸੀ ਦੱਸ ਰਿਹਾ। ਇਕ ਦਿਨ ਸ਼ਾਮ ਵੇਲੇ ਸੁਰੇਸ਼ ਨੇ ਅਚਾਨਕ ਹੀ ਉਸ ਅੱਗੇ ਸਾਰੀ ਗੱਲ ਦਾ ਭਾਂਡਾ ਭੰਨ ਦਿੱਤਾ–

''ਸਿਮਲਾ...। ਤੈਨੂੰ ਪਤੈ ਮਾਂ ਹੁਣ ਬਮਾਰ ਰਹਿੰਦੀ ਐ ਤੇ ਪਿਤਾ ਜੀ ਬਜ਼ੁਰਗ ਹੋ ਚੱਲੇ ਨੇ।'' ਉਹ ਸੰਜੀਦਗੀ ਨਾਲ ਬੋਲਿਆ।

''ਹਾਂ ਜੀ, ਮੈਨੂੰ ਪਤੈ...।'' ਉਸ ਨੇ ਹਾਂ 'ਚ ਸਿਰ ਹਿਲਾਇਆ।

''ਦੇਖ ਮੈਂ ਤੇਰੇ ਤੋਂ ਕੁਸ ਨਹੀਂ ਛੁਪਾ ਰਿਹਾ, ਤੂੰ ਖ਼ੁਦ ਹੀ ਸਮਝਦਾਰ ਐਂ। ਬੁੜ੍ਹੀਆਂ ਨੂੰ ਆਦਤ ਹੀ ਹੁੰਦੀ ਐ ਆਮ ਚੁਗਲ ਚਕੋਰੀ ਕਰਨ ਦੀ। ਕਦੇ ਲੜ ਲਈਆਂ ਤੇ ਕਦੇ ਹੱਸ ਲਈਆਂ। ਮੈਂ ਕਦੇ ਧਿਆਨ ਨਹੀਂ ਦਿੱਤਾ ਇਨ੍ਹਾਂ ਛੋਟੀਆਂ ਮੋਟੀਆਂ ਗੱਲਾਂ ਵੱਲ ਪਰ ਹੁਣ ਗੱਲ ਬਹੁਤ ਸੀਰੀਅਸ ਐ। ਮਾਂ ਮੇਰੇ ਪਿੱਛੇ ਪਈ ਐ ਕਿ ਮੈਂ ਦੂਜਾ ਵਿਆਹ ਕਰਵਾ ਲਵਾਂ...ਤੇਰਾ ਕੀ ਖ਼ਿਆਲ ਐ?'' ਸਿਮਲਾ ਦੇ ਸਾਹਮਣੇ ਜਿਵੇਂ ਕੋਈ ਆਤਸ਼ਬਾਜ਼ੀ ਦਾ ਅਨਾਰ ਅਚਾਨਕ ਬੰਬ ਬਣ ਕੇ ਫਟਿਆ। ਉਹ ਸੁੰਨ ਹੋ ਗਈ। ਉਸ ਨੂੰ ਯਕੀਨ ਨਾ ਆਇਆ ਕਿ ਏਡੀ ਵੱਡੀ ਗੱਲ ਸੁਰੇਸ਼ ਏਨੀ ਆਸਾਨੀ ਨਾਲ ਕਹਿ ਸਕਦਾ ਹੈ। ਉਹ ਬੌਲਿਆਂ ਵਾਂਗ ਉਸ ਦੇ ਮੂੰਹ ਵੱਲ ਦੇਖਦੀ ਰਹਿ ਗਈ।

''ਮੈਨੂੰ ਪਤੈ ਤੂੰ ਕਹੇਂਗੀ ਕਿ ਮੇਰਾ ਕੀ ਕਸੂਰ ਐ, ਪਰ ਕਸੂਰ ਮੇਰਾ ਵੀ ਨਹੀਂ। ਮੈਂ ਹੁਣ ਸਿਰਫ ਤੇਰੇ ਵਾਸਤੇ ਆਪਣੇ ਮਾਂ ਬਾਪ ਦਾ ਮਨ ਕਦੋਂ ਤਕ ਦੁਖਾ ਸਕਦਾਂ? ਤੂੰ ਵੀ ਰਹੀ ਚੱਲ, ਉਹ ਵੀ ਰਹੀ ਜਾਊਗੀ। ਮੈਂ ਤੇਰਾ ਸਾਥ ਦਿੱਤੈ ਤੂੰ ਮੇਰਾ ਸਾਥ ਦੇ। ਜੇ ਨਹੀਂ ਮੰਜ਼ੂਰ ਤਾਂ ਮੈਂ ਤਲਾਕ ਦੇਣ ਲਈ ਤਿਆਰ ਆਂ..।'' ਆਖ ਕੇ ਉਹ ਚਲਾ ਗਿਆ।

ਸਿਮਲਾ ਲਈ ਹੁਣ ਕੋਈ ਰਾਹ ਨਹੀਂ ਬਚਿਆ ਸੀ। ਸੁਰੇਸ਼ ਨੂੰ ਦਿਲੋਂ ਪਿਆਰ ਕਰਦੀ ਸੀ ਉਹ। ਕਿਸੇ ਕੀਮਤ 'ਤੇ ਵੀ ਉਹ ਆਪਣੇ ਪਤੀ ਨੂੰ ਖੋਣਾ ਨਹੀਂ ਚਾਹੁੰਦੀ ਸੀ। ਉਹ ਪਤੀ ਜੋ ਉਸਦੇ ਤੁਰਦੀ ਦੇ ਕਦਮ ਗਿਣਦਾ ਸੀ ਅੱਜ ਉਸ ਨੂੰ ਟੁੱਟੀ ਹੋਈ ਜੁੱਤੀ ਵਾਂਗ ਲਾਹ ਕੇ ਸੁੱਟ ਗਿਆ ਸੀ।

ਉਸ ਦਾ ਰੂਪ ਰੰਗ, ਗੁਣ, ਧਨ ਤੇ ਸੇਵਾ-ਭਾਵ ਜਾਂ ਨਿਮਰਤਾ ਕੋਈ ਕੰਮ ਨਹੀਂ ਆਇਆ ਸੀ। ਇਕ ਬੱਚੇ ਦੀ ਕਮੀ ਨੇ ਉਸ ਨੂੰ ਕਿਥੇ ਲਿਆ ਕੇ ਖੜ੍ਹਾ ਕਰ ਦਿੱਤਾ ਸੀ। ਸਹੀ ਕਿਹੈ ਕਿਸੇ ਨੇ ਕਿ ਬੱਚੇ ਬਗੈਰ ਔਰਤ ਕਾਹਦੀ ਔਰਤ? ਮਿੱਟੀ ਦਾ ਬੁੱਤ ਹੈ। 'ਜੋ ਮਾਲਕ ਨੂੰ ਮੰਜ਼ੂਰ' ਆਖ ਕੇ ਉਸ ਨੇ ਗਰਦਨ ਸੁੱਟ ਲਈ। ਜਿਸ ਰੱਬ ਦੇ ਨਾਮ 'ਤੇ ਸਾਰਾ ਦਿਨ ਉਹ ਧੂਫ਼ਾਂ ਤੇ ਜੋਤਾਂ ਜਗਾਉਂਦੀ ਸੀ ਉਸ ਰੱਬ ਨਾਲ ਨਫਰਤ ਹੋ ਗਈ ਉਸ ਨੂੰ। ਵਰਤ, ਪੂਜਾ, ਪਾਠ, ਧਾਗੇ, ਤਬੀਤ ਸਭ ਛੱਡ ਦਿਤੇ ਉਸ ਨੇ ਤੇ ਨਾਲੇ ਛੱਡ ਦਿੱਤਾ ਘਰ ਨਾਲ ਮੋਹ ਪਿਆਰ। ਘਰ ਦਾ ਡੱਕਾ ਨਾ ਤੋੜਦੀ ਉਹ...ਨਾ ਨਹਾਂਦੀ ਨਾ ਧੋਂਦੀ, ਮੈਲੇ ਜਿਹੇ ਕੱਪੜੇ ਪਾਈ ਘਰ ਦੀ ਛੱਤ ਉਪਰ ਪਈ ਪਲੂੰਘੜੀ 'ਤੇ ਪਈ ਰਹਿੰਦੀ। ਘਰ ਦੇ ਕਿਸੇ ਜੀਅ ਨੂੰ ਉਸ 'ਤੇ ਤਰਸ ਨਾ ਆਉਂਦਾ ਜਿਵੇਂ ਉਸ ਨੇ ਕੋਈ ਬਹੁਤ ਵੱਡਾ ਗੁਨਾਹ ਕਰ ਦਿੱਤਾ ਹੋਵੇ। ਕੋਈ ਉਸ ਦੇ ਨਾਲ ਬੋਲਦਾ ਨਾ ਜਿਵੇਂ ਉਹ ਕੋਈ ਭੂਤ ਪ੍ਰੇਤ ਹੋਵੇ ਜਿਸ ਦੇ ਪਰਛਾਵੇਂ ਤੋਂ ਸਭ ਡਰਦੇ ਹੋਣ।

ਇਕ ਦਿਨ ਉਹ ਬੀਮਾਰਾਂ ਵਾਂਗ ਮੰਜੀ ਡਾਹੀ ਛੱਤ ਤੇ ਪਈ ਸੀ। ਉਨ੍ਹਾਂ ਦੇ ਘਰ ਦੇ ਨਾਲ ਹੀ ਸੁਰੇਸ਼ ਦੇ ਤਾਏ ਦਾ ਘਰ ਸੀ। ਕੰਧ ਸਾਂਝੀ ਸੀ। ਬਨੇਰੇ ਬਹੁਤ ਛੋਟੇ ਛੋਟੇ ਸਨ। ਬੰਦਾ ਬਨੇਰਾ ਟੱਪ ਕੇ ਦੂਜੀ ਛੱਤ ਤੇ ਆਸਾਨੀ ਨਾਲ ਜਾ ਸਕਦਾ ਸੀ। ਉਸ ਨੂੰ ਇਸ ਤਰ੍ਹਾਂ

ਬੇਹੋਸ਼ ਜਿਹੀ ਪਈ ਨੂੰ ਦੇਖ ਕੇ ਸੁਰੇਸ਼ ਦੇ ਤਾਏ ਦੀ ਨੂੰਹ ਕਾਂਤਾ ਉਸ ਕੋਲ ਆ ਗਈ।

''ਕੀ ਗੱਲ ਐ ਸਿਮਲੋ...ਰਾਜੀ ਐਂ...?'' ਉਹ ਮੰਜੀ ਦੀ ਦੌਣ 'ਤੇ ਬੈਠਦੀ ਹੋਈ ਬੋਲੀ।

''ਹਾਂ ਭੈਣੇ...ਕਾਹਦੀ ਰਾਜੀ ਤੇ ਬੇਰਾਜੀ...ਕਰਮਾਂ ਦੇ ਫਲ ਭੋਗਦੀ ਹਾਂ...।'' ਸਿਮਲਾ ਨੇ ਅੱਖਾਂ ਚੁੰਨੀ ਨਾਲ ਪੂੰਝੀਆਂ।

''ਨਾ ਰੋ ਨਾ ਮੇਰੀ ਰਾਣੀ ਭੈਣ...ਮੇਰੇ ਤੋਂ ਨੀਂ ਦੇਖੀ ਜਾਂਦੀ। ਕਿਵੇਂ ਨਿੱਕੀ ਜਿਹੀ ਫੁੱਲ ਵਰਗੀ ਸੀ ਜਿਸ ਦਿਨ ਇਸ ਘਰ 'ਚ ਆਈ ਸੀ। ਸੁੱਕ ਕੇ ਕੰਡਾ ਹੋਗੀ ਚੰਦਰੀ...।'' ਕਾਂਤਾ ਨੇ ਉਸ ਨੂੰ ਆਪਣੀਆਂ ਬਾਹਾਂ 'ਚ ਲੈ ਲਿਆ।

ਸਿਮਲਾ ਕਈ ਦਿਨਾਂ ਦੀ ਭਰੀ ਪੀਤੀ ਪਈ ਸੀ। ਸਰੀਕਣੀ ਦੀ ਹਮਦਰਦੀ ਵੀ ਉਸ ਦੇ ਜ਼ਖਮਾਂ 'ਤੇ ਮਲ੍ਹਮ ਵਾਂਗ ਲੱਗੀ ਤੇ ਉਹ ਫੁੱਟ ਫੁੱਟ ਕੇ ਰੋ ਪਈ।

''ਕੀ ਕਰਾਂ ਕਾਂਤਾ ਭੈਣੇ..., ਅਗਲਾ ਦੂਜਾ ਵਿਆਹ ਕਰਾਣ ਨੂੰ ਫਿਰਦੈ। ਮੇਰੇ ਮਾਪੇ ਤਾਂ ਜਿਊਂਦੇ ਮਰ ਜਾਣਗੇ...। ਦੇਣ ਲੈਣ ਦੀ ਕੋਈ ਕਸਰ ਨਹੀਂ ਛੱਡੀ ਅਗਲਿਆਂ ਨੇ ਪਰ ਏਨ੍ਹਾਂ ਦੇ ਨੱਕ ਥੱਲੇ ਕੁਸ ਨੀਂ ਆਉਂਦਾ ਹੁਣ। ਅਖੇ ਅਸੀਂ ਤਾਂ ਗ਼ਰੀਬ ਘਰ ਦੀ ਲੈ ਆਵਾਂਗੇ ਪਰ ਬੱਚਾ ਜ਼ਰੂਰ ਚਾਹੀਦੈ...।'' ਉਹ ਸਾਰਾ ਦੁਖ ਇਕੋ ਸਾਹੇ ਕਹਿ ਗਈ।

''ਫੇਰ ਤੂੰ ਹੁਣ ਕੀ ਸੋਚਿਐ...?'' ਕਾਂਤਾ ਨੇ ਸੁਆਲ ਕੀਤਾ।

''ਮੈਂ ਕੀ ਸੋਚਣਾ ਸੀ। ਸਬਰ ਕਰ ਲਿਆ। ਮਰ ਮੁੱਕ ਜੂੰ ਕਦੇ ਏਦਾਂ ਹੀ...।'' ਸਿਮਲਾ ਨੇ ਠੰਢਾ ਹੌਕਾ ਲਿਆ।

''ਲੈ ਸੁੱਖ ਨਾਲ ਮਰਨ ਤੇਰੇ ਦੁਸ਼ਮਣ। ਜ਼ਿੰਦਗੀ ਜਿੰਨੀ ਮਰਜ਼ੀ ਮਾੜੀ ਹੋਵੇ ਪਰ ਮੌਤ ਤੋਂ ਹਮੇਸ਼ਾਂ ਵਧੀਆ ਹੁੰਦੀ ਹੈ। ਮੈਂ ਤਾਂ ਜਾਣ ਕੇ ਤੇਰੇ ਨਾਲ ਕਦੇ ਗੱਲ ਨੀਂ ਕੀਤੀ ਬੀ ਤੂੰ ਇਹ ਨਾ ਸੋਚੇਂ ਕਿ ਐਵੇਂ ਸਾਡੇ ਘਰ 'ਚ ਦਖਲ ਦਿੰਦੀ ਹੈ। ਪਰ ਪਤਾ ਮੈਨੂੰ ਸਭ ਹੈ। ਇਕ ਇੱਟ ਦੀ ਤਾਂ ਕੰਧ ਹੈ ਵਿਚਾਲੇ, ਹੱਗਿਆ ਮੂਤਿਆ ਵੀ ਸੁਣਦੈ...। ਫਿਰ ਤੇਰੀ ਸੱਸ ਫਫੇਕੁਟਣੀ ਤਾਂ ਸਾਰੇ ਮੁਹੱਲੇ ਨੂੰ ਸੁਣਾ ਸੁਣਾ ਕੇ ਤੈਨੂੰ ਬੁਰੀ ਦੱਸਦੀ ਹੈ।'' ਕਾਂਤਾ ਥੋੜ੍ਹਾ ਜਿਹਾ ਖੁਲ੍ਹੀ।

''ਕੀ ਕਰਾਂ ਭੈਣ ਕਾਂਤਾ...ਦੋਸ਼ ਆਬਦੇ ਪੁੱਤ ਦਾ ਤੇ ਮਾੜੀ ਬਗਾਨੀ ਧੀ। ਅਖੇ ਅਬਦੇ ਮਾਂ ਬਾਪ ਦੇ ਚਲੀ ਜਾ...। ਭਲਾ ਬੁੜ੍ਹੇਪੇ 'ਚ ਹੁਣ ਉਨ੍ਹਾਂ ਦੇ ਸਿਰ 'ਚ ਸੁਆਹ ਪਾਵਾਂ? ਮੈਂ ਤਾਂ ਸੋਚ ਲਿਆ ਬੀ ਜੇ ਪੁੱਤ ਨੂੰ ਵਿਆਂਹਦੀ ਐ ਵਿਆਹ ਲਵੇ ਦੂਈ ਵਾਰ। ਫੇਰ ਦੇਖੂੰ ਕਿਹੜੇ ਲਾਲ ਖਡਾਊਗੀ ਇਹ ਮਾਤਾ...?'' ਸਿਮਲਾ ਨੇ ਨਫਰਤ ਨਾਲ ਨੱਕ ਫੁਲਾਇਆ।

''ਲੈ ਹੈ...? ਐਂ ਕਿਵੇਂ ਸੋਚ ਲਿਆ ਤੂੰ ਬਈ ਦੂਆ ਵਿਆਹ ਕਰਾ ਲਵੇ। ਸੌਂਕਣ ਨੂੰ ਸਹਾਰ ਲੇਂਗੀ? ਜਿੱਦਣ ਅਗਲੀ ਆ ਗਈ ਤੇਰਾ ਜੁੱਲੀ ਬਿਸਤਰਾ ਚੁੱਕ ਕੇ ਪੇਕੇ ਛੱਡ ਆਣਗੇ ਅਗਲੇ। ਏਨੇ ਭੋਲੇ ਤੇ ਸ਼ਰੀਫ ਨਾ ਸਮਝੀਂ ਏਨ੍ਹਾਂ ਨੂੰ ਤੂੰ।'' ਕਾਂਤਾ ਨੇ ਕੁਸ਼ਲ ਰਾਜਨੀਤਕਾਂ ਵਾਂਗ ਸਿਰ ਹਿਲਾਇਆ।

''ਲੱਗਦਾ ਤਾਂ ਨੀਂ ਸੁਰੇਸ਼ ਇਹੋ ਜ੍ਹਾ...।'' ਸਿਮਲਾ ਨੂੰ ਸੱਚ ਨਹੀਂ ਆ ਰਿਹਾ ਸੀ।

''ਭੁੱਲ ਜਾ ਤੂੰ...। ਜਿਹਨੂੰ ਨਵੀਂ ਤੀਮੀਂ ਮਿਲੂਗੀ ਉਹਨੇ ਤੈਨੂੰ ਕੀ ਕਰਨੈ। ਤਾਜ਼ੇ ਫੁਲਕੇ ਸਾਹਮਣੇ ਕੋਈ ਬਿਹੀ ਰੋਟੀ ਖਾਂਦੈ? ਅਗਲਾ ਕੁੱਤੇ ਬਿੱਲੇ ਮੂਹਰੇ ਸਿੱਟ ਦਿੰਦੈ ਬੇਹੀ ਚੀਜ਼ ਨੂੰ...। ਹੁਣ ਭਾਵੇਂ ਸੁਰੇਸ਼ ਤੈਨੂੰ ਜਿੰਨਾ ਮਰਜ਼ੀ ਪਿਆਰ ਕਰੀ ਜਾਵੇ ਪਰ ਜੇ ਇਕ ਵਾਰੀ ਦੂਜੀ ਤੀਮੀਂ ਲੈ ਆਇਆ ਤਾਂ ਅਗਲੀ ਤੇਰੇ ਵੱਲ ਝਾਕਣ ਵੀ ਨੀਂ ਦਊਗੀ ਆਬਦੇ ਆਦਮੀ

ਨੂੰ..।'' ਕਾਂਤਾ ਪੂਰਾ ਜ਼ੋਰ ਲਾ ਕੇ ਉਸ ਨੂੰ ਸਮਝਾ ਰਹੀ ਸੀ।

''ਆਬਦੇ ਆਦਮੀ ਨੂੰ? ਪਰ ਉਹ ਮੇਰਾ ਆਦਮੀ ਵੀ ਤਾਂ ਐ...।'' ਸਿਮਲਾ ਕਿਸੇ ਅਨਜਾਣੇ ਭੈਅ ਨਾਲ ਕੰਬ ਗਈ।

''ਜੇ ਤੇਰਾ ਐ ਤਾਂ ਤੂੰ ਸਾਂਭ ਕੇ ਰੱਖ, ਕਿਸੇ ਨੂੰ ਕੋਲ ਨਾ ਫੜਕਣ ਦੇ...। ਐਵੇਂ ਕਮਲੀਆਂ ਵਾਂਗ ਸਿਰ ਸਿੱਟ ਕੇ ਨਾ ਪਈ ਰਹਿ, ਕੋਈ ਯਤਨ ਕਰ।'' ਕਾਂਤਾ ਦੇ ਬੁਲ੍ਹਾਂ 'ਤੇ ਚਤਰ ਮੁਸਕਾਨ ਆਈ।

''ਕੀ ਯਤਨ ਕਰਾਂ...?'' ਸਿਮਲਾ ਨੇ ਆਪਣੇ ਸੁੱਕੇ ਬੁੱਲ੍ਹਾਂ 'ਤੇ ਜੀਭ ਫੇਰੀ।

''ਪਿੰਡੋਂ ਬਾਹਰ ਆਲੀ ਕੁਟੀਆ 'ਚ ਬਹੁਤ ਵੱਡੇ ਸੰਤ ਆਏ ਹੋਏ ਨੇ, ਨਿਰਾ ਰੱਬ ਦਾ ਰੂਪ। ਸਵਾਮੀ 'ਅੰਤਰਯਾਮੀ ਜੀ ਮਹਾਰਾਜ।' ਸਭ ਦੇ ਅੰਦਰ ਦੀਆਂ ਬੁੱਝਦੇ ਨੇ। ਉਹਦੇ ਪੈਰ ਫੜ ਲੈ ਜਾ ਕੇ। ਬਹੁਤ ਕਰਨੀ ਆਲਾ ਸਾਧ ਐ। ਲੋਕਾਂ ਦੇ ਮੁਰਦੇ ਜਿਉਂਦੇ ਕਰਤੇ। ਐਸੀ ਵਿਦਿਆ ਜਾਣਦੈ, ਕਹਿੰਦੇ ਐ ਰਾਖ ਦੀ ਚੁਟਕੀ ਦੇ ਕੇ ਰੰਕੋਂ ਰਾਜਾ ਬਣਾ ਦਿੰਦੈ...। ਸੱਚ ਪੁੱਛੇਂ ਤਾਂ ਮੇਰੀ ਸੱਸ ਕਿਹੜਾ ਘੱਟ ਤੰਗ ਕਰਦੀ ਹੁੰਦੀ ਸੀ ਮੈਨੂੰ। ਰੋਜ਼ ਘਰੋਂ ਕੱਢਣ ਦੇ ਡਰਾਵੇ ਦਿੰਦੀ ਸੀ। ਮੈਂ ਤਾਂ ਜਾ ਕੇ ਮਹਾਰਾਜ ਦੇ ਚਰਨ ਫੜ ਲਏ। ਬੱਸ ਉਨ੍ਹਾਂ ਦੀ ਨਿਗਾਹ ਸਿਧੀ ਤਾਂ ਨੌਂ ਨਿਧੀਆਂ ਬਾਰਾਂ ਸਿਧੀਆਂ। ਆਹ ਪੰਜ ਸਾਲਾਂ 'ਚ ਚਾਰ ਮੁੰਡੇ ਹੋਗੇ। ਮਾੜੀ ਜ੍ਹੀ ਪੁੜੀ ਦਿੱਤੀ ਸੀ ਖਾਣ ਨੂੰ...। ਹੁਣ ਸਾਰਾ ਦਿਨ ਬੁੜ੍ਹੀ ਪੋਤਿਆਂ ਨਾਲ ਖੇਡਦੀ ਐ ਤੇ ਮੈਂ ਘਰ ਦੀ ਮਾਲਕਣ ਬਣੀ ਹੋਈ ਆਂ। ਮੇਰੀ ਮੰਨੇ ਤਾਂ ਨਹਾ ਧੋ ਕੇ ਅੱਜ ਈ ਚਲੀ ਜਾ। ਕੀ ਪਤੈ ਤੇਰਾ ਉਥੇ ਹੀ ਕਲਿਆਣ ਹੋਣਾ ਲਿਖਿਆ ਹੋਵੇ....।'' ਆਖ ਕੇ ਕਾਂਤਾ ਨੇ ਉਸ ਨੂੰ ਮੱਲੋ ਜ਼ੋਰੀ ਖੜ੍ਹੀ ਕਰ ਦਿੱਤਾ।

ਸਿਮਲਾ ਨਹਾ ਧੋ ਕੇ ਸਾਧ ਦੀ ਕੁਟੀਆ ਵੱਲ ਤੁਰ ਪਈ। ਸੱਸ ਨੇ ਨਾ ਰੋਕਿਆ। ਉਹ ਤਾਂ ਉਦਾਂ ਵੀ ਚਾਹੁੰਦੀ ਸੀ ਕਿ ਇਹ ਆਪੇ ਹੀ ਕਿਤੇ ਚਲੀ ਜਾਵੇ ਤਾਂ ਖਹਿੜਾ ਛੁੱਟੇ। ਕੁਟੀਆ 'ਚ ਦਾਖਲ ਹੋ ਕੇ ਉਸ ਨੇ ਸੰਤ ਅੰਤਰਯਾਮੀ ਮਹਾਰਾਜ ਬਾਰੇ ਪੁੱਛਿਆ।

''ਅਭੀ ਤੋ ਵੋਹ ਆਰਾਮ ਕਰ ਰਹੇ ਹੈਂ, ਥੋੜ੍ਹੀ ਦੇਰ ਬਾਅਦ ਆਨਾ...।'' ਆਖ ਕੇ ਕਿਸੇ ਚੇਲੇ ਨੇ ਉਸ ਨੂੰ ਟਰਕਾ ਦਿੱਤਾ।

ਸ਼ਾਮ ਦੇ ਚਾਰ ਵੱਜੇ। ਅੰਤਰਯਾਮੀ ਮਹਾਰਾਜ ਕਥਾ ਕਰਨ ਲਈ ਕੁਟੀਆ ਦੇ ਵਿਹੜੇ 'ਚ ਆ ਗਏ। ਵਿਹੜਾ ਸੰਗਤ ਨਾਲ ਭਰ ਗਿਆ ਸੀ। ਲੋਕ ਭੱਜ ਭੱਜ ਕੇ ਮਹਾਰਾਜ ਦੇ ਪੈਰਾਂ ਨੂੰ ਹੱਥ ਲਾ ਰਹੇ ਸੀ। ਔਰਤਾਂ ਕਈ ਕਈ ਵਾਰ ਉਸ ਦੇ ਪੈਰਾਂ 'ਚ ਆਪਣਾ ਸਿਰ ਦੇ ਰਹੀਆਂ ਸੀ। ਸਿਮਲਾ ਬੁੱਤ ਜਿਹੀ ਬਣੀ ਸਭ ਤੋਂ ਪਿਛੇ ਖੜ੍ਹੀ ਰਹੀ। ਉਸ 'ਚ ਹਿੰਮਤ ਨਹੀਂ ਸੀ ਕਿ ਏਨੀ ਭੀੜ 'ਚ ਧੱਕੇ ਮਾਰ ਕੇ ਅੱਗੇ ਜਾਵੇ ਤੇ ਸਾਧ ਦੇ ਪੈਰੀਂ ਹੱਥ ਲਾਵੇ। ਚੇਲਿਆਂ ਨੇ ਫੜ ਫੜ ਕੇ ਲੋਕਾਂ ਨੂੰ ਪਿੱਛੇ ਖਿੱਚਿਆ ਤੇ ਸਭ ਨੂੰ ਜ਼ਮੀਨ 'ਤੇ ਬੈਠਣ ਲਈ ਕਿਹਾ। ਸਿਮਲਾ ਨੇ ਪਹਿਲੀ ਵਾਰ ਸਵਾਮੀ ਜੀ ਦਾ ਚਿਹਰਾ ਦੇਖਿਆ। ਗੋਰਾ ਦੁੱਧ ਵਰਗਾ ਰੰਗ, ਚੌੜਾ ਮੱਥਾ, ਸਿਰ ਤੇ ਲੰਮੀਆਂ ਜਟਾਂ ਤੇ ਪੀਲੇ ਰੰਗ ਦੇ ਲੰਮੇ ਚੋਲੇ 'ਚ ਉਸ ਦੇ ਮੱਥੇ ਨਹੀਂ ਲੱਗ ਹੁੰਦਾ ਸੀ। ਕਿੰਨਾ ਤੇਜ ਸੀ ਉਸਦੇ ਚਹਿਣ ਚੱਕਰ 'ਤੇ ਅਤੇ ਲਾਲ ਸੁਰਖ ਅੱਖਾਂ ਜਿਵੇਂ ਹੁਣੇ ਸਮਾਧੀ 'ਚੋਂ ਉਠਿਆ ਹੋਵੇ। ਆਮ ਬੰਦਾ ਕੀ, ਚੰਗੇ ਕਹਿੰਦੇ ਕਹਾਂਦੇ ਸਾਧ ਸੰਤ ਵੀ ਉਸ ਨਾਲ ਅੱਖ ਮਿਲਾ ਕੇ ਗੱਲ ਨਹੀਂ ਕਰ ਸਕਦੇ ਸੀ।

"ਠੀਕ ਹੀ ਤਾਂ ਕਿਹਾ ਸੀ ਕਾਤਾ ਨੇ ਕਿ ਕੋਈ ਕਰਨੀ ਆਲਾ ਸਾਧ ਐ...। ਐਵੇਂ ਤਾਂ ਨੀਂ ਦੁਨੀਆਂ ਮਗਰ ਲੱਗੀ ਫਿਰਦੀ। ਜ਼ਰੂਰ ਕੁਸ ਹੋਊ ਇਹਦੇ ਕੋਲ...ਕੋਈ ਸ਼ਕਤੀ ਵੱਸ 'ਚ ਕੀਤੀ ਹੋਣੀ ਐ...।" ਸਿਮਲਾ ਨੇ ਆਪਣੇ ਆਪ ਨੂੰ ਕਿਹਾ।

ਕਥਾ ਖਤਮ ਹੋ ਗਈ। ਲੋਕ ਆਪੋ ਆਪਣੇ ਘਰਾਂ ਨੂੰ ਚਲੇ ਗਏ। ਪਰ ਸਿਮਲਾ ਬੁੱਤ ਬਣੀ ਉਥੇ ਹੀ ਬੈਠੀ ਰਹੀ।

"ਕਿਆ ਬਾਤ ਹੈ ਦੇਵੀ...ਤੁਮ ਅਭੀ ਤਕ ਯਹੀਂ ਬੈਠੀ ਹੋ...?" ਕਿਸੇ ਚੇਲੇ ਨੇ ਆ ਕੇ ਪੁੱਛਿਆ।

"ਮੈਂ ਮਹਾਰਾਜ ਨੂੰ ਮਿਲਣੈ ਜੀ...।" ਉਹ ਨਿਮਰਤਾ ਨਾਲ ਹੱਥ ਜੋੜ ਕੇ ਬੋਲੀ।

"ਚਲੋ ਆਉ ਮੇਰੇ ਸਾਥ...।" ਚੇਲਾ ਉਸ ਨੂੰ ਸਾਧ ਦੇ ਕਮਰੇ 'ਚ ਲੈ ਗਿਆ। ਮਹਾਰਾਜ ਆਪਣੇ ਆਸਨ 'ਤੇ ਬਿਰਾਜਮਾਨ ਸਨ। ਉਸ ਨੇ ਰੋਂਦੀ ਹੋਈ ਨੇ ਸਾਧ ਦੇ ਚਰਨਾਂ 'ਚ ਸਿਰ ਰੱਖ ਦਿੱਤਾ ਜਿਵੇਂ ਕੋਈ ਛੋਟਾ ਜਿਹਾ ਬੱਚਾ ਮਾਂ ਦੀ ਗੋਦ 'ਚ ਜਾ ਕੇ ਅਚਾਨਕ ਹੀ ਰੋ ਪਵੇ।

"ਹਮ ਸਮਝ ਗਏ ਬਾਲਿਕੇ...ਦੁਖੀ ਮੱਤ ਹੋ। ਭਗਵਾਨ ਤੁਮਹਾਰੀ ਮਨੋਕਾਮਨਾ ਪੂਰੀ ਕਰੇਂਗੇ। ਤੁਮਹਾਰੀ ਝੋਲੀ ਭਰ ਜਾਏਗੀ...। ਕਲ੍ਹ ਸੇ ਚਾਲੀ ਦਿਨ ਕੇ ਲੀਏ ਲਗਾਤਾਰ ਹਮਾਰੀ ਕੁਟੀਆ ਮੇਂ ਪਾਠ ਕਰਨੇ ਆਨਾ ਹੋਗਾ, ਪ੍ਰਭੂ ਨੇ ਚਾਹਾ ਤੋ ਤੁਮਹਾਰੇ ਵੀ ਦਿਨ ਫਿਰ ਜਾਏਂਗੇ।" ਸਾਧ ਨੇ ਉਸ ਦੇ ਸਿਰ 'ਤੇ ਹੱਥ ਰੱਖਿਆ।

ਸਿਮਲਾ ਖ਼ੁਸ਼ੀ 'ਚ ਬਾਵਰੀ ਹੋਈ ਘਰ ਭੱਜੀ ਆਈ। ਆ ਕੇ ਕਾਂਤਾ ਨੂੰ ਸਾਰੀ ਖਬਰ ਦੱਸੀ ਕਿ ਬਿਨਾਂ ਕੁਝ ਦੱਸੇ ਕਹੇ ਹੀ ਸਾਧ ਉਸ ਦੇ ਮਨ ਦੀਆਂ ਬੁੱਝ ਗਿਆ ਸੀ। ਦੂਜੇ ਦਿਨ ਉਹ ਤੜਕੇ ਚਾਰ ਵਜੇ ਉਠੀ, ਨਹਾ ਧੋ ਕੇ ਕੁਟੀਆ ਵੱਲ ਤੁਰ ਪਈ। ਸਾਰੀ ਕੁਟੀਆ ਜਗਮਗ ਹੋਈ ਪਈ ਸੀ। ਲੋਕ ਪੂਜਾ ਪਾਠ 'ਚ ਲੱਗੇ ਹੋਏ ਸਨ। ਸਾਧ ਨੇ ਉਸ ਨੂੰ ਹਵਨ ਕੁੰਡ ਕੋਲ ਬਿਠਾ ਕੇ ਕੁਝ ਮੰਤਰ ਪੜ੍ਹੇ ਤੇ ਇਕ ਸੁਆਹ ਦੀ ਪੁੜੀ ਖਾਣ ਲਈ ਦਿਤੀ ਅਤੇ ਮੁੜ ਦੁਪਹਿਰ ਨੂੰ ਆਉਣ ਲਈ ਕਿਹਾ।

ਸਿਮਲਾ ਨੂੰ ਦੁਪਹਿਰ ਮਸਾਂ ਆਈ। ਉਹ ਨਿਸਚਤ ਸਮੇਂ ਤੋਂ ਪਹਿਲਾਂ ਹੀ ਕੁਟੀਆ 'ਚ ਪਹੁੰਚ ਗਈ। ਇਕ ਚੇਲਾ ਉਸ ਨੂੰ ਸਾਧ ਦੇ ਕਮਰੇ 'ਚ ਛੱਡ ਆਇਆ। ਮਹਾਰਾਜ ਆਪਣੇ ਆਸਨ 'ਤੇ ਲੇਟੇ ਹੋਏ ਸਨ। ਸਿਮਲਾ ਸਿਰ ਝੁਕਾਈ ਖੜ੍ਹੀ ਰਹੀ।

"ਆਉ ਸੁੰਦਰੀ...।" ਸਾਧ ਦੀ ਗੜ੍ਹੇ ਵਰਗੀ ਆਵਾਜ਼ ਆਈ।

ਸਿਮਲਾ ਉਸ ਦੇ ਨੇੜੇ ਚਲੀ ਗਈ।

"ਵੋਹ ਸਾਹਮਣੇ ਅਲਮਾਰੀ ਮੇਂ ਹਿਮਾਲਿਆ ਕੀ ਜੜ੍ਹੀ ਬੂਟੀਉਂ ਕਾ ਬਨਾ ਤੇਲ ਰੱਖਾ ਹੂਆ ਹੈ ਉਸੇ ਉਠਾ ਕਰ ਲਾਓ..।" ਮਹਾਰਾਜ ਨੇ ਅੱਖਾਂ ਬੰਦ ਕਰਦਿਆਂ ਕਿਹਾ।

ਸਿਮਲਾ ਤੇਲ ਹੱਥ 'ਚ ਲੈ ਕੇ ਫੇਰ ਚੁੱਪ ਚਾਪ ਖੜ੍ਹੀ ਹੋ ਗਈ।

"ਹਮਾਰੇ ਆਸਨ ਪਰ ਬੈਠ ਕਰ ਹਮਾਰੇ ਪੈਰੋਂ ਕੀ ਮਾਲਸ਼ ਕਰੋ ਬਾਲਿਕੇ...।" ਸਾਧ ਨੇ ਜਿਵੇਂ ਹੁਕਮ ਦਿੱਤਾ। ਸਿਮਲਾ ਚੁੱਪ ਚਾਪ ਸਿਰ ਸੁੱਟੀ ਉਸ ਦੇ ਪੈਰਾਂ ਦੀ ਮਾਲਸ਼ ਕਰਦੀ ਰਹੀ।

"ਹੋਰ ਉਪਰ...।" ਮਹਾਰਾਜ ਦੀ ਆਵਾਜ਼ ਗਰਮ ਹੋ ਗਈ। ਸਿਮਲਾ ਨੇ ਪੈਰ ਛੱਡ ਕੇ ਉਸ ਦੀਆਂ ਪਿੰਜਣੀਆਂ ਦੀ ਮਾਲਸ਼ ਸ਼ੁਰੂ ਕਰ ਦਿੱਤੀ।

"ਹੋਰ ਉਪਰ...।" ਆਵਾਜ਼ ਆਈ।

ਸਿਮਲਾ ਹੁਣ ਉਸ ਦੇ ਗੋਡਿਆਂ ਦੀ ਮਾਲਸ਼ ਕਰ ਰਹੀ ਸੀ।

"ਹੋਰ ਉਪਰ...।"

ਸਿਮਲਾ ਦੇ ਹੱਥ ਕੰਬ ਰਹੇ ਸੀ।

"ਹੋਰ ਉਪਰ...।" ਤੇ ਸਾਧ ਨੇ ਧੋਤੀ ਉਪਰ ਚੁੱਕ ਦਿੱਤੀ। ਸਾਢੇ ਛੇ ਫੁੱਟ ਲੰਮਾ ਹੱਟਾ ਕੱਟਾ ਸੰਤ ਸਿਮਲਾ ਮੂਹਰੇ ਨੰਗਾ ਪਿਆ ਸੀ। ਉਸ ਦੀ ਦੇਹ ਕੰਬ ਗਈ। ਸ਼ਰਮ ਨਾਲ ਉਸ ਨੇ ਚੁੰਨੀ ਮੂੰਹ 'ਤੇ ਲੈ ਲਈ।

"ਅਪਨੇ ਆਪ ਕੋ ਹਮਾਰੇ ਅਰਪਨ ਕਰ ਦੋ ਸੁੰਦਰੀ...।" ਸਾਧ ਨੇ ਸੁਰਖ ਅੱਖਾਂ ਖੋਲ੍ਹੀਆਂ।

"ਇਹ ਪਾਪ ਐ ਮਹਾਰਾਜ...। ਮੈਂ ਤਾਂ ਸੋਚਿਆ ਸੀ ਤੁਸੀਂ ਦਵਾਈ ਦੇ ਕੇ ਪੁੜੀਆਂ ਨਾਲ...।" ਸਿਮਲਾ ਦੀ ਜ਼ੁਬਾਨ ਥਰਥਰਾ ਰਹੀ ਸੀ।

"ਪਾਗਲ ਮੱਤ ਬਨੋ। ਸੰਸਾਰ ਕੀ ਰਚਨਾ ਕਾ ਸਿਰਫ ਏਕ ਹੀ ਤਰੀਕਾ ਭਗਵਾਨ ਨੇ ਬਨਾਇਆ ਹੈ ਔਰ ਵੋਹ ਹੈ ਨਰ ਔਰ ਮਾਦਾ ਕਾ ਮੇਲ...। ਚਾਹੇ ਪਸ਼ੂ ਹੋ ਯਾ ਆਦਮੀ, ਪੌਦਾ ਹੋ ਯਾ ਪਕਸ਼ੀ, ਬਿਨਾਂ ਨਰ ਔਰ ਮਾਦਾ ਕੇ ਮੇਲ ਕੇ ਕੋਈ ਨਸਲ ਆਗੇ ਨਹੀਂ ਬੜ੍ਹਤੀ। ਫਿਰ ਦਵਾ ਦਾਰੂ ਤੋ ਸਿਰਫ ਦੁਨੀਆ ਕੀ ਨਜ਼ਰੋਂ ਮੇਂ ਧੂਲ ਝੋਕਨੇ ਕੇ ਲੀਏ ਹੈਂ।" ਸਾਧ ਨੇ ਸਾਫ ਤੇ ਸਪੱਸ਼ਟ ਗੱਲ ਕਹੀ।

"ਪਰ ਮਹਾਰਾਜ...। ਮੇਰਾ ਇਸਤਰੀ ਧਰਮ ਕਿਧਰ ਗਿਆ? ਮੇਰਾ ਪਤੀ...ਨਹੀਂ...ਨਹੀਂ ਏਹ ਅਨਰਥ ਹੈ...।" ਉਹ ਪਿਛੇ ਹਟੀ।

"ਤੁਮਹਾਰੀ ਮਰਜ਼ੀ ਹੈ ਬਾਲਿਕੇ। ਹਮ ਤੁਮਹੇ ਮਜਬੂਰ ਨਹੀਂ ਕਰਤੇ। ਹਮ ਤੋਂ ਤੁਮਹਾਰੇ ਊਪਰ ਉਪਕਾਰ ਕਰ ਰਹੇ ਹੈਂ। ਤੁਮਹਾਰਾ ਕਲਿਆਨ ਇਸੀ ਮੇਂ ਹੈ। ਜਿਸ ਪਤੀ ਕੀ ਤੁਮਹੇਂ ਇਤਨੀ ਚਿੰਤਾ ਹੈ ਵੋਹ ਪਤੀ ਤੁਮਹੇਂ ਸ਼ੀਘਰ ਹੀ ਛੋੜ ਕਰ ਦੂਸਰੀ ਔਰਤ ਲੇ ਆਏਗਾ। ਫਿਰ ਮੱਤ ਭੂਲੋ ਕਿ ਤੁਮ ਜੋ ਭੀ ਕਰ ਰਹੀ ਹੋ ਪਤੀ ਕੇ ਲੀਏ ਹੀ ਕਰ ਰਹੀ ਹੋ, ਉਸੇ ਖ਼ੁਸ਼ ਕਰਨੇ ਕੇ ਲੀਏ। ਪਤੀ ਕੇ ਲੀਏ ਔਰਤੇਂ ਜਲਤੀ ਆਗ ਮੇਂ ਕੂਦ ਜਾਤੀ ਹੈਂ, ਜੂਏ ਮੇਂ ਹਾਰੀ ਜਾਤੀ ਹੈਂ ਔਰ ਤੁਮਹਾਰਾ ਬਲਿਦਾਨ ਤੋ ਬਹੁਤ ਤੁੱਛ ਹੈ। ਤੁਮ ਯੇ ਕਾਮ ਏਕ ਅੰਧੇਰੇ ਘਰ ਮੇਂ ਰੌਸ਼ਨੀ ਲਾਨੇ ਕੇ ਲੀਏ ਕਰ ਰਹੀ ਹੋ...ਏਕ ਕੁਲਦੀਪਕ ਪੈਦਾ ਕਰ ਰਹੀ ਹੋ। ਔਰ ਉਸ ਕਾਮ ਮੇਂ ਹਮ ਤੁਮਾਹਾਰਾ ਸਾਥ ਦੇ ਰਹੇ ਹੈਂ। ਇਸ ਕਾਰਯ ਮੇਂ ਹਮੇਂ ਕੁਛ ਮਿਲਨੇ ਵਾਲਾ ਨਹੀਂ, ਹਮ ਸੰਸਾਰਕ ਜੀਵ ਨਹੀਂ। ਸਰੀਰ ਸੇ ਅਬ ਹਮਾਰਾ ਕੋਈ ਰਿਸ਼ਤਾ ਨਹੀਂ ਹੈ, ਹਮਾਰੀ ਲੋਅ ਊਪਰ ਲਗੀ ਹੂਈ ਹੈ। ਸੰਸਾਰ ਮੇਂ ਹਮ ਦੁਨੀਆ ਕਾ ਭਲਾ ਕਰਨੇ ਕੇ ਲੀਏ ਹੀ ਆਏ ਹੈਂ...। ਕਈ ਸੂਨੀ ਗੋਦੀਉਂ ਕੋ ਹਮਨੇ ਅਪਨੇ ਦਾਨ ਸੇ ਭਰ ਦੀਆ...।" ਮਹਾਰਾਜ ਨੇ ਨਜ਼ਰਾਂ ਉਸ ਵੱਲ ਚੁੱਕੀਆਂ।

"ਦਾਨ....?" ਸਿਮਲਾ ਹੌਲੀ ਜਿਹੀ ਬੋਲੀ।

"ਹਾਂ ਦਾਨ....ਕੋਈ ਧਨ ਦਾਨ ਕਰਤਾ ਹੈ। ਕੋਈ ਅੰਨ ਦਾਨ ਕਰਤਾ ਹੈ ਤਥਾ ਕੋਈ ਰਾਜਯ ਤੱਕ ਦਾਨ ਕਰ ਦੇਤਾ ਹੈ। ਪਰ ਹਮ ਵੀਰਜ ਦਾਨ ਕਰਤੇ ਹੈਂ ਸੁੰਦਰੀ, ਜੋ ਸਭ ਸੇ ਬੜਾ ਦਾਨ 'ਮਹਾਂ ਦਾਨ' ਕਹਿਲਾਤਾ ਹੈ। ਕਿਤਨੇ ਘਰੋਂ ਕੋ ਟੂਟਨੇ ਸੇ ਹਮਨੇ ਬਚਾਇਆ

ਹੈ। ਕਿਤਨੀ ਬਾਂਝ ਔਰਤੇ ਕੋ ਪੁੱਤਰ ਦਾਨ ਦੀਏ ਹੈਂ ਹਮ ਨੇ....ਅਬ ਤੁਮਹਾਰੀ ਮਰਜ਼ੀ ਹੈ।'' ਸਾਧ ਗੱਲ ਕਰਦਾ ਵਿਚ ਦੀ ਅੱਖਾਂ ਖੋਲ੍ਹਦਾ ਤੇ ਬੰਦ ਕਰਦਾ।

''ਪਰ...ਪਰ...ਪਰ।'' ਸਿਮਲਾ ਦੇ ਬੁੱਲ੍ਹ ਕੰਬੇ।

''ਤੁਮ ਜੀਵਨ ਕਾ ਯੁੱਧ ਲੜ ਰਹੀ ਹੋ ਸਿਮਲੇ, ਅਪਨੇ ਪਤੀ ਕੋ ਵਾਪਸ ਜੀਤਨਾ ਹੈ ਤੁਮਨੇ। ਔਰ ਯੁੱਧ ਤਥਾ ਪ੍ਰੇਮ ਮੇਂ ਸਭ ਉਚਿਤ ਹੈ।'' ਆਖ ਕੇ ਸਾਧ ਨੇ ਉਸ ਦਾ ਹੱਥ ਫੜ ਕੇ ਆਪਣੇ ਵਲ ਖਿਚਿਆ। ਉਹ ਬੇਹੋਸ਼ ਜਿਹੀ ਹੋ ਕੇ ਉਸ ਦੇ ਕਦਮਾਂ 'ਚ ਡਿਗ ਪਈ।

ਸ਼ਾਇਦ ਮਹੀਨਾ ਹੀ ਹੋਇਆ ਸੀ ਉਸ ਨੂੰ ਕੁਟੀਆ 'ਚ ਜਾਂਦੀ ਨੂੰ ਕਿ ਇਕ ਦਿਨ ਸਵੇਰੇ ਨਲਕੇ ਤੋਂ ਪਾਣੀ ਖਿੱਚਦੀ ਉਹ ਚੱਕਰ ਖਾ ਕੇ ਡਿੱਗ ਪਈ। ਰਾਮ ਦੇਈ ਸਮਝੀ ਕਿਤੇ ਉਸ ਦਾ ਪੈਰ ਤਿਲ੍ਹਕ ਗਿਆ।

''ਮਾੜਾ ਜ੍ਹਾ ਮੂੰਹ ਹਨੇਰੇ ਦੇਖ ਕੇ ਤੁਰਿਆ ਫਿਰਿਆ ਕਰ। ਸੱਟ ਫੇਟ ਖਾ ਲੇਂਗੀ।''

ਉਹ ਉਸ ਨੂੰ ਖੜ੍ਹਾ ਕਰਨ ਲਈ ਸਹਾਰਾ ਦੇ ਰਹੀ ਸੀ।

''ਮਾਂ ਜੀ ਮੈਨੂੰ ਚੱਕਰ ਆਂਦੇ ਨੇ...।'' ਉਹ ਫੇਰ ਜ਼ਮੀਨ 'ਤੇ ਬੈਠ ਗਈ।

''ਕੋਈ ਨੀਂ ਦੁੱਧ ਗਰਮ ਕਰਕੇ ਪੀ ਲੈ...।'' ਰਾਮ ਦੇਈ ਨੇ ਰਮਾਨ ਨਾਲ ਕਿਹਾ।

''ਦੁੱਧ...ਨਹੀਂ...ਹਊ...ਹਊ...।'' ਸਿਮਲਾ ਨੂੰ ਉਲਟੀ ਆ ਗਈ।

ਸੁਰੇਸ਼ ਦੋਹਾਂ ਦੀਆਂ ਆਵਾਜ਼ਾਂ ਸੁਣ ਕੇ ਬਾਹਰ ਆ ਗਿਆ।

'ਠੰਢ ਲੱਗ ਗਈ ਹੋਣੀ...। ਮੈਂ ਡਾਕਟਰ ਨੂੰ ਬੁਲਾ ਕੇ ਲਿਆਨਾ।'' ਉਹ ਕੋਟ ਪਾਉਂਦਾ ਹੋਇਆ ਬੋਲਿਆ।

''ਭੱਜ ਕੇ ਸੀਮਾ ਦੇ ਮਾਮੇ ਨੂੰ ਬੁਲਾ ਲਿਆ....ਉਥੇ ਵਿਹਲਾ ਬੈਠਾ ਸਿਗਰਟਾਂ ਪੀਂਦਾ ਹੋਣਾ ਦੁਕਾਨ 'ਤੇ।'' ਰਾਮਦੇਈ ਘਬਰਾ ਗਈ ਕਿ ਕਿਤੇ ਸਿਮਲਾ ਨੇ ਕੁਸ ਪੁੱਠਾ ਸਿਧਾ ਨਾ ਖਾ ਲਿਆ ਹੋਵੇ।

''ਵਧਾਈਆਂ ਮਾਸੀ ਜੀ...। ਤੁਸੀਂ ਦਾਦੀ ਮਾਂ ਬਣਨ ਵਾਲੇ ਓਂ...।'' ਡਾਕਟਰ ਨੇ ਰਾਮ ਦੇਈ ਵੱਲ ਮੂੰਹ ਕਰਕੇ ਕਿਹਾ।

''ਹੈਂ ਨੀ ਭਾਈਆਂ ਦੀਓ...। ਬੂਹ ਮੈਂ ਮੱਚ ਜਾਂ ਕੁੜੇ। ਮੈਨੂੰ ਦੱਸਿਆ ਨੀਂ। ਵੇ ਸਰੇਸ਼...ਕਿਥੇ ਐਂ ਤੂੰ।'' ਰਾਮ ਦੇਈ ਦੇ ਹੱਥ ਪੈਰ ਫੁੱਲ ਗਏ।

''ਕੀ ਗੱਲ ਐ ਮਾਂ...।'' ਉਹ ਭੱਜ ਕੇ ਅੰਦਰ ਆਇਆ।

''ਵੇ ਤੇਰੇ ਪਿਉ ਨੂੰ ਸੱਦ ਭੱਜ ਕੇ...। ਕੁੜੀ ਦਾ ਪੈਰ ਭਾਰੀ ਐ, ਕਿਸੇ ਵੱਡੇ ਡਾਕਦਾਰ ਨੂੰ ਬੁਲਾਵੋ। ਮਦਨ ਲਾਲ ਤਾਂ ਕੇਸ ਖਰਾਬ ਕਰਦੂਗਾ..।'' ਉਹ ਡਾਕਟਰ ਦੇ ਮੂਹਰੇ ਹੀ ਆਖ ਰਹੀ ਸੀ। ਸੁਰੇਸ਼ ਤੇ ਡਾਕਟਰ ਹੱਸ ਹੱਸ ਕੇ ਲੋਟ ਪੋਟ ਹੋ ਗਏ। ਸੁਰੇਸ਼ ਅੱਜ ਕਿੰਨੇ ਦਿਨਾਂ ਬਾਅਦ ਹੱਸਿਆ ਸੀ। ਉਹ ਡਾਕਟਰ ਦੇ ਪੈਰੀਂ ਹੱਥ ਲਾਉਣ ਤੱਕ ਗਿਆ।

''ਤੂੰ ਮੈਨੂੰ ਦੱਸਿਆ ਨੀਂ ਕਾਲੋ...?'' ਸੁਰੇਸ਼ ਨੇ ਅੱਜ ਕਿੰਨੇ ਸਾਲਾਂ ਬਾਅਦ ਉਸ ਨੂੰ ਕਾਲੋ ਕਿਹਾ ਤੇ ਉਸ ਦਾ ਕੰਨ ਫੜ ਕੇ ਖਿਚਿਆ ਸੀ।

ਸਿਮਲਾ ਕੁਝ ਨਾ ਬੋਲੀ। ਕੀ ਦੱਸਦੀ? ਉਸ ਨੂੰ ਯਾਦ ਸੀ ਚੰਗੀ ਤਰ੍ਹਾਂ ਕਿ ਸੁਰੇਸ਼ ਤਾਂ ਉਸ ਨਾਲ ਕਈ ਦਿਨਾਂ ਦਾ ਸੁੱਤਾ ਵੀ ਨਹੀਂ ਸੀ। ਪਰ ਸ਼ੁਕਰ ਹੈ ਪ੍ਰਮਾਤਮਾ ਦਾ ਕਿ ਉਸ

ਨੂੰ ਆਪਣੀ ਪਤਨੀ 'ਤੇ ਕੋਈ ਸ਼ੱਕ ਨਹੀਂ ਹੋਇਆ ਸੀ।

ਹੁਣ ਉਹ ਫੇਰ ਤੋਂ ਘਰ 'ਚ ਖਾਸ ਮਹਿਮਾਨ ਬਣ ਗਈ। ਸੱਸ ਗਰਮ ਦੁੱਧ ਦੀਆਂ ਗੜਬੀਆਂ, ਮੇਵੇ, ਫਲ, ਪਿਸਤੇ ਬਾਦਾਮ ਲਈ ਉਸ ਦੇ ਸਿਰਹਾਣੇ ਖੜ੍ਹੀ ਰਹਿੰਦੀ। ਘਰ 'ਚ ਨੌਕਰਾਂ ਦੀ ਪਹਿਲਾਂ ਵੀ ਕਮੀਂ ਨਹੀਂ ਸੀ ਪਰ ਸਿਮਲਾ ਨੂੰ ਨਹਾਉਣ ਧੁਆਉਣ ਲਈ ਇਕ ਸਿਆਣੀ ਔਰਤ ਰੱਖ ਲਈ ਗਈ। ਉਹ ਪਾਣੀ ਦਾ ਗਲਾਸ ਵੀ ਚੁੱਕ ਕੇ ਪੀਂਦੀ ਤਾਂ ਸਾਰਾ ਟੱਬਰ ਉਠ ਕੇ ਭੱਜ ਲੈਂਦਾ -

''ਨਾ ਬਹੂ ਨਾ, ਭਾਰ ਨਾ ਚੁੱਕ। ਮਸਾਂ ਰੱਬ ਨੇ ਸੁਣੀ ਐ।''

ਤੇ ਸੁਰੇਸ਼ ਸਾਰੀ ਰਾਤ ਨਾ ਸੌਂਦਾ। ਵਾਰ ਵਾਰ ਉਸ 'ਤੇ ਰਜ਼ਾਈ ਦਿੰਦਾ ਕਿਤੇ ਠੰਢ ਨਾ ਲੱਗ ਜਾਵੇ। ਪਰ ਰੋਜ਼ ਮਜ਼ਾਕ 'ਚ ਕਹਿੰਦਾ -

''ਕਾਲੋ ਮੇਰੇ ਪੁੱਤ ਦਾ ਰੰਗ ਮੇਰੇ ਵਰਗਾ ਹੋਵੇ. . .।''

ਨੌਂ ਮਹੀਨੇ ਤਿਉਹਾਰਾਂ ਵਾਂਗ ਲੰਘ ਗਏ ਤੇ ਸਿਮਲਾ ਦੀ ਕੁੱਖੋਂ ਗੋਰੇ ਚਿੱਟੇ ਪੁੱਤ ਨੇ ਜਨਮ ਲਿਆ। ਉਸ ਨੇ ਦੇਖਿਆ ਤਾਂ ਧੁਰ ਅੰਦਰ ਤੱਕ ਕੰਬ ਗਈ। ਨਿਰਾ ਸਾਧ ਦਾ ਰੂਪ। ਪਰ ਸੁਰੇਸ਼ ਦੀ ਖੁਸ਼ੀ ਦੇਖਣ ਵਾਲੀ ਸੀ ''ਮੇਰਾ ਪੁੱਤ ਜਮ੍ਹਾਂ ਮੇਰੇ 'ਤੇ ਗਿਐ. . .।'' ਘਰ 'ਚ ਰੋਜ਼ ਪਾਰਟੀਆਂ ਹੁੰਦੀਆਂ। ਰਿਸ਼ਤੇਦਾਰਾਂ ਦੇ ਝੁੰਡ ਜੁੜੇ ਰਹਿੰਦੇ। ਰਾਮ ਦੇਈ ਬੱਚੇ ਨੂੰ ਲੈ ਕੇ ਸਾਧ ਦੀ ਕੁਟੀਆ 'ਚ ਗਈ।

''ਮਹਾਰਾਜ ਮੇਰੇ ਪੋਤੇ ਦਾ ਨਾਂ ਰੱਖੋ. . .।'' ਉਸ ਨੇ ਬੇਨਤੀ ਕੀਤੀ।

''ਅੰਤਰਯਾਮੀ ਪ੍ਰਸ਼ਾਦ. . .।'' ਸਾਧ ਨੇ ਅੱਖਾਂ ਬੰਦ ਕਰ ਕੇ ਕਿਹਾ।

''ਹੂੰ, ਮੈਂ ਆਪਣੇ ਬੇਟੇ ਦਾ ਨਾਂ 'ਅਰੁਨ ਕੁਮਾਰ' ਰੱਖੂੰਗਾ। ਕਿਸੇ ਬੂਬਣੇ ਵਾਲਾ ਨਾਮ ਨ੍ਹੀਂ ਰੱਖਣਾ. . .।'' ਸੁਰੇਸ਼ ਨੇ ਮਾਂ ਨੂੰ ਚੁੱਪ ਕਰਾ ਦਿੱਤਾ।

ਤੇ ਉਸ ਦਿਨ ਤੋਂ ਬੱਚਾ ਅਰੁਨ ਪੁਕਾਰਿਆ ਜਾਣ ਲੱਗਾ। ਹੁਣ ਉਹ ਵੱਡਾ ਹੋਣਾ ਸ਼ੁਰੂ ਹੋ ਗਿਆ ਸੀ।

''ਕੁੜੇ ਬਹੂ ਜੇ ਇਕ ਮੁੰਡਾ ਹੋਰ ਹੋਜੇ ਤਾਂ ਜੋੜੀ ਬਣਜੂ ਭਰਾਮਾਂ ਦੀ. . .।'' ਰਾਮ ਦੇਈ ਕਈ ਵਾਰ ਕਹਿੰਦੀ। ਪਰ ਸਿਮਲਾ ਚੁੱਪ ਕਰ ਜਾਂਦੀ। ਸਾਧ ਕੁਟੀਆ ਛੱਡ ਕੇ ਹਰਦੁਆਰ ਚਲਾ ਗਿਆ ਸੀ। ਜੋੜੀ ਕਿਥੋਂ ਬ਼ਣਦੀ, ਉਹ ਕਈ ਵਾਰ ਸੋਚਦੀ।

ਅਰੁਨ ਨੇ ਇੰਜੀਨੀਅਰਿੰਗ ਕਰ ਲਈ ਸੀ ਫਸਟ ਡਵੀਜ਼ਨ 'ਚ। ਉਹ ਜ਼ਿੱਦ ਕਰ ਰਿਹਾ ਸੀ ਕਿ ਉਹ ਅਮਰੀਕਾ ਪੜ੍ਹਨ ਜਾਵੇਗਾ। ਸਿਮਲਾ ਦਾ ਮਨ ਨਹੀਂ ਮੰਨ ਰਿਹਾ ਸੀ।

''ਬਥੇਰਾ ਪੜ੍ਹ ਲਿਆ ਬੇਟੇ ਤੂੰ. . .ਹੁਣ ਤਾਂ ਅਸੀ ਤੇਰਾ ਵਿਆਹ ਕਰਾਂਗੇ।'' ਉਹਨੇ ਆਪਣੇ ਦਿਲ ਦੀ ਕਹੀ।

''ਲੈ ਵਿਆਹ ਕਰੂਗੀ ਇਹ ਵੱਡੀ ਦਾਦੀ ਦਵਾਰਕਾ। ਮੈਂ ਤਾਂ ਪੜ੍ਹਾਊਂਗਾ ਆਪਣੇ ਪੁੱਤ ਨੂੰ, ਜਿੰਨਾ ਮਰਜ਼ੀ ਪੜ੍ਹੇ. . .।'' ਸੁਰੇਸ਼ ਪੁੱਤ ਵੱਲ ਹੋ ਗਿਆ।

''ਬਥੇਰਾ ਪੜ੍ਹ ਲਿਆ ਹੁਣ। ਥੋਡਾ ਏਸ ਉਮਰ 'ਚ ਘਰ ਵੱਸ ਗਿਆ ਸੀ. . .।'' ਉਹ ਪਤੀ ਨਾਲ ਹੱਸ ਰਹੀ ਸੀ।

''ਤੂੰ ਅੱਜ ਤਕ ਕੋਈ ਚੱਜ ਦੀ ਗੱਲ ਨੀਂ ਕੀਤੀ ਕਦੇ। ਬੱਸ ਇਕੋ ਚੱਜ ਦਾ ਕੰਮ ਕੀਤੈ ਕਾਲੋ ਜੋ ਮੈਨੂੰ ਅਰੁਨ ਵਰਗਾ ਲਾਇਕ ਬੇਟਾ ਦਿਤੈ। ਵਰਨਾ ਮੈਂ ਤੈਨੂੰ ਕਦੋਂ ਦਾ ਛੱਡ ਦਿੰਦਾ

। ਸੁਰੇਸ਼ ਨੇ ਪਤਨੀ ਨੂੰ ਝਾੜਿਆ।

''ਉਹ ਤਾਂ ਠੀਕ ਹੈ। ਪਰ ਜੇ ਮਾਂ ਜੀ ਜਾਂ ਪਿਤਾ ਜੀ ਜੀਂਦੇ ਹੁੰਦੇ ਤਾਂ ਕਦੇ ਅਰੁਨ ਨੂੰ ਬਾਹਰ ਨਾ ਭੇਜਦੇ. . .।'' ਉਹ ਬੋਲੀ ਪਰ ਅੰਦਰੋਂ ਉਸ ਨੇ ਕਾਤਾ ਅਤੇ ਸਾਧ ਨੂੰ ਦਿਲੋਂ ਧਿਆਇਆ ਜਿਨ੍ਹਾਂ ਨੇ ਉਸ ਦੀ ਡੁੱਬਦੀ ਨਈਆ ਨੂੰ ਤਾਰਿਆ ਸੀ।

''ਮਾਂ ਤੇ ਪਿਤਾ ਜੀ ਨੂੰ ਕੀ ਪਤਾ ਸੀ ਦੁਨੀਆਂ ਦਾ। ਮੇਰਾ ਬੇਟਾ ਪੜ੍ਹੇਗਾ ਲਿਖੇਗਾ ਤੇ ਦੁਨੀਆ ਦਾ ਮਸ਼ਹੂਰ ਆਰਕੀਟੈਕਟ ਬਣੇਗਾ। ਬਹੁਤ ਤਰੱਕੀ ਕਰੇਗਾ।'' ਸੁਰੇਸ਼ ਉਸ ਨੂੰ ਦਿਨੇ ਸੁਪਨੇ ਦਿਖਾ ਰਿਹਾ ਸੀ।

''ਪਰ ਅੱਗੇ ਕਿਹੜਾ ਉਸ ਨੇ ਘੱਟ ਤਰੱਕੀ ਕੀਤੀ ਐ. . . ਬਥੇਰਾ ਵੱਡਾ ਅਫਸਰ ਲਗ ਸਕਦੈ ਹੁਣ ਵੀ. . .।'' ਉਹ ਬੋਲੀ।

''ਨਹੀਂ ਮੰਮੀ। ਠੀਕ ਹੀ ਤਾਂ ਕਹਿੰਦੇ ਨੇ ਡੈਡੀ ਮੈਂ ਹੋਰ ਤਰੱਕੀ ਕਰਾਂਗਾ। ਹੋਰ ਉਪਰ ਜਾਵਾਂਗਾ. . . ਹੋਰ ਉਪਰ. . . ਹੋਰ ਉਪਰ. . .।'' ਅਰੁਨ ਨੇ ਜਦੋਂ ਅੱਖਾਂ ਬੰਦ ਕਰਕੇ ਕਿਹਾ ਤਾਂ ਸਿਮਲਾ ਨੂੰ ਉਸ ਦੀ ਆਵਾਜ਼ 'ਚੋਂ ਕਿਤੇ ਵੀਹ ਸਾਲ ਪਹਿਲਾਂ ਸੁਣੀ ਸਾਧ ਦੀ ਤਰਜ਼ ਸੁਣਾਈ ਦਿਤੀ। ਮੁੜ ਕੇ ਉਸ ਨੇ ਚੁੱਪ ਧਾਰ ਲਈ ਤੇ ਫੇਰ ਕਦੇ ਪਿਉ ਪੁੱਤ ਦੀ ਗੱਲ 'ਚ ਦਖਲ ਨਾ ਦਿਤਾ।

# ਛੋਟੀ ਸਰਦਾਰਨੀ

''ਤੂੰ ਮੇਰੀ ਕਹਾਣੀ ਕਦੋਂ ਲਿਖੇਂਗੀ ਆਸ਼ਾ?'' ਉਹ ਕਈ ਵਾਰ ਮੈਨੂੰ ਪੁੱਛਦੀ।

ਪਰ ਮੈਂ ਹਰ ਵਾਰ ਟਾਲ ਜਾਂਦੀ। ਕਈ ਵਾਰ ਉਹ ਮੂੰਹ ਸੁਜਾ ਕੇ ਚਲੀ ਜਾਂਦੀ ਤੇ ਫੇਰ ਜਦੋਂ ਅਗਲੀ ਵਾਰ ਮਿਲਦੀ ਤਾਂ ਉਹੀ ਸ਼ਿਕਵਾ ਕਰਦੀ। ਅਜਿਹਾ ਕਿੰਨੀ ਵਾਰ ਹੋਇਆ ਸੀ। ਇਕ ਵਾਰ ਤਾਂ ਉਸ ਨੇ ਕਹਿ ਦਿਤਾ ਸੀ, ''ਲਿਖਣੀ ਹੈ, ਤਾਂ ਲਿਖ ਦੇ, ਮੈਂ ਜ਼ਿਆਦਾ ਵਾਰੀ ਤਾਂ ਕਹਿਣਾ ਨਹੀਂ।''

ਮੈਨੂੰ ਲਗਦਾ ਜਿਵੇਂ ਉਹ ਕਹਿੰਦੀ ਹੋਵੇ, ''ਮੇਰਾ ਵੀ ਸਵੈਟਰ ਬੁਣ ਦੇ ਜਾਂ ਝੱਗਾ ਸੀਅ ਦੇ। ਮੈਨੂ ਪਤੈ ਤੂੰ ਸਵੈਟਰ ਬੁਣਨ ਜਾਣਦੀ ਹੈਂ ਜਾਂ ਝੱਗੇ ਸੀਣੇ। ਸੀਣਾ ਹੈ ਤਾਂ ਸੀਂ ਦੇ, ਨਹੀਂ ਕਿਸੇ ਹੋਰ ਤੋਂ ਸਿਲਵਾ ਲਵਾਂ।'' ਮੇਰੇ ਆਪਣੇ ਇਸ ਖ਼ਿਆਲ ਤੇ ਮੈਨੂੰ ਹਾਸਾ ਆਉਂਦਾ। ਪਰ ਅੱਜ ਗੱਲ ਮੈਂ ਹਾਸੇ ਵਿਚ ਟਾਲ ਨਹੀਂ ਸਕੀ ਸੀ।

ਅੱਜ ਉਸ ਦੇ ਲੜਕੇ ਦਾ ਜਨਮ ਦਿਨ ਸੀ। ਜਦੋਂ ਮੈਂ ਉਸ ਨੂੰ ਵਧਾਈਆਂ ਦਿਤੀਆਂ ਤਾਂ ਉਸ ਨੇ ਭਰੀ ਮਹਿਫਿਲ 'ਚ ਇਹ ਸੁਆਲ ਫੇਰ ਦੁਹਰਾਇਆ, ''ਮੇਰੀ ਕਹਾਣੀ ਕਦੋਂ ਲਿਖੇਂਗੀ?''

ਮੈਨੂੰ ਜੁਆਬ ਨਾ ਸੁੱਝਿਆ। ਦੋ ਪਲ ਸੋਚਣ ਤੋਂ ਬਾਅਦ ਮੈਂ ਕਿਹਾ, ''ਰੂਪੀ, ਅਸਲ 'ਚ ਮੈਨੂੰ ਤੇਰੀ ਪੂਰੀ ਕਹਾਣੀ ਦਾ ਪਤਾ ਨਹੀਂ ਹੈ। ਸ਼ੁਰੂ ਤਾਂ ਕਰ ਲਵਾਂਗੀ ਪਰ ਖ਼ਤਮ ਕਿੱਥੇ ਕਰਾਂ? ਨਾਲੇ ਮੈਨੂੰ.....।''

''ਮੇਰੇ ਵਰਗੀਆਂ ਕਹਾਣੀਆਂ ਕਦੇ ਖਤਮ ਨਹੀਂ ਹੁੰਦੀਆਂ ਆਸ਼ਾ। ਸ਼ੁਰੂ ਹੁੰਦੀਆਂ ਨੇ ਤੇ ਚਲਦੀਆਂ ਰਹਿੰਦੀਆਂ ਨੇ, ਬੇਅੰਤ ਹੁੰਦੀਆਂ ਨੇ ਕੋਈ ਅੰਤ ਨਹੀਂ ਹੁੰਦਾ ਇਹਨਾਂ ਕਹਾਣੀਆਂ ਦਾ।'' ਉਹ ਆਪਣੀਆਂ ਕਟੋਰਿਆਂ ਵਰਗੀਆਂ ਅੱਖਾਂ ਬੰਦ ਕਰਦੀ ਹੋਈ ਬੋਲੀ।

''ਫੇਰ ਵੀ ਜਦੋਂ ਤਕ ਪੂਰੀ ਗੱਲ ਦਾ ਪਤਾ ਨਾ ਹੋਵੇ..... ਮੈਨੂੰ ਡਰ ਲਗਦੈ ਮੈਂ ਕੋਈ ਝੂਠ ਸੱਚ ਨਾ ਮਾਰ ਬੈਠਾਂ, ਪਿਛੋਂ ਤੈਨੂੰ ਬੁਰਾ ਲੱਗੇ।'' ਮੈਂ ਜੁਆਬ ਦਿਤਾ।

''ਬੁਰਾ ਲੱਗਣ ਨੂੰ ਕਿਹੜਾ ਮੈਂ ਸਤੀ ਸਾਵਿਤਰੀ ਹਾਂ। ਜੋ ਮੇਰੇ ਹੱਡਾਂ ਨੇ ਹੰਢਾਇਆ ਹੈ ਉਹ ਲਿਖ, ਮੇਰਾ ਸੱਚ ....।''

''ਪਰ ਤੇਰਾ ਸੱਚ ...। ਮੈਨੂੰ ਪੂਰਾ ਪਤਾ ਨਹੀਂ ਹਾਲੇ..।'' ਮੈਂ ਕਿਹਾ।

"ਚੰਗਾ ਫੇਰ! ਤੂੰ ਜਾਈਂ ਨਾ, ਅੱਜ ਰਾਤ ਮੇਰੇ ਕੋਲ ਹੀ ਰਹੀਂ। ਮੈਂ ਤੈਨੂੰ ਆਪਣਾ ਸੱਚ ਦੱਸਾਂਗੀ।"

ਉਹ ਹੁਕਮ ਜਿਹਾ ਦੇ ਕੇ ਪਾਰਟੀ 'ਚ ਬਿਜ਼ੀ ਹੋ ਗਈ।

ਅੱਧੀ ਰਾਤ ਤਕ ਜਨਮ ਦਿਨ ਦੀ ਪਾਰਟੀ ਚਲਦੀ ਰਹੀ। ਬਾਰਾਂ ਵਜੇ ਤੋਂ ਬਾਅਦ ਉਹ ਵਿਹਲੀ ਹੋ ਕੇ ਸੋਫੇ ਤੇ ਹੀ ਪੱਸਰ ਗਈ। ਆਪਣੇ ਲੰਮੇ ਕਾਲੇ ਵਾਲ ਖੋਹਲ ਕੇ ਉਸ ਨੇ ਖਿਲਾਰ ਲਏ। ਮੈਂ ਵੇਖਿਆ ਲਾਲ ਰੰਗ ਦਾ ਸੂਟ ਉਸ ਦੇ ਰੰਗ ਨਾਲ ਮਿਲ ਗਿਆ ਸੀ। ਗਲ 'ਚ ਪਾਈ ਝੂਠੇ ਮੋਤੀਆਂ ਦੀ ਮਾਲਾ ਸਿਰਫ਼ ਉਸ ਦੀ ਲੰਮੀ ਗੋਰੀ ਗਰਦਨ 'ਤੇ ਲਿਪਟੇ ਹੋਣ ਕਾਰਨ ਹੀ ਸੁੱਚੀ ਲੱਗ ਰਹੀ ਸੀ। ਲੰਮੇ ਲੰਮੇ ਹੱਥ ਪੈਰ ਤੇ ਲੰਮਾ ਕੱਦ, ਜਿਵੇਂ ਮੇਰੇ ਸਾਹਮਣੇ ਇੰਦਰ ਦੇ ਅਖਾੜੇ ਦੀ ਕੋਈ ਅਪੱਸਰਾ ਬੈਠੀ ਸੀ। ਕਿੰਨੀ ਸੋਹਣੀ ਹੈ ਉਹ! ਪਤਾ ਨਹੀਂ ਕਿਉਂ ਉਸ ਨੂੰ ਵੇਖ ਕੇ ਮੈਨੂੰ ਤਾਜ ਮਹਿਲ ਯਾਦ ਆ ਗਿਆ। ਸ਼ਾਇਦ ਤਾਜ ਮਹਿਲ ਜਿਹੀ ਸੁਹਣੀ ਲੱਗੀ ਸੀ ਉਹ ਮੈਨੂੰ ਤੇ ਉਨੀ ਹੀ ਉਦਾਸ। ਜੇ ਮੈਂ ਮਰਦ ਹੁੰਦੀ ਤਾਂ ਰੂਪੀ ਨਾਲ ਜ਼ਰੂਰ ਇਸ਼ਕ ਕਰਦੀ, ਮੈਂ ਸੋਚਿਆ।

"ਕਿਥੇ ਗੁਆਚ ਗਈ ਹੈਂ...?" ਉਸ ਨੇ ਮੇਰੀ ਧਿਆਨ-ਮਾਲਾ ਤੋੜੀ।

"ਮੈਂ ਤੇਰੇ ਹੁਸਨ ਦਾ ਜਲਵਾ ਦੇਖ ਰਹੀ ਹਾਂ। ਕਿੰਨੀ ਸੋਹਣੀ ਹੈਂ ਤੂੰ। ਜੀਅ ਕਰਦਾ ਹੈ ਦੇਖੀ ਜਾਵਾਂ...।" ਮੇਰਾ ਜੁਆਬ ਸੁਣ ਕੇ ਉਹ ਖਿਲਖਿਲਾ ਕੇ ਹੱਸੀ ਤੇ ਉਸ ਦੇ ਦੰਦ ਮੋਤੀਆਂ ਵਾਂਗ ਚਮਕੇ।

"ਮੇਰੀ ਕਹਾਣੀ ਵੀ ਸੁਣੇਂਗੀ ਕਿ ਮੈਨੂੰ ਦੇਖੀ ਹੀ ਜਾਵੇਂਗੀ?" ਉਹ ਮੁਸਕਰਾਈ।

"ਹਾਂ ਦੱਸ।" ਮੈਂ ਮੇਜ਼ ਤੇ ਪੈਰ ਰੱਖਦੀ ਹੋਈ ਨੇ ਪੁੱਛਿਆ।

"ਆਸ਼ਾ, ਮੈਨੂੰ ਪਤਾ ਨਹੀਂ ਮੈਂ ਆਪਣੀ ਕਹਾਣੀ ਕਿਥੋਂ ਸ਼ੁਰੂ ਕਰਾਂ। ਨਾ ਹੀ ਜ਼ਿੰਦਗੀ ਦਾ ਪਹਿਲਾ ਚੈਪਟਰ ਯਾਦ ਹੈ ਤੇ ਨਾ ਹੀ ਪਹਿਲਾ ਪਾਤਰ। ਬੱਸ ਇੰਨਾ ਯਾਦ ਹੈ ਕਿ ਮੈਂ ਇਕ ਟੁੱਟੇ ਹੋਏ ਘਰ ਦੀ ਪੈਦਾਇਸ਼ ਸੀ।" ਉਹ ਥੋਹੜਾ ਜਿਹਾ ਰੁਕੀ ਤੇ ਮੇਰੇ ਵੱਲ ਦੇਖਿਆ।"

"ਟੁੱਟੇ ਹੋਏ ਘਰ ਦੀ?" ਮੈਂ ਪੁੱਛਿਆ।

"ਹਾਂ। ਮੇਰੇ ਮਾਂ ਬਾਪ ਦੀ ਆਪਸ ਵਿਚ ਬਣਦੀ ਨਹੀਂ ਸੀ। ਮੈਂ ਦਸ ਕੁ ਸਾਲਾਂ ਦੀ ਸੀ ਜਦੋਂ ਅਸੀਂ ਇੰਡੀਆ ਤੋਂ ਇੰਗਲੈਂਡ ਆ ਗਏ ਸੀ। ਮੇਰੀ ਥੋਹੜੀ ਬਹੁਤ ਪੜ੍ਹਾਈ ਇੰਡੀਆ ਵਿਚ ਹੋਈ ਤੇ ਬਾਕੀ ਇੰਗਲੈਂਡ ਵਿਚ। ਮੇਰੇ ਮੰਮੀ ਡੈਡੀ ਫੈਕਟਰੀਆਂ 'ਚ ਕੰਮ ਕਰਦੇ ਸੀ। ਡੈਡੀ ਜਿੰਨਾ ਪੇਅ ਪੈਕਟ ਲੈ ਕੇ ਆਉਂਦਾ, ਸ਼ਰਾਬ ਤੇ ਗੋਰੀਆਂ 'ਤੇ ਖਰਚ ਦਿੰਦਾ। ਤੇ ਮੰਮ ਨਾਲੇ ਡੈਡ ਦੀਆਂ ਗਾਲ੍ਹਾਂ ਖਾਂਦੀ ਨਾਲੇ ਘਰ ਦਾ ਖਰਚ ਚਲਾਂਦੀ। ਕਿਸੇ ਨਾ ਕਿਸੇ ਬਹਾਨੇ ਡੈਡ ਮੰਮ ਨੂੰ ਰੋਜ਼ ਹੀ ਕੁੱਟਦਾ ਸੀ, ਪਰ ਮੰਮ ਡੈਡ ਨੂੰ ਛੱਡਣ ਲਈ ਤਿਆਰ ਨਹੀਂ ਸੀ। ਮੈਂ ਕਈ ਵਾਰ ਮੰਮ ਨੂੰ ਕਹਿ ਦਿੰਦੀ ਚੱਲ ਆਪਾਂ ਇੰਡੀਆ ਚੱਲੀਏ, ਪਰ ਡੈਡ ਤੇ ਮੰਮ ਨੂੰ ਪੌਂਡਾਂ ਤੋਂ ਵੱਧ ਹੁਣ ਕੋਈ ਚੀਜ਼ ਪਿਆਰੀ ਨਹੀਂ ਸੀ। ਇੰਡੀਆ ਜਾਣਾ ਤਾਂ ਦੂਰ ਉਹ ਤਾਂ ਇੰਡੀਆ ਦਾ ਨਾਂ ਤਕ ਸੁਣਨ ਨੂੰ ਤਿਆਰ ਨਹੀਂ ਸਨ। ਪਰ ਮੈਂ ਇਕ ਦਿਨ ਲਈ ਵੀ ਇੰਡੀਆ ਨੂੰ ਨਹੀਂ ਭੁੱਲੀ ਸੀ, ਆਪਣੇ ਦੋਸਤ ਸਹੇਲੀਆਂ ਨੂੰ, ਆਪਣੇ ਰਿਸ਼ਤੇਦਾਰਾਂ ਨੂੰ ਤੇ ਆਪਣੇ ਪੰਜਾਬ ਨੂੰ। ਇਹੋ ਜਿਹੀ ਕੋਈ ਰਾਤ ਨਹੀਂ ਸੀ ਜਿਸ ਦਿਨ ਮੈਨੂੰ ਇੰਡੀਆ ਦਾ ਸੁਪਨਾ ਨਾ ਆਇਆ ਹੋਵੇ। ਇਹੋ ਜਿਹੇ ਮਾਹੌਲ 'ਚ ਮੈਂ ਜ਼ਿਆਦਾ ਪੜ੍ਹ ਲਿਖ ਨਾ ਸਕੀ। ਸਕੂਲ ਤੋਂ ਬਾਅਦ ਮੈਨੂੰ ਏਅਰ ਪੋਰਟ 'ਤੇ ਕੰਮ ਮਿਲ ਗਿਆ।

ਜਿਵੇਂ ਘਰ ਦੀ ਘੁਟਨ 'ਚੋਂ ਨਿਕਲ ਕੇ ਮੈਂ ਰੰਗ ਬਿਰੰਗੇ ਮੇਲੇ ਵਿਚ ਆ ਗਈ। ਰੋਜ਼ ਹੀ ਹਜ਼ਾਰਾਂ ਮੁਸਾਫਿਰ ਜਹਾਜ਼ਾਂ 'ਤੇ ਚੜ੍ਹਦੇ ਉਤਰਦੇ, ਜਿਵੇਂ ਰੋਜ਼ ਨਵੇਂ ਪੰਛੀ ਆਉਂਦੇ ਤੇ ਉਡਾਰੀ ਮਾਰ ਜਾਂਦੇ। ਮੈਂ ਲੋਕਾਂ ਨੂੰ ਆਉਂਦੇ ਜਾਂਦੇ ਵੇਖਦੀ, ਆਪਸ ਵਿਚ ਗਲੇ ਮਿਲਦਿਆਂ ਤੱਕਦੀ ਤਾਂ ਜਿਵੇਂ ਮੇਰੇ ਅੰਦਰ ਬਹੁਤ ਕੁਝ ਟੁੱਟ ਜਾਂਦਾ। ਲੋਕ ਕਿੰਨੇ ਖੁਸ਼ ਨੇ। ਕਿਵੇਂ ਆਪਸ 'ਚ ਪਿਆਰ ਕਰਦੇ ਨੇ ਇਕ ਦੂਜੇ ਨੂੰ। ਜਦੋਂ ਕੋਈ ਆਦਮੀ ਤੀਵੀਂ ਅਲੱਗ ਹੋ ਰਹੇ ਹੁੰਦੇ ਤਾਂ ਇਕ ਦੂਜੇ ਦੀਆਂ ਬਾਹਾਂ 'ਚ ਸਮਾ ਜਾਂਦੇ। ਔਰਤ ਰੋਂਦੀ ਤੇ ਮਰਦ ਵੀ ਉਸ ਨੂੰ ਛਾਤੀ ਨਾਲ ਲਾ ਕੇ ਅੱਖਾਂ ਭਰ ਲੈਂਦਾ। ਮੈਨੂੰ ਲੱਗਦਾ ਲੋਕ ਆਪਣੀਆਂ ਪਤਨੀਆਂ ਤੇ ਬੱਚਿਆਂ ਨੂੰ ਕਿੰਨਾ ਪਿਆਰ ਕਰਦੇ ਨੇ, ਪਰ ਇਕ ਸਾਡਾ ਘਰ ਹੈ ਜਿਥੇ ਸਾਰਾ ਦਿਨ ਕਲੇਸ਼ ਹੁੰਦਾ ਤੇ ਭੰਗ ਭੁੱਜਦੀ ਹੈ। ਮੈਨੂੰ ਪੈਸੇ ਸੁਹਣੇ ਮਿਲਦੇ ਸੀ। ਪਰ ਜਿਸ ਦਿਨ ਤਨਖਾਹ ਮਿਲਣੀ ਮੈਂ ਉਦਾਸ ਹੋ ਜਾਣਾ। ਤਨਖਾਹ ਮੰਮ ਨੂੰ ਦੇਵਾਂਗੀ। ਡੈਡ ਸ਼ਰਾਬ ਵਾਸਤੇ ਪੈਸੇ ਮੰਗੇਗਾ। ਮੰਮ ਕਹੇਗੀ, ''ਕੁੜੀ ਦੇ ਪੈਸੇ ਨੇ ਸ਼ਰਾਬਾਂ 'ਤੇ ਨਾ ਰੋੜ੍ਹ।'' ਦੋਵੇਂ ਜੂਤ ਪਤਾਣ ਹੋਣਗੇ, ਜਿਵੇਂ ਪੈਸਾ ਸਾਡੇ ਘਰ ਦੀ ਲੜਾਈ ਦੀ ਅੱਗ ਵਿਚ ਪੈਟਰੋਲ ਦਾ ਕੰਮ ਕਰਦਾ ਸੀ। ਤੂੰ ਸੁਣ ਰਹੀਂ ਹੈਂ ਨਾ ਧਿਆਨ ਨਾਲ...?'' ਉਹ ਗੱਲ ਕਰਦੀ ਵਿਚੋਂ ਰੁਕੀ।

''ਬੋਲੀ ਚੱਲ, ਰੁਕ ਨਾ ... ਕਹਾਣੀ ਦੀ ਤੰਦ ਨਾ ਤੋੜੀਂ। ਮੈਂ ਸਭ ਸੁਣ ਰਹੀ ਹਾਂ।'' ਮੈਂ ਇਕੋ ਸਾਹ 'ਚ ਕਹਿ ਗਈ।

''ਹਾਂ, ਮੈਂ ਕਹਿ ਰਹੀ ਸੀ ਕਿ ਇਨ੍ਹਾਂ ਹੀ ਉਦਾਸੀਆਂ 'ਚ ਦੋ ਤਿੰਨ ਸਾਲ ਲੰਘ ਗਏ। ਇਕ ਦਿਨ ਇੰਡੀਆ ਜਾਣ ਵਾਲੀ ਏਅਰ ਇੰਡੀਆ ਦੀ ਫਲਾਈਟ ਲੇਟ ਸੀ। ਮੁਸਾਫਿਰ ਬੈਠੇ ਚਾਹ ਪਾਣੀ ਪੀ ਰਹੇ ਸਨ ਤੇ ਅਸੀਂ ਸਾਰਾ ਸਟਾਫ ਉਨ੍ਹਾਂ ਦੀ ਸੇਵਾ ਵਿਚ ਲੱਗੇ ਹੋਏ ਸੀ। ਇਨ੍ਹਾਂ ਹੀ ਮੁਸਾਫਿਰਾਂ 'ਚ ਮੈਨੂੰ ਮਿਲਿਆ ਸੀ ਨਰਿੰਦਰ। ਮੈਨੂੰ ਥੱਕੀ ਟੁੱਟੀ ਨੂੰ ਇਕ ਕੁਰਸੀ 'ਤੇ ਬੈਠੀ ਦੇਖ ਕੇ ਉਹ ਮੇਰੇ ਨਾਲ ਵਾਲੀ ਕੁਰਸੀ 'ਤੇ ਆ ਕੇ ਬੈਠ ਗਿਆ। ਮੈਂ ਸਰਸਰੀ ਨਜ਼ਰ ਨਾਲ ਉਸ ਵੱਲ ਦੇਖਿਆ ਪਰ ਦੇਖਦੀ ਹੀ ਰਹਿ ਗਈ। ਜਿਵੇਂ ਉਸ ਨੇ ਮੈਨੂੰ ਹਿਪਨੋਟਾਈਜ਼ ਕਰ ਲਿਆ ਸੀ। ਸੁਹਣੇ ਬੰਦੇ ਤਾਂ ਮੈਂ ਏਅਰ ਪੋਰਟ 'ਤੇ ਰੋਜ਼ ਹੀ ਦੇਖਦੀ ਸੀ ਪਰ ਨਰਿੰਦਰ ਲਈ ਤਾਂ ਜਿਵੇਂ ਸੁਹਣਾ ਲਫਜ਼ ਵੀ ਛੋਟਾ ਸੀ। ਗੋਰਾ ਚਿੱਟਾ, ਮੂੰਹ ਦਗ਼ ਦਗ਼ ਕਰਦਾ, ਘੁੰਗਰਾਲੇ ਵਾਲ, ਗੁਲਾਬੀ ਬੁਲ੍ਹ ਤੇ ਦਰਵੇਸ਼ਾਂ ਵਰਗੀਆਂ ਅੱਖਾਂ, ਜਿਵੇਂ ਉਸ ਦੀਆਂ ਅੱਖਾਂ ਵਿਚੋਂ ਕੋਈ ਸੇਕ ਆ ਰਿਹਾ ਸੀ। ਮੈਨੂੰ ਆਪਣਾ ਵਜੂਦ ਪਿਘਲਦਾ ਜਾਪਿਆ। ਮੈਂ ਉਸ ਦੀਆਂ ਅੱਖਾਂ ਵਿਚ ਗੁਆਚ ਗਈ। ਉਹ ਮੁਸਕਰਾਇਆ, ਮੈਂ ਆਪੇ 'ਚ ਮੁੜੀ। ਥੋਹੜਾ ਸੰਭਲੀ ਕਿ ਉਠ ਕੇ ਚਲੀ ਜਾਵਾਂ, ਪਰ ਮੇਰੇ ਪੈਰਾਂ ਵਿਚ ਜਾਨ ਨਹੀਂ ਸੀ।

''ਕੀ ਨਾਂ ਹੈ ਤੇਰਾ. . .?'' ਉਸ ਨੇ ਹੌਲੀ ਜਿਹੀ ਪੁੱਛਿਆ। ਬਹੁਤ ਨਿੱਘੀ ਆਵਾਜ਼ ਸੀ ਉਸਦੀ।

''ਰੂਪਿੰਦਰ. . .।'' ਮੈਂ ਜੁਆਬ ਦਿਤਾ।

''ਬਹੁਤ ਪਿਆਰਾ ਨਾਂ ਹੈ। ਬਹੁਤ ਸਹੁਣਾ। ਪਰ ਏਨਾ ਸਹੁਣਾ ਨਹੀਂ ਜਿੰਨੀ ਸਹੁਣੀ ਤੂੰ ਆਪ ਹੈਂ। ਤੇਰਾ ਨਾਮ ਤਾਂ ਤਸਵੀਰ ਹੋਣਾ ਚਾਹੀਦਾ ਹੈ ਜਾਂ ਬਹਾਰ। ਤਸਵੀਰ ਜਿੰਨੀ ਸਹੁਣੀ ਹੈਂ ਤੂੰ।'' ਜਦੋਂ ਉਹ ਗੱਲ ਕਰਦਾ ਤਾਂ ਉਸ ਦੀਆਂ ਅੱਖਾਂ ਜਾਦੂ ਧੂੜਦੀਆਂ। ਮੇਰਾ ਇਨੇ ਸੁਹਣੇ ਮਰਦ ਦੇ ਮੂੰਹੋਂ ਆਪਣੀ ਤਾਰੀਫ

''ਤੂੰ ਕਿੱਥੇ ਚੱਲਿਆਂ ਹੈਂ. . .?''

ਸੁਣ ਕੇ ਦਿਲ ਉਛਲਿਆ ਪਰ ਮੈਂ ਉਸ ਨੂੰ ਜ਼ਾਹਰ ਨਾ ਹੋਣ ਦਿਤਾ।

''ਇੰਡੀਆ. . .। ਪੰਜਾਬ. . .। ਅੰਮ੍ਰਿਤਸਰ ਕੋਲ ਪਿੰਡ ਹੈ ਮੇਰਾ। ਮੇਰੇ ਮਾਂ ਬਾਪ ਉਥੇ ਹੀ ਨੇ। ਘਰ ਬਾਰ. . .ਜ਼ਮੀਨ ਜਾਇਦਾਦ. . .ਪੂਰਾ ਪਿੰਡ ਹੀ ਸਾਡਾ ਆਪਣਾ ਹੈ। ਮੈਂ ਇੱਕਲਾ ਪੁੱਤਰ ਹਾਂ ਮਾਂ ਬਾਪ ਦਾ। ਬੱਸ ਹਰ ਸਾਲ ਦੋ ਚਾਰ ਚੱਕਰ ਇੰਡੀਆ ਦੇ ਲੱਗ ਹੀ ਜਾਂਦੇ ਨੇ. . .।'' ਉਹ ਦੱਸ ਰਿਹਾ ਸੀ।

''ਅੰਮ੍ਰਿਤਸਰ. . .ਜਿੱਥੇ ਹਰਿਮੰਦਰ ਸਾਹਿਬ ਹੈ?'' ਮੈਂ ਕਿਹਾ।

''ਹਾਂ, ਸਾਡੇ ਪਿੰਡ ਤੋਂ ਦਸ ਕੁ ਮੀਲ ਦਾ ਰਾਹ ਹੈ ਅੰਮ੍ਰਿਤਸਰ ਦਾ। ਤੂੰ ਗਈ ਹੈਂ ਕਦੇ ਹਰਿਮੰਦਰ ਸਾਹਿਬ?''

''ਨਹੀਂ, ਪਰ ਸਾਡੇ ਘਰ ਹਰਿਮੰਦਰ ਸਾਹਿਬ ਦੀ ਬਹੁਤ ਵੱਡੀ ਤਸਵੀਰ ਲੱਗੀ ਹੋਈ ਹੈ। ਮੇਰਾ ਬੜਾ ਜੀਅ ਕਰਦੈ ਮੈਂ ਕਦੇ ਹਰਿਮੰਦਰ ਸਾਹਿਬ ਜਾਵਾਂ. . .ਪੰਜਾਬ। ਜਿਥੇ ਮੇਰਾ ਘਰ ਹੈ। ਮੇਰੇ ਬਾਪ ਦਾਦਿਆਂ ਦਾ ਘਰ. . .।'' ਮੈਂ ਉਦਾਸ ਆਵਾਜ਼ 'ਚ ਕਿਹਾ।

''ਚੱਲ, ਅੱਜ ਹੀ ਲੈ ਚਲਦਾ ਹਾਂ।'' ਉਸ ਨੇ ਮਜ਼ਾਕ 'ਚ ਕਿਹਾ ਤੇ ਮੈਂ ਸ਼ਰਮਾ ਕੇ ਨੀਵੀਂ ਪਾ ਲਈ।

''ਮੇਰਾ ਨਾਮ ਨਰਿੰਦਰ ਹੈ। ਸੱਤ ਤਾਰੀਕ ਨੂੰ ਵਾਪਸ ਆਵਾਂਗਾ। ਤੂੰ ਮੈਨੂੰ ਮਿਲੇਂਗੀ ਏਅਰ ਪੋਰਟ 'ਤੇ?'' ਉਸ ਨੇ ਫੇਰ ਮਿਲਣ ਦਾ ਵਾਅਦਾ ਮੰਗਿਆ।

''ਪਤਾ ਨਹੀਂ. . .।'' ਮੈਂ ਉਥੋਂ ਉਠ ਕੇ ਖੜ੍ਹੀ ਹੋ ਗਈ।

ਨਰਿੰਦਰ ਚਲਾ ਗਿਆ। ਮੇਰੇ ਲਈ ਸੱਤ ਤਾਰੀਕ ਦੂਰ ਹੋ ਗਈ। ਭਾਵੇਂ ਕੋਈ ਗੱਲ ਨਹੀਂ ਸੀ ਪਰ ਜਿਵੇਂ ਘੜੀ ਦੀਆਂ ਸੂਈਆਂ ਮੇਰੇ ਲਈ ਰੁਕ ਗਈਆਂ। ਕੀ ਮੰਤਰ ਫੂਕ ਗਿਆ ਸੀ ਉਹ ਮੇਰੇ 'ਤੇ। ਜਦੋਂ ਵੀ ਏਅਰ ਇੰਡੀਆ ਦੀ ਫਲਾਈਟ ਆਉਂਦੀ, ਮੈਂ ਚਾਰੇ ਪਾਸੇ ਅੱਖਾਂ ਘੁੰਮਾਉਂਦੀ। ਸ਼ਾਇਦ ਉਹ ਪਹਿਲਾਂ ਨਾ ਆ ਜਾਵੇ। ਕਿਤੇ ਉਹ ਲੰਘ ਨਾ ਜਾਵੇ। ਅਜੀਬ ਜਿਹੀ ਤਰਥੱਲੀ ਮੇਰੇ ਅੰਦਰ ਮਚ ਗਈ ਸੀ। ਹੌਲੀ ਹੌਲੀ ਕਰਕੇ ਤਿੰਨ ਹਫਤੇ ਲੰਘ ਗਏ ਤੇ ਸੱਤ ਤਾਰੀਕ ਆ ਗਈ। ਮੈਂ ਜਾਣ ਬੁੱਝ ਕੇ ਕਿਸੇ ਦੁਕਾਨ 'ਚ ਜਾ ਕੇ ਖੜ੍ਹੀ ਹੋ ਗਈ ਕਿ ਦੇਖਾਂ ਤਾਂ ਸਹੀ, ਉਹ ਮੈਨੂੰ ਲੱਭਦਾ ਹੈ ਕਿ ਨਹੀਂ ਜਾਂ ਭੁੱਲ ਹੀ ਗਿਆ ਹੋਵੇ। ਸਾਰੇ ਮੁਸਾਫਿਰ ਲੰਘ ਗਏ। ਨਰਿੰਦਰ ਅਖੀਰ 'ਚ ਬਾਹਰ ਆਇਆ। ਉਸ ਨੇ ਚਾਰੇ ਪਾਸੇ ਨਜ਼ਰਾਂ ਘੁੰਮਾਈਆਂ। ਉਹ ਮੈਨੂੰ ਤਲਾਸ਼ ਰਿਹਾ ਸੀ। ਦਸ ਪੰਦਰਾਂ ਮਿੰਟ ਇਧਰ ਉਧਰ ਘੁੰਮਦਾ ਰਿਹਾ ਤੇ ਮੈਂ ਮਜ਼ੇ ਲੈਂਦੀ ਰਹੀ। ਆਪਣੇ ਕੋਟ ਦੀ ਜੇਬ ਵਿੱਚੋਂ ਰੁਮਾਲ ਕੱਢ ਕੇ ਉਸ ਨੇ ਆਪਣਾ ਮੱਥਾ ਪੂੰਝਿਆ ਜਿਥੇ ਸ਼ਾਇਦ ਪਰੇਸ਼ਾਨੀ ਕਾਰਨ ਪਸੀਨਾ ਆ ਗਿਆ ਸੀ। ਅਖੀਰ ਉਹ ਬੈਗ ਚੁੱਕ ਕੇ ਹਾਰੇ ਹੋਏ ਖਿਡਾਰੀ ਵਾਂਗ ਗਰਦਨ ਸੁੱਟ ਕੇ ਤੁਰ ਪਿਆ। ਮੈਂ ਦੁਕਾਨ 'ਚੋਂ ਬਾਹਰ ਆ ਗਈ।

''ਨਰਿੰਦਰ. . .!'' ਮੈਂ ਪਿਛੋਂ ਆਵਾਜ਼ ਦਿਤੀ। ਉਹ ਰੁਕ ਗਿਆ। ਜਿਵੇਂ ਹਜ਼ਾਰਾਂ ਗੁਲਾਬ ਉਸ ਦੇ ਚਿਹਰੇ 'ਤੇ ਇਕੋ ਵੇਲੇ ਖਿੜ ਪਏ ਸੀ।

''ਮੈਨੂੰ ਪਤਾ ਸੀ ਤੂੰ ਜ਼ਰੂਰ ਆਵੇਂਗੀ. . .।'' ਉਸ ਨੇ ਮੈਨੂੰ ਜੱਫੀ ਪਾ ਲਈ। ਜ਼ਿੰਦਗੀ 'ਚ ਪਹਿਲੀ ਵਾਰ ਮੈਨੂੰ ਕਿਸੇ ਮਰਦ ਨੇ ਆਪਣੇ ਕਲਾਵੇ 'ਚ ਲਿਆ ਸੀ। ਉਸ ਦੇ ਸਰੀਰ 'ਚੋਂ ਭੁੱਬਲ ਵਰਗਾ ਸੇਕ ਆ ਰਿਹਾ ਸੀ। ਮੈਨੂੰ ਲੱਗਿਆ ਮੈਂ ਪਿਘਲ ਰਹੀ ਹਾਂ। ਖਾਮੋਸ਼ ਜਿਹੀ ਉਸ ਦੇ ਨਾਲ ਲੱਗੀ ਰਹੀ।

''ਚੱਲ ਸਾਹਮਣੇ ਬੈਠ ਕੇ ਚਾਹ ਪੀਂਦੇ ਹਾਂ।''

ਉਹ ਰੇਸਤੋਰਾਂ ਵੱਲ ਨੂੰ ਤੁਰ ਪਿਆ। ਮੈਂ ਜਿਵੇਂ ਬੋਲੀ ਤੇ ਗੂੰਗੀ ਹੋ ਗਈ ਸੀ। ਉਸ ਦੀਆਂ ਗੱਲਾਂ ਦਾ ਹਾਂ ਹੂੰ ਵਿਚ ਜੁਆਬ ਦੇ ਰਹੀ ਸੀ। ਉਹ ਮੇਰੇ ਲਈ ਇੰਡੀਆ ਤੋਂ ਸੋਨੇ ਦੀ ਚੇਨੀ ਲੈ ਕੇ ਆਇਆ ਸੀ ਜਿਸ ਦੇ ਲਾਕੇਟ ਵਿਚ ਹਰਿਮੰਦਰ ਸਾਹਿਬ ਦੀ ਤਸਵੀਰ ਸੀ। ਉਸ ਨੇ ਆਪਣੇ ਹੱਥਾਂ ਨਾਲ ਮੇਰੀ ਗਰਦਨ ਵਿਚ ਉਹ ਚੇਨੀ ਪਾ ਦਿਤੀ। ਅਸੀਂ ਕਾਫੀ ਦੇਰ ਉਥੇ ਬੈਠੇ ਰਹੇ ਤੇ ਉਹ ਫੇਰ ਵੀਕ ਐਂਡ 'ਤੇ ਮਿਲਣ ਦਾ ਵਾਅਦਾ ਕਰ ਕੇ ਚਲਾ ਗਿਆ।

ਮੈਂ ਹੁਣ ਆਮ ਦੁਨੀਆਂ ਵਿਚੋਂ ਨਿਕਲ ਕੇ ਕਿਸੇ ਹੋਰ ਹੀ ਦੁਨੀਆਂ ਵਿਚ ਵਿਚਰ ਰਹੀ ਸੀ। ਨਰਿੰਦਰ ਦੇ ਖਿਆਲ ਦਾ ਨਸ਼ਾ ਹਰ ਵੇਲੇ ਮੇਰੇ ਦਿਮਾਗ 'ਤੇ ਸੀ। ਉਠਦੇ ਬਹਿੰਦੇ ਉਸ ਦਾ ਹੀ ਖਿਆਲ ਸੀ। ਘਰ ਦਾ ਕਲੇਸ਼, ਮਾਂ ਬਾਪ ਦੀ ਚਿੜ ਚਿੜ ਤੇ ਕੰਮ ਦਾ ਪਰੈਸ਼ਰ ਮੈਂ ਸਭ ਭੁੱਲ ਗਈ। ਸ਼ਨੀਵਾਰ ਵਾਲੇ ਦਿਨ ਮੈਂ ਆਪਣਾ ਸਭ ਤੋਂ ਸਹੁਣਾ ਪੰਜਾਬੀ ਸੂਟ ਕੱਢ ਕੇ ਪਾਇਆ ਤੇ ਨਰਿੰਦਰ ਨੂੰ ਮਿਲਣ ਚਲੀ ਗਈ। ਉਹ ਮੇਰੀ ਇੰਤਜ਼ਾਰ ਕਰ ਰਿਹਾ ਸੀ। ਸਫੇਦ ਰੰਗ ਦੀ ਮਰਸੇਡੀਜ਼ ਵਿਚ ਉਹ ਕੋਈ ਰਾਜਕੁਮਾਰ ਲੱਗ ਰਿਹਾ ਸੀ। ਮੈਨੂੰ ਆਪਣੀ ਕਿਸਮਤ 'ਤੇ ਰਸ਼ਕ ਹੋਇਆ।

ਅਸੀਂ ਬਹੁਤ ਦੇਰ ਤਕ ਆਪਸ ਵਿਚ ਗੱਲਾਂ ਕਰਦੇ ਰਹੇ। ਇਕ ਦੂਜੇ ਬਾਰੇ, ਇਕ ਦੂਜੇ ਦੀਆਂ ਹੌਬੀਆਂ ਪੁੱਛਦੇ ਰਹੇ ਤੇ ਹਾਸਾ ਮਜ਼ਾਕ ਕਰਦੇ ਰਹੇ।

ਮੈਂ ਉਸ ਨੂੰ ਆਪਣੀ ਜ਼ਿੰਦਗੀ ਬਾਰੇ ਦੱਸਿਆ ਕਿ ਮੈਂ ਕਿੰਨੀ ਇਕੱਲੀ ਹਾਂ। ਮੇਰੇ ਮਾਂ ਬਾਪ ਆਪਸ ਵਿਚ ਕਿਵੇਂ ਇਕ ਦੂਜੇ ਦੇ ਦੁਸ਼ਮਣ ਨੇ।

''ਦੁਸ਼ਮਣੀ ਦੀ ਗੱਲ ਨਹੀਂ ਹੁੰਦੀ ਰੂਪ, ਦਰਅਸਲ ਸਮਝਣ ਦੀ ਗੱਲ ਹੁੰਦੀ ਹੈ, ਅੰਡਰਸਟੈਂਡਿੰਗ ਦੀ। ਜੇ ਆਦਮੀ ਤੀਵੀਂ ਦਾ ਮੇਲ ਸਹੀ ਨਾ ਹੋਵੇ ਤਾਂ ਅੰਡਰਸਟੈਂਡਿੰਗ ਹੋ ਹੀ ਨਹੀਂ ਸਕਦੀ। ਇਹ ਬੇਮੇਲ ਜਿਹੇ ਵਿਆਹ ਘੜੀਸਾ ਘੜੀਸੀ ਦਾ ਹੀ ਕੰਮ ਹੁੰਦੇ ਨੇ, ਕੋਈ ਸੁਆਦ ਵਾਲੀ ਗੱਲ ਨਹੀਂ ਹੁੰਦੀ। ਤੂੰ ਸੁਣਿਆ ਨਹੀਂ, 'ਜੋੜੀਆਂ ਜੱਗ ਥੋੜੀਆਂ ਨਰੜ ਬਥੇਰੇ'। ਇਥੇ ਜ਼ਿਆਦਾ ਨਰੜ ਹੀ ਨੇ ਤੇ ਇਸ ਦਾ ਖਮਿਆਜ਼ਾ ਬੱਚੇ ਭੁਗਤਦੇ ਨੇ।'' ਉਹ ਕਿਤੇ ਦੂਰ ਗੁਆਚ ਗਿਆ ਸੀ।

''ਕਿਉਂ ਨਰਿੰਦਰ, ਕੀ ਤੇਰੇ ਮਾਂ ਬਾਪ ਵੀ?'' ਮੈਂ ਹੈਰਾਨ ਹੋਈ।

''ਨਹੀਂ। ਮੇਰੇ ਮਾਂ ਬਾਪ ਤਾਂ ਇੰਡੀਆ 'ਚ ਰਾਜਿਆਂ ਵਾਂਗ ਰਹਿੰਦੇ ਨੇ। ਉਹ ਤਾਂ ਪੁਰਾਣੇ ਬੰਦੇ ਨੇ ਜਦੋਂ ਵਿਆਹ ਲਾਟਰੀ ਵਾਂਗ ਲਗਦਾ ਹੁੰਦਾ ਸੀ।'' ਉਸ ਨੇ ਵਾਈਨ ਦਾ ਗਿਲਾਸ ਮੂੰਹ ਨੂੰ ਲਾਉਂਦਿਆਂ ਕਿਹਾ।

''ਫੇਰ ਤੂੰ ਉਦਾਸ ਕਿਉਂ ਹੋ ਗਿਆ?''

''ਮੈਂ ਦਰਅਸਲ ਆਪਣੀ ਗੱਲ ਕਰ ਰਿਹਾ ਸੀ. . .।'' ਮੇਰੀ ਤੇ ਮੇਰੀ ਬੀਵੀ ਦੀ ਕਦੇ ਨਹੀਂ ਬਣੀ। ਚੰਗੀ ਸਹੁਣੀ ਕੁੜੀ ਹੈ ਉਹ, ਬਹੁਤ ਅਮੀਰ ਘਰ ਦੀ। ਪੱਕੀ ਮੇਡ ਇਨ ਇੰਗਲੈਂਡ। ਮਜਾਲ ਹੈ ਉਹਦੇ ਪੁੱਛੇ ਵਗੈਰ ਘਰ ਵਿਚ ਪੱਤਾ ਵੀ ਹਿੱਲ ਜਾਵੇ। ਮੈਨੂੰ ਪਤਾ ਹੈ ਉਹ ਮੈਨੂੰ ਬਹੁਤ ਚਾਹੁੰਦੀ ਹੈ ਪਰ ਮੇਰੇ ਧੁਰ ਅੰਦਰ ਨਹੀਂ ਲਹਿ ਸਕੀ। ਮੈਂ ਕਦੇ ਸ਼ਿੱਦਤ ਨਾਲ ਉਸ ਨੂੰ ਪਿਆਰ ਨਹੀਂ ਕੀਤਾ। ਸਿਰਫ ਬੱਚਿਆਂ ਕਰਕੇ ਸਾਡੀ ਮੈਰਿਜ ਚੱਲ ਰਹੀ ਹੈ. . .।'' ਉਹ ਬੋਲਦਾ ਬੋਲਦਾ ਰੁਕ ਗਿਆ।

''ਤੇਰੇ ਬੱਚੇ ਵੀ ਨੇ ਨਰਿੰਦਰ? ਤੂੰ ਤਾਂ ਵੇਖਣ ਨੂੰ ਕੁਆਰਾ ਲੱਗਦਾ ਹੈਂ. . .।'' ਮੈਂ ਹੈਰਾਨ ਸੀ।

''ਨਹੀ ਰੂਪ ਮੇਰਾ ਵਡਾ ਲੜਕਾ ਪੰਦਰਾਂ ਸਾਲਾਂ ਦਾ ਹੈ ਤੇ ਲੜਕੀ ਦਸ ਸਾਲ ਦੀ। ਮੈਂ ਵੀ ਵਿਆਹ ਕਰਵਾ ਕੇ ਇੰਗਲੈਂਡ ਆਇਆ ਸੀ। ਰਿਸ਼ਤੇਦਾਰੀ ਵਿਚੋਂ ਹੀ ਮੇਰਾ ਵਿਆਹ ਹੋ ਗਿਆ ਸੀ। ਸੋਚਿਆ ਸੀ ਪੜ੍ਹੀ ਲਿਖੀ ਸਹੁਣੀ ਕੁੜੀ ਹੈ ਬਲਜੀਤ ਤੇ ਮੇਰੀ ਤੇ ਮੇਰੇ ਖਾਨਦਾਨ ਦੀ ਕਦਰ ਕਰੇਗੀ, ਪਰ ਉਹ ਮੈਨੂੰ ਘਰ ਦੇ ਇਕ ਸਾਮਾਨ ਤੋਂ ਵੱਧ ਕੁਝ ਨਹੀਂ ਸਮਝਦੀ, ਜਿਵੇਂ ਮੈਂ ਉਸ ਦਾ ਨੌਕਰ ਹੋਵਾਂ। ਮੈਂ ਆਪਣੇ ਘਰ ਪੂਰੀ ਸਰਦਾਰੀ ਕੀਤੀ ਹੈ ਪਰ ਇੰਗਲੈਂਡ ਆ ਕੇ ਲਗਦਾ ਹੈ ਜਿਵੇਂ ਕੋਈ ਭਈਆ ਹੋਵਾਂ। ਸਾਲਾ 'ਡਾਰਲਿੰਗ-ਡਾਰਲਿੰਗ, ਪਲੀਜ਼-ਪਲੀਜ਼' ਕਰਦਿਆਂ ਦਾ ਮੂੰਹ ਦੁਖਣ ਲੱਗ ਜਾਂਦਾ ਹੈ। ਉਹ ਸਮਝਦੀ ਹੈ ਮੈਂ ਉਸ ਦਾ ਗੁਲਾਮ ਹਾਂ ਪਰ ਦਿਲੋਂ ਮੈਂ ਉਸ ਦੀ ਧੇਲੇ ਦੀ ਕਦਰ ਨਹੀਂ ਕਰਦਾ। ਲੋਕ ਜਾਨਵਰਾਂ ਨੂੰ ਵੱਸ ਵਿਚ ਕਰ ਲੈਂਦੇ ਨੇ, ਉਹ ਤੀਵੀਂ ਕੀ ਹੋਈ ਜਿਸ ਨੇ ਆਦਮੀ ਨੂੰ ਨਾ ਜਿੱਤਿਆ। ਬੱਸ ਇਕ ਖਾਲੀਪਣ ਜਿਹਾ ਲੈ ਕੇ ਜੀਅ ਰਿਹਾ ਹਾਂ। ਬੇਅਰਥ ਜ਼ਿੰਦਗੀ. . .।'' ਫੇਰ ਉਹ ਬਹੁਤ ਦੇਰ ਤੱਕ ਚੁੱਪ ਰਿਹਾ।

''ਕੀ ਗੱਲ ਹੈ, ਮੇਰੇ ਵਿਆਹ ਦੀ ਗੱਲ ਸੁਣ ਕੇ ਤੇਰਾ ਮੂਡ ਖਰਾਬ ਹੋ ਗਿਆ? ਪਰ ਇਹ ਵੀ ਕੀ ਵਿਆਹ ਜੋ ਸਿਰਫ ਇਕੱਠੇ ਰਹਿਣ ਲਈ ਹੈ। ਉਹ ਹੋਰ ਰੂਮ 'ਚ ਸੌਂਦੀ ਹੈ ਤੇ ਮੈਂ ਹੋਰ 'ਚ। ਸਾਡੀ ਕੋਈ ਦਿਲੀ ਸਾਂਝ ਨਹੀਂ ਹੈ. . .।'' ਉਹ ਮੈਨੂੰ ਆਪਣੀਆਂ ਮਜਬੂਰੀਆਂ ਦੱਸ ਰਿਹਾ ਸੀ।

''ਨਹੀਂ। ਮੈਂ ਸੋਚਦੀ ਹਾਂ ਕਿ ਇਥੇ ਹਰ ਘਰ ਵਿਚ ਉਹੀ ਹਾਲ ਹੈ। ਅਧੂਰੀਆਂ ਜਿਹੀਆਂ ਜ਼ਿੰਦਗੀਆਂ ਜੀਅ ਰਹੇ ਨੇ ਲੋਕ. . .।'' ਮੈਨੂੰ ਮੇਰਾ ਘਰ ਯਾਦ ਆ ਗਿਆ।

''ਹਾਂ ਅਧੂਰੀਆਂ ਹੀ ਸਮਝ ਲੈ। ਪਰ ਜੇ ਕੋਈ ਚੰਗਾ ਸਾਥੀ ਮਿਲ ਜਾਵੇ ਤਾਂ ਪੂਰੀਆਂ ਵੀ ਹੋ ਜਾਂਦੀਆਂ ਨੇ।'' ਉਸ ਦੀਆਂ ਅੱਖਾਂ 'ਚ ਮੈਂ ਪਹਿਲੀ ਵਾਰ ਉਦਾਸੀ ਦੀ ਝਲਕ ਦੇਖੀ।

''ਕੀ ਮਤਲਬ?''

''ਮਤਲਬ ਬੱਚਿਆਂ ਕਰਕੇ ਆਪਣੀ ਔਰਤ ਨੂੰ ਤਾਂ ਮੈਂ ਛੱਡ ਨਹੀਂ ਸਕਦਾ। ਮੇਰੇ ਸਵਾਰਥ ਕਰਕੇ ਉਨ੍ਹਾਂ ਮਾਸੂਮਾਂ ਦੀ ਜ਼ਿੰਦਗੀ ਕਿਉਂ ਤਬਾਹ ਹੋਵੇ। ਟੁੱਟੇ ਹੋਏ ਘਰਾਂ ਦੇ ਬੱਚੇ ਕਿਹੋ ਜਿਹੇ ਹੁੰਦੇ ਨੇ, ਤੈਥੋਂ ਵੱਧ ਕੌਣ ਸਮਝ ਸਕਦਾ ਹੈ! ਪਰ ਹਾਂ. . .ਜੇ ਇਸ ਸਭ ਦੇ ਬਾਵਜੂਦ ਕੋਈ ਮੈਨੂੰ ਸਵੀਕਾਰ ਕਰ ਲਵੇ ਤਾਂ ਮੈਂ ਜ਼ਿੰਦਗੀ ਭਰ ਸਾਥ ਨਿਭਾਉਣ ਦਾ ਵਾਅਦਾ ਕਰਦਾਂ।'' ਉਸ ਨੇ ਮੇਰਾ ਹੱਥ ਫੜਦਿਆਂ ਕਿਹਾ।

''ਜ਼ਿੰਦਗੀ ਭਰ ਸਾਥ ਨਿਭਾਉਣ ਦਾ ਵਾਅਦਾ ਕਿਵੇਂ? ਜਦੋਂ ਤੂੰ ਪਹਿਲਾਂ ਹੀ ਵਿਆਹਿਆ ਹੋਇਆ ਹੈਂ। ਤੇਰੀ ਤੀਵੀਂ ਤੈਨੂੰ ਛੱਡੇਗੀ? ਵਿਆਹ ਤੋਂ ਵਗੈਰ ਜ਼ਿੰਦਗੀ ਭਰ ਦਾ ਸਾਥ ਕਿਵੇਂ ਨਿਭ ਸਕਦਾ ਹੈ?'' ਗੱਲ ਮੇਰੇ ਗਲੇ ਤੋਂ ਥੱਲੇ ਨਹੀਂ ਉੱਤਰ ਰਹੀ ਸੀ।

''ਰਾਧਾ ਤੇ ਕ੍ਰਿਸ਼ਨ ਦਾ ਕਿਹੜਾ ਵਿਆਹ ਹੋਇਆ ਸੀ? ਹਰ ਮੰਦਰ 'ਚ ਉਨ੍ਹਾਂ ਦੀ ਪੂਜਾ ਹੁੰਦੀ ਹੈ। ਪਿਆਰ ਤਾਂ ਬਹੁਤ ਉਚਾ ਜਜ਼ਬਾ ਹੈ ਰੂਪ, ਇਹਦਾ ਵਿਆਹ ਨਾਲ ਕੋਈ ਤੁਅੱਲਕ ਨਹੀਂ। ਵਿਆਹ ਨਾਲ ਪਿਆਰ ਨਹੀਂ ਖਰੀਦੇ ਜਾਂਦੇ। ਵਿਆਹ ਤੋਂ ਬਹੁਤ ਉਤਾਂਹ ਦੀ ਚੀਜ਼ ਹੈ ਇਹ. . .।'' ਉਹ ਫਿਲਾਸਫਰਾਂ ਵਾਂਗ ਬੋਲਿਆ।

''ਫੇਰ ਰਾਧਾ ਕੀ ਕ੍ਰਿਸ਼ਨ ਦੀ ਰਖੇਲ ਸੀ?'' ਮੈਨੂੰ ਰਾਧਾ ਤੇ ਕ੍ਰਿਸ਼ਨ ਦੀ ਕਹਾਣੀ ਵਿਚ ਦਿਲਚਸਪੀ ਜਾਗ ਪਈ।

''ਨਹੀਂ। ਰਾਧਾ ਕ੍ਰਿਸ਼ਨ ਦੀ ਪ੍ਰੇਮਿਕਾ ਸੀ. . .ਉਸ ਦਾ ਇਸ਼ਕ। ਕ੍ਰਿਸ਼ਨ ਦੇ ਕਹਿੰਦੇ ਨੇ

ਤਿੰਨ ਸੌ ਸੱਠ ਰਾਣੀਆਂ ਸੀ ਪਰ ਰਾਧਾ ਦੀ ਗੱਲ ਹੀ ਹੋਰ ਸੀ। ਦਿਲ ਦੀ ਕਹਾਣੀ ਹੈ. . .।'' ਨਰਿੰਦਰ ਨੇ ਮਸਤੀ 'ਚ ਅੱਖਾਂ ਬੰਦ ਕਰਦਿਆਂ ਕਿਹਾ।

''ਕ੍ਰਿਸ਼ਨ ਵੀ ਤੇਰੇ ਵਰਗਾ ਸਹੁਣਾ ਹੋਣਾ ਤੇ ਸ਼ਰਾਰਤੀ ਜਿਸ ਤੇ ਹਰ ਕੁੜੀ ਆਸ਼ਿਕ ਹੋ ਜਾਂਦੀ ਸੀ. . .।'' ਮੈਂ ਹੱਸ ਕੇ ਕਿਹਾ।

''ਨਹੀਂ, ਮੈਂ ਕਿੱਥੇ ਸਹੁਣਾ ਹਾਂ, ਤੇ ਨਾ ਹੀ ਮੇਰੇ ਕੋਲ ਟਾਈਮ ਹੈ ਕ੍ਰਿਸ਼ਨ ਵਾਂਗ ਪਤਨੀਆਂ ਦੀ ਫੌਜ ਰੱਖਣ ਦਾ; ਪਰ ਪਤਾ ਨਹੀਂ ਕਿਉਂ ਤੈਨੂੰ ਵੇਖ ਕੇ ਮੈਨੂੰ ਲੱਗਿਆ ਕਿ ਆਪਣੀ ਜੋੜੀ ਕਿੰਨੀ ਸਹੁਣੀ ਬਣਦੀ ਹੈ ਰਾਧਾ ਤੇ ਕ੍ਰਿਸ਼ਨ ਵਾਂਗ। ਕਿੰਨੀ ਸਹੁਣੀ ਹੈਂ ਤੂੰ। ਕਿਸੇ ਦਾ ਵੀ ਈਮਾਨ ਡੋਲ ਸਕਦਾ ਹੈ।'' ਜਦੋਂ ਉਸ ਨੇ ਮੇਰੀਆਂ ਅੱਖਾਂ 'ਚ ਅੱਖਾਂ ਪਾ ਕੇ ਕਿਹਾ ਤਾਂ ਮੈਨੂੰ ਲੱਗਿਆ ਉਹ ਝੂਠ ਨਹੀਂ ਬੋਲਦਾ। ਮੈਨੂੰ ਰਾਹ ਜਾਂਦੀ ਨੂੰ ਵੇਖ ਕੇ ਲੋਕ ਖੜ੍ਹ ਜਾਂਦੇ ਨੇ, ਇਹ ਮੈਂ ਕਈ ਵਾਰ ਖੁਦ ਦੇਖਿਆ ਸੀ।

''ਮੇਰੀ ਰਾਧਾ ਬਣੇਂਗੀ. . .?'' ਉਸ ਦੀ ਆਵਾਜ਼ 'ਚ ਤਰਲਾ ਸੀ।

''ਪਤਾ ਨਹੀਂ. . .।'' ਆਖ ਕੇ ਮੈਂ ਘਰ ਵਾਪਸ ਆ ਗਈ।

ਕਈ ਦਿਨ ਮੁੜ ਕੇ ਨਰਿੰਦਰ ਨੂੰ ਨਾ ਮਿਲੀ।

ਪਰ ਉਸ ਨੂੰ ਭੁੱਲੀ ਵੀ ਨਾ। ਮੈਂ ਕਦੇ ਮੰਦਰ ਨਹੀਂ ਗਈ ਸੀ, ਪਰ ਪਤਾ ਨਹੀਂ ਕਿਉਂ ਮੈਂ ਇਕ ਦਿਨ ਸ਼ਾਮ ਨੂੰ ਮੰਦਰ ਚਲੀ ਗਈ। ਰਾਧਾ ਤੇ ਕ੍ਰਿਸ਼ਨ ਦੀਆਂ ਮੂਰਤੀਆਂ ਵੇਖ ਕੇ ਮੇਰਾ ਦਿਲ ਜ਼ੋਰ ਦੀ ਧੜਕਿਆ। ਮੈਨੂੰ ਲੱਗਿਆ ਰਾਧਾ-ਕ੍ਰਿਸ਼ਨ ਦੀ ਥਾਂ 'ਤੇ ਮੈਂ ਤੇ ਨਰਿੰਦਰ ਉਥੇ ਖੜ੍ਹੇ ਸੀ। ਮੈਂ ਸਿਰ ਝੁਕਾਉਣਾ ਭੁੱਲ ਗਈ। ਪੁਜਾਰੀ ਕੋਲ ਜਾ ਕੇ ਰਾਧਾ ਤੇ ਕ੍ਰਿਸ਼ਨ ਦੀ ਕਹਾਣੀ ਪੁੱਛੀ। ਉਹੀ ਸੀ ਜੋ ਨਰਿੰਦਰ ਨੇ ਦੱਸੀ ਸੀ। ਮੇਰੇ ਦਿਲ 'ਚ ਨਰਿੰਦਰ ਦੇ ਪਿਆਰ ਦਾ ਜੋ ਦਰਿਆ ਹੌਲੀ ਹੌਲੀ ਵਗ ਰਿਹਾ ਸੀ ਜਿਵੇਂ ਅਚਾਨਕ ਉਸ ਵਿਚ ਤੂਫਾਨ ਆ ਗਿਆ। ਘਰ ਆ ਕੇ ਮੈਂ ਸਾਰੀ ਰਾਤ ਨਰਿੰਦਰ ਬਾਰੇ ਸੋਚਦੀ ਰਹੀ। ਉਸ ਨੂੰ ਭੁੱਲਣਾ ਸ਼ਾਇਦ ਮੇਰੇ ਲਈ ਮੁਸ਼ਕਿਲ ਹੋ ਗਿਆ ਸੀ। ਮੈਨੂੰ ਦੁਨੀਆਂ ਦੇ ਕਈ ਵੱਡੇ ਬੰਦੇ ਯਾਦ ਆਏ ਜਿਨ੍ਹਾਂ ਨੇ ਦੋ ਦੋ ਵਿਆਹ ਕਰਵਾਏ ਸੀ। ਕਈ ਵਿਆਹੇ ਬੰਦੇ ਜਿਨ੍ਹਾਂ 'ਤੇ ਕੁਆਰੀਆਂ ਕੁੜੀਆਂ ਮਰਦੀਆਂ ਨੇ।

ਪਰ ਮੇਰਾ ਦਿਮਾਗ ਮੇਰੇ ਦਿਲ ਦਾ ਸਾਥ ਨਹੀਂ ਦੇ ਰਿਹਾ ਸੀ। 'ਇਹ ਗ਼ਲਤ ਹੈ - ਇਹ ਸਹੀ ਹੈ' ਦੇ ਚੱਕਰ ਵਿਚ ਹਫਤਾ ਲੰਘ ਗਿਆ। ਇਕ ਦਿਨ ਜਦੋਂ ਸ਼ਾਮ ਨੂੰ ਕੰਮ ਛੱਡਿਆ ਤਾਂ ਨਰਿੰਦਰ ਕਾਰ ਲਈ ਅੱਗੇ ਖੜ੍ਹਾ ਸੀ। ਦਾੜ੍ਹੀ ਵਧੀ ਹੋਈ, ਸਿਰ ਦੇ ਵਾਲ ਖਿੰਡੇ ਹੋਏ ਤੇ ਦਰਵੇਸ਼ੀ ਅੱਖਾਂ 'ਚ ਅੰਤਾਂ ਦੀ ਉਦਾਸੀ। ਉਸ ਨੂੰ ਵੇਖ ਕੇ ਮੇਰੇ ਅੰਦਰ ਖੁਸ਼ੀ ਦੀ ਲਹਿਰ ਜਿਹੀ ਉਠੀ ਪਰ ਮੈਂ ਜ਼ਾਹਿਰ ਨਾ ਹੋਣ ਦਿਤੀ।

''ਤੈਨੂੰ ਇਕ ਵਾਰ ਵੀ ਮੇਰਾ ਖਿਆਲ ਨਹੀਂ ਆਇਆ. . .? ਕਿੰਨੀ ਨਿਰਮੋਹੀ ਹੈਂ ਤੂੰ।'' ਉਸ ਨੇ ਅੱਖਾਂ ਭਰ ਕੇ ਕਿਹਾ।

ਮੈਂ ਕੁਝ ਨਾ ਬੋਲੀ। ਉਸ ਦੀਆਂ ਅੱਖਾਂ 'ਚ ਅੱਥਰੂ ਦੇਖ ਕੇ ਮੇਰੇ ਅੰਦਰੋਂ ਰੁੱਗ ਭਰਿਆ ਗਿਆ ਪਰ ਇੰਤਹਾ ਖੁਸ਼ੀ ਵੀ ਹੋਈ ਕਿ ਨਰਿੰਦਰ ਮੈਨੂੰ ਕਿੰਨਾ ਪਿਆਰ ਕਰਦਾ ਹੈ।

''ਮੈਨੂੰ ਭੁੱਲਿਆ ਨਹੀਂ ਤੂੰ?'' ਮੈਂ ਜਿਵੇਂ ਉਸ ਦੇ ਅੰਦਰ ਝਾਕਣਾ ਚਾਹੁੰਦੀ ਸੀ।

''ਤੂੰ ਭੁੱਲਣ ਵਾਲੀ ਚੀਜ਼ ਹੈਂ?'' ਉਸ ਨੇ ਅੱਗੋਂ ਸੁਆਲ ਕੀਤਾ।

ਉਸ ਦਿਨ ਪਹਿਲੀ ਵਾਰ ਅਸੀਂ ਇਕੱਠਿਆਂ ਨੇ ਰਾਤ ਗੁਜ਼ਾਰੀ। ਕਿੰਨਾ ਨਿੱਘ ਸੀ ਉਸ

ਦੀ ਛੋਹ ਵਿਚ ਤੇ ਕਿੰਨੀ ਰਿਲੈਕਸ ਹੁੰਦੀ ਸੀ ਮੈਂ ਜਦੋਂ ਉਸ ਦੇ ਮੋਢੇ 'ਤੇ ਸਿਰ ਰੱਖਦੀ ਸੀ।

ਫੇਰ ਤਾਂ ਜਿਵੇਂ ਇਹ ਰੋਜ਼ ਦਾ ਹੀ ਕੰਮ ਹੋ ਗਿਆ। ਉਹ ਬਿਜ਼ਨਸ ਦੇ ਬਹਾਨੇ ਤੇ ਮੈਂ ਕੰਮ ਦੇ ਬਹਾਨੇ, ਅਕਸਰ ਰਾਤਾਂ ਬਾਹਰ ਗੁਜ਼ਾਰਦੇ। ਜਦੋਂ ਸਵੇਰੇ ਅਲੱਗ ਹੁੰਦੇ ਤਾਂ ਜਿਵੇਂ ਜਿਸਮ 'ਚੋਂ ਰੂਹ ਕੱਢਣ ਵਾਲੀ ਗੱਲ ਹੁੰਦੀ।

''ਤੂੰ ਆਪਣਾ ਅੱਡ ਫਲੈਟ ਲੈ ਲੈ।'' ਇਕ ਦਿਨ ਨਰਿੰਦਰ ਨੇ ਮੇਰੇ ਦਿਲ ਦੀ ਕਹੀ। ''ਪੈਸੇ ਮੈਂ ਆਪੇ ਦੇਵਾਂਗਾ, ਤੂੰ ਆਪਣੀ ਪਸੰਦ ਦਾ ਘਰ ਦੇਖ ਲੈ।''

ਮੈਂ ਇਕ-ਬੈਡ-ਰੂਮ ਦਾ ਛੋਟਾ ਜਿਹਾ ਫਲੈਟ ਦੇਖ ਲਿਆ। ਨਰਿੰਦਰ ਤੇ ਮੈਂ ਮਿਲ ਕੇ ਖਰਚਾ ਕੀਤਾ, ਤੇ ਮਹੀਨੇ ਵਿਚ ਹੀ ਮੈਂ ਲੈਂਡ ਲੇਡੀ ਬਣ ਗਈ। ਨਰਿੰਦਰ ਨੇ ਘਰ ਸਾਮਾਨ ਨਾਲ ਭਰ ਦਿਤਾ। ਹੁਣ ਮੇਰੇ ਘਰ ਵਿਚ ਐਸ਼ ਆਰਾਮ ਦੀ ਹਰ ਚੀਜ਼ ਮੌਜੂਦ ਸੀ। ਮਾਂ ਬਾਪ ਨੂੰ ਪਤਾ ਲੱਗਿਆ ਤਾਂ ਬਹੁਤ ਕਲੇਸ਼ ਹੋਇਆ। ਮੈਂ ਪੱਜ ਪਾਇਆ ਕਿ ਤੁਹਾਡੀ ਲੜਾਈ ਕਰਕੇ ਹੀ ਘਰ ਛੱਡ ਰਹੀ ਹਾਂ। ਨਰਿੰਦਰ ਦੇ ਪਿਆਰ 'ਚ ਮੈਨੂੰ ਦੁਨੀਆਂ ਦਾ ਹਰ ਰਿਸ਼ਤਾ ਬੌਨਾ ਜਾਪਦਾ ਸੀ। ਉਹ ਹਰ ਰੋਜ਼ ਸ਼ਾਮ ਨੂੰ ਘਰ ਜਾਣ ਤੋਂ ਪਹਿਲਾਂ ਦੋ ਚਾਰ ਘੰਟੇ ਮੇਰੇ ਕੋਲ ਗੁਜ਼ਾਰਦਾ। ਮੈਂ ਉਸ ਲਈ ਖਾਣਾ ਤਿਆਰ ਕਰਦੀ। ਉਸ ਦੇ ਕੱਪੜੇ ਧੋਂਦੀ, ਪ੍ਰੈਸ ਕਰਦੀ ਤੇ ਪੂਰੀ ਔਰਤ ਬਣ ਕੇ ਉਸ ਦੀ ਸੇਵਾ ਕਰਦੀ। ਮੈਂ ਨਹੀਂ ਚਾਹੁੰਦੀ ਸੀ ਜਿਨ੍ਹਾਂ ਕਮੀਆਂ ਕਰਕੇ ਉਹ ਬਲਜੀਤ ਤੋਂ ਦੂਰ ਹੋਇਆ, ਉਹ ਕਮੀ ਮੇਰੇ 'ਚ ਹੋਵੇ। ਜਦੋਂ ਉਹ ਅੱਧੀ ਕੁ ਰਾਤ ਨੂੰ ਮੈਨੂੰ ਛੱਡ ਕੇ ਜਾਂਦਾ ਤਾਂ ਕਈ ਵਾਰ ਮੈਂ ਰੋ ਪੈਂਦੀ।

''ਰੋਂਦੀ ਕਿਉਂ ਹੈਂ? ਜਿੰਨਾ ਪਿਆਰ ਸੀ ਤੈਨੂੰ ਦੇ ਚੱਲਿਆ ਹਾਂ। ਉਸ ਵਾਸਤੇ ਕੀ ਬਚਿਆ ਹੈ?'' ਉਹ ਮੈਨੂੰ ਤਸੱਲੀ ਦਿੰਦਾ।

''ਤੂੰ ਮੇਰਾ ਹੋਵੇਂਗਾ ਕਦੇ ਪੂਰੇ ਦਾ ਪੂਰਾ?'' ਮੈਂ ਸ਼ਿਕਵਾ ਕਰਦੀ।

''ਮੈਂ ਤੈਨੂੰ ਪਹਿਲੇ ਦਿਨ ਹੀ ਕਹਿ ਦਿਤਾ ਸੀ ਕਿ ਮੈਂ ਉਸ ਤੀਵੀਂ ਨੂੰ ਨਹੀਂ ਛੱਡ ਸਕਦਾ. . .।'' ਜਦੋਂ ਉਹ ਮੇਰੀ ਗੋਦ 'ਚ ਸਿਰ ਰੱਖ ਕੇ ਕਹਿੰਦਾ ਤਾਂ ਮੈਂ ਬਰਫ ਹੋ ਜਾਂਦੀ।

''ਫੇਰ ਘਰ ਤਾਂ ਤੇਰਾ ਉਹੀ ਹੈ ਨਰਿੰਦਰ ਤੇ ਟੱਬਰ ਵੀ ਤੇਰਾ ਉਹੀ। ਮੈਂ ਤਾਂ ਐਵੇਂ ਉਧਾਰ ਮੰਗਿਆ ਹੋਇਆ ਰਿਸ਼ਤਾ ਹਾਂ. . .।'' ਮੈਂ ਕਦੇ ਕਦੇ ਬਹੁਤ ਉਦਾਸ ਹੋ ਜਾਂਦੀ।

''ਮੇਰਾ ਇਕ ਦੋਸਤ ਕਹਿੰਦਾ ਹੁੰਦੈ ਕਿ ਮੰਗੀ ਹੋਈ ਸਿਗਰਟ, ਮੰਗੀ ਹੋਈ ਅਖਬਾਰ ਅਤੇ ਮੰਗੀ ਹੋਈ ਤੀਵੀਂ ਦਾ ਮਜ਼ਾ ਹੀ ਹੋਰ ਹੁੰਦਾ ਹੈ। ਮੈਂ ਕਦੇ ਅਖਬਾਰ ਤੇ ਸਿਗਰਟ ਤਾਂ ਮੰਗੇ ਨਹੀਂ ਪਰ ਤੀਵੀਂ. . .।'' ਜਦੋਂ ਉਹ ਸ਼ਰਾਰਤ ਨਾਲ ਆਖਦਾ ਤਾਂ ਮੈਂ ਉਸ ਦੇ ਕੰਨ ਫੜ ਕੇ ਖਿੱਚ ਦਿੰਦੀ।

''ਤਾਂ ਫੇਰ ਮੰਗੀ ਹੋਈ ਚੀਜ਼ ਕਿੰਨੇ ਕੁ ਦਿਨ ਚਲਦੀ ਹੈ? ਆਖਰ ਤੇਰੀ ਮਾਲਕਣ ਤੈਨੂੰ ਇਕ ਦਿਨ ਮੇਰੇ ਤੋਂ ਖੋਹ ਕੇ ਲੈ ਹੀ ਜਾਵੇਗੀ।'' ਕੋਈ ਡਰ ਮੇਰੇ ਅੰਦਰੋਂ ਉਠਦਾ।

''ਉਹ ਮੇਰੀ ਮਜਬੂਰੀ ਹੈ ਰੂਪ ਤੇ ਤੂੰ ਮੇਰਾ ਇਸ਼ਕ। ਮਜਬੂਰੀ ਇਸ਼ਕ ਨੂੰ ਕਦੇ ਜਿੱਤ ਨਹੀਂ ਸਕੀ।'' ਉਹ ਮੇਰਾ ਦਿਲ ਧਰਾਉਂਦਾ ਤੇ ਮੈਂ ਮਜਬੂਰੀ ਤੇ ਇਸ਼ਕ ਦੀ ਇਸ ਕਸ਼ਮਕਸ਼ 'ਚ ਸਭ ਕੁਝ ਭੁੱਲ ਜਾਂਦੀ। ਯਾਦ ਰਹਿ ਜਾਂਦਾ ਸਿਰਫ ਨਰਿੰਦਰ ਦਾ ਪਿਆਰ ਤੇ ਸਾਥ ਜਿਸ ਦੇ ਆਸਰੇ ਸੱਤ ਸਮੁੰਦਰ ਤਰਨ ਨੂੰ ਮੈਂ ਤਿਆਰ ਸੀ। ਉਹ ਫੇਰ ਕਿੰਨੀ ਕਿੰਨੀ ਦੇਰ ਮੇਰੇ ਲੰਮੇ ਵਾਲਾਂ ਨਾਲ ਖੇਡਦਾ ਰਹਿੰਦਾ ਜਾਂ ਮੇਰੇ ਪੈਰ ਆਪਣੀ ਗੋਦ 'ਚ ਰੱਖ ਕੇ ਬੈਠ

ਜਾਂਦਾ। ਔਰਤ ਦਾ ਚਾਹੁਣ ਵਾਲਾ ਜੇ ਉਸ ਦੇ ਕਦਮਾਂ 'ਚ ਬੈਠਾ ਹੋਵੇ ਤਾਂ ਉਹ ਆਪਣੇ ਆਪ ਨੂੰ ਨੂਰ ਜਹਾਂ ਸਮਝਦੀ ਹੈ ਤੇ ਇਸ ਹਕੂਮਤ ਦਾ ਨਸ਼ਾ ਕਿਸੇ ਤਖ਼ਤੇ ਤਾਊਸ ਤੋਂ ਘੱਟ ਨਹੀਂ ਹੁੰਦਾ। ਤੇ ਇਸੇ ਨਸ਼ੇ ਵਿਚ ਮੈਨੂੰ ਪਾਪ ਪੁੰਨ ਸਭ ਭੁੱਲ ਗਏ ਸੀ।

ਗਰਮੀਆਂ ਦੀਆਂ ਛੁੱਟੀਆਂ ਸੀ। ਨਰਿੰਦਰ ਦੋ ਹਫਤੇ ਤੋਂ ਕਿਸੇ ਬਿਜ਼ਨਸ ਟੂਰ ਤੇ ਗਿਆ ਹੋਇਆ ਸੀ। ਅਚਾਨਕ ਇਕ ਦਿਨ ਸਵੇਰੇ ਮੇਰਾ ਦਿਲ ਘਬਰਾਇਆ ਤੇ ਮੈਨੂੰ ਪਤਾ ਲੱਗਾ ਕਿ ਮੈਂ ਮਾਂ ਬਣਨ ਵਾਲੀ ਹਾਂ। ਮੈਂ ਅਵਾਕ ਰਹਿ ਗਈ। ਸਮਝ ਨਾ ਆਈ ਖੁਸ਼ ਹੋਵਾਂ ਕਿ ਉਦਾਸ। ਹੱਸਾਂ ਕਿ ਰੋਵਾਂ? ਝਟਪਟ ਨਰਿੰਦਰ ਦੇ ਦਫਤਰ 'ਚ ਫੋਨ ਘੁੰਮਾਇਆ ਪਰ ਹਾਲੇ ਉਹ ਵਾਪਸ ਨਹੀਂ ਆਇਆ ਸੀ। ਕਈ ਦਿਨ ਲੰਘ ਗਏ। ਅਜੀਬ ਜਿਹਾ ਅਹਿਸਾਸ ਸੀ ਜੋ ਬਿਆਨ ਨਹੀਂ ਕੀਤਾ ਜਾ ਸਕਦਾ, ਸਿਰਫ ਮਹਿਸੂਸ ਕੀਤਾ ਜਾ ਸਕਦਾ ਸੀ। ਨਰਿੰਦਰ ਨੂੰ ਪਤਾ ਲਗੇਗਾ ਤਾਂ ਖੁਸ਼ੀ 'ਚ ਪਾਗਲ ਹੋ ਜਾਵੇਗਾ। ਮੈਂ ਛੇਤੀ ਤੋਂ ਛੇਤੀ ਉਸ ਨੂੰ ਇਹ ਖੁਸ਼ਖਬਰੀ ਦੇਣਾ ਚਾਹੁੰਦੀ ਸੀ ਪਰ ਉਸ ਦਾ ਕੋਈ ਪਤਾ ਨਹੀਂ ਲੱਗ ਰਿਹਾ ਸੀ ਕਿ ਕਿਥੇ ਗਿਆ ਹੈ। ਜਦੋਂ ਵੀ ਫੋਨ ਕਰਦੀ ਅਗੋਂ ਜੁਆਬ ਮਿਲਦਾ, ''ਜ਼ਰੂਰੀ ਕੰਮ 'ਤੇ ਬਾਹਰ ਗਏ ਹੋਏ ਨੇ।''

ਅਚਾਨਕ ਇਕ ਦਿਨ ਸਵੇਰੇ ਉਸ ਦਾ ਫੋਨ ਆਇਆ, ਉਹ ਏਅਰਪੋਰਟ ਤੋਂ ਬੋਲ ਰਿਹਾ ਸੀ। ਮੈਂ ਫਟਾਫਟ ਉਸ ਨੂੰ ਖੁਸ਼ਖਬਰੀ ਸੁਣਾਈ। ਦੋ ਪਲ ਲਈ ਉਹ ਕੁਝ ਨਾ ਬੋਲਿਆ।

''ਅੱਜ ਦਿਨੇ ਆਪਣੀ ਡਾਕਟਰ ਕੋਲ ਜਾਈਂ, ਉਹ ਸਭ ਠੀਕ ਕਰ ਦੇਵੇਗੀ।'' ਉਸ ਨੇ ਹੌਲੀ ਜਿਹੀ ਕਿਹਾ।

''ਕੀ ਠੀਕ ਕਰ ਦੇਵੇਗੀ?'' ਮੈਨੂੰ ਸਮਝ ਨਾ ਆਈ।

''ਇਸੇ ਹਫਤੇ ਜਾ ਕੇ ਅਬੌਰਸ਼ਨ ਕਰਵਾ ਆ, ਅੱਗੇ ਹੀ ਬਹੁਤ ਦੇਰ ਹੋ ਚੁਕੀ ਹੈ। ਹੋਰ ਲੇਟ ਕਰਨਾ ਠੀਕ ਨਹੀਂ ਹੈ।'' ਉਸ ਨੇ ਜਿਵੇਂ ਹੁਕਮ ਦਿਤਾ।

''ਅਬੌਰਸ਼ਨ? ਪਰ ਕਿਉਂ?'' ਮੈਂ ਬੌਖਲਾਈ।

''ਕਿਉਂ ਦਾ ਕੀ ਮਤਲਬ? ਮੈਂ ਫਾਰਸੀ ਬੋਲ ਰਿਹਾਂ ਜੋ ਤੈਨੂੰ ਸਮਝ ਨਹੀਂ ਆ ਰਹੀ।'' ਨਰਿੰਦਰ ਮੈਨੂੰ ਪਹਿਲੀ ਵਾਰ ਉਚੀ ਆਵਾਜ਼ 'ਚ ਬੋਲਿਆ।

''ਪਰ ਮੈਂ ਇਸ ਬੱਚੇ ਨੂੰ ਜਨਮ ਦੇਣਾ ਚਾਹੁੰਦੀ ਹਾਂ ਨਿੰਦੀ। ਇਹ ਤੇਰੇ ਮੇਰੇ ਪਿਆਰ ਦਾ ਸਬੂਤ ਹੈ. . .ਸੱਚੇ ਪਿਆਰ ਦਾ ਸਬੂਤ. . .।'' ਮੈਂ ਆਪਣੀ ਵਕਾਲਤ ਕੀਤੀ।

''ਓ ਸ਼ੱਟ ਅੱਪ। ਮੈਂ ਪਹਿਲਾਂ ਹੀ ਬਹੁਤ ਦੁਖੀ ਹਾਂ। ਡੌਂਟ ਗਿਵ ਮੀਂ ਦਿਸ ਬੁਲਸ਼ਿੱਟ। ਇਕ ਔਰਤ ਪਹਿਲਾਂ ਹੀ ਮੈਨੂੰ ਬੱਚਿਆਂ ਦੇ ਨਾਂ ਤੇ ਬਥੇਰਾ ਰਗੜ ਰਹੀ ਹੈ। ਹੁਣ ਆਹ ਦੂਜੀ ਆ ਗਈ।'' ਉਹ ਆਪੇ ਤੋਂ ਬਾਹਰ ਹੋ ਗਿਆ।

''ਪਰ ਨਿੰਦੀ. . .।'' ਮੈਂ ਬੋਲ ਹੀ ਰਹੀ ਸੀ ਕਿ ਉਹ ਵਿਚੋਂ ਹੀ ਦਹਾੜਿਆ।

''ਫਜ਼ੂਲ ਦੀ ਬਕਵਾਸ ਸੁਣਨ ਵਾਸਤੇ ਮੇਰੇ ਕੋਲ ਟਾਈਮ ਨਹੀਂ ਹੈ। ਮੇਰੇ ਕੋਲ ਬਿਜ਼ਨਸ ਦੀਆਂ ਹੋਰ ਬਥੇਰੀਆਂ ਅਪਾਇੰਟਮੈਂਟਾਂ ਨੇ। ਤੂੰ ਚੁੱਪ ਕਰਕੇ ਡਾਕਟਰ ਦੇ ਜਾ ਜਿੰਨੇ ਪੈਸੇ ਲਗਣਗੇ ਮੈਂ ਆਪੇ ਦੇਵਾਂਗਾ।''

''ਗੱਲ ਸੁਣ ਨਰਿੰਦਰ! ਮੈਂ ਮਾਂ ਬਣਨਾ ਚਾਹੁੰਦੀ ਹਾਂ। ਤੇਰੇ ਬੱਚੇ ਦੀ ਮਾਂ। ਜਦੋਂ ਤੂੰ ਮੇਰੇ

ਕੋਲ ਨਹੀਂ ਹੋਵੇਂਗਾ ਤਾਂ ਤੇਰੀ ਨਿਸ਼ਾਨੀ ਤੇਰੀ ਕਮੀ ਮਹਿਸੂਸ ਨਹੀਂ ਹੋਣ ਦੇਵੇਗੀ। ਬੇਵਜਾਹ ਗੁੱਸੇ ਨਾ ਹੋ. . .।''

''ਉੱਲੂ ਦੀ ਪੱਠੀ, ਮਾਂ ਬਣਨਾ ਚਾਹੁੰਦੀ ਹੈ, ਹਜ਼ਾਰਾਂ ਔਰਤਾਂ ਰੋਜ਼ ਮਾਂ ਬਣਦੀਆਂ ਨੇ, ਕੋਈ ਨਵਾਂ ਕੰਮ ਹੈ? ਤੇਰੇ ਮਾਂ ਬਣਨ ਨਾਲ ਤੇਰੇ ਤਗਮੇ ਲੱਗ ਜਾਣਗੇ? ਬੇਵਾਕੂਫ ਨਾ ਬਣ, ਅਕਲ ਤੋਂ ਕੰਮ ਲੈ। ਮੈਨੂੰ ਤੇਰਾ ਸਹਾਰਾ ਚਾਹੀਦਾ ਹੈ, ਤੇਰੇ ਕੋਲ ਆ ਕੇ ਮੈਂ ਜ਼ਿੰਦਗੀ ਦੇ ਗ਼ਮ ਭੁੱਲ ਜਾਂਦਾ ਹਾਂ। ਫਜ਼ੂਲ ਦੀਆਂ ਸਿਰਦਰਦੀਆਂ ਨਾ ਦੇ ਮੈਨੂੰ। ਨਾਲੇ ਤੂੰ ਕੁਆਰੀ ਹੈਂ। ਨਜਾਇਜ਼ ਬੱਚੇ ਨੂੰ ਸਮਾਜ ਕਦੇ ਸਵੀਕਾਰ ਨਹੀਂ ਕਰਦਾ। ਸਭ ਹਰਾਮਦਾ ਕਹਿਣਗੇ ਉਸ ਨੂੰ। ਤੂੰ ਕਿਤੇ ਮੂੰਹ ਦਿਖਾਉਣ ਜੋਗੀ ਨਹੀਂ ਰਹੇਂਗੀ. . .।'' ਉਹ ਲਗਾਤਾਰ ਬੋਲੀ ਜਾ ਰਿਹਾ ਸੀ।

''ਹਰਾਮਦਾ ਕਿਉਂ ਹੈ? ਤੂੰ ਬਾਪ ਹੈਂ ਮੇਰੇ ਬੱਚੇ ਦਾ। ਆਪਣਾ ਵਿਆਹ ਨਹੀਂ ਹੋਇਆ ਤਾਂ ਕੀ ਹੈ ਪਰ ਰੱਬ ਨੂੰ ਪਤਾ ਹੈ ਕਿ ਮੈਂ ਤੇਰੀ ਔਰਤ ਹਾਂ।'' ਮੈਂ ਆਤਮ ਵਿਸ਼ਵਾਸ ਨਾਲ ਕਿਹਾ।

''ਰਬਿਸ਼। ਕਾਨੂੰਨਨ ਮੈਂ ਤੇਰੇ ਬੱਚੇ ਦਾ ਬਾਪ ਨਹੀਂ ਹਾਂ ਤੇ ਨਾ ਹੀ ਤੂੰ ਮੇਰੀ ਔਰਤ। ਮੈਨੂੰ ਈਮੋਸ਼ਨਲੀ ਬਲੈਕਮੇਲ ਕਰਨ ਦੀ ਕੋਸ਼ਿਸ਼ ਨਾ ਕਰ। ਨਾ ਹੀ ਮੈਂ ਕਿਸੇ ਕੋਰਟ ਕਚਹਿਰੀ 'ਚ ਜਾ ਕੇ ਕਹਿਣਾ ਹੈ ਕਿ ਮੈਂ ਤੇਰੇ ਬੱਚੇ ਦਾ ਬਾਪ ਹਾਂ। ਤੈਨੂੰ ਘਰ ਲੈ ਦਿਤਾ, ਸੈਟਲ ਕਰ ਦਿਤਾ, ਬੱਸ। ਇਸ ਤੋਂ ਵੱਧ ਮੇਰੇ ਤੋਂ ਉਮੀਦ ਨਾ ਰੱਖੀਂ। ਤੇਰੇ ਮਾਂ ਬਣਨ ਦੇ ਸ਼ੌਕ 'ਚ ਮੈਂ ਆਪਣਾ ਘਰ ਪੱਟ ਲਵਾਂ? ਲੱਖਾਂ ਦਾ ਬਿਜ਼ਨਸ ਡੋਬ ਲਵਾਂ? ਮੇਰੇ ਬੱਚਿਆਂ 'ਤੇ ਇਸ ਚੀਜ਼ ਦਾ ਕੀ ਅਸਰ ਪਵੇਗਾ, ਸੋਚਿਐ?'' ਉਹ ਹੋਰ ਭੜਕ ਗਿਆ।

''ਤੂੰ ਜ਼ਰਾ ਸੋਚ ਕੇ ਦੱਸ. . .।'' ਮੈਂ ਕਿਹਾ।

''ਫਾਲਤੂ ਗੱਲਾਂ ਸੋਚਣ ਵਾਸਤੇ ਮੇਰੇ ਕੋਲ ਟਾਈਮ ਨਹੀਂ ਹੈ। ਨਾਲੇ ਮੈਂ ਆਪਣੇ ਬੱਚਿਆਂ ਨੂੰ ਛੁਟੀਆਂ 'ਚ ਅਮਰੀਕਾ ਲੈ ਕੇ ਚੱਲਿਆ ਹਾਂ। ਮੈਨੂੰ ਫੋਨ ਨਾ ਕਰੀਂ. . .।'' ਆਖ ਕੇ ਉਸ ਨੇ ਫੋਨ ਰੱਖ ਦਿਤਾ।

ਉਹ ਹੋ ਗਿਆ ਜਿਸ ਦੀ ਮੈਨੂੰ ਸੁਪਨੇ 'ਚ ਵੀ ਉਮੀਦ ਨਹੀਂ ਸੀ। ਮੈਂ ਸੁੰਨ ਹੋ ਗਈ। ਵਿਸ਼ਵਾਸ ਨਹੀਂ ਆ ਰਿਹਾ ਸੀ ਕਿ ਨਰਿੰਦਰ ਵਰਗਾ ਬੰਦਾ ਵੀ ਇਸ ਤਰ੍ਹਾਂ ਪਿੱਠ ਦਿਖਾ ਦੇਵੇਗਾ। ਆਪਣੇ ਆਪ 'ਤੇ ਤਰਸ ਜਿਹਾ ਆਇਆ ਮੈਨੂੰ। ਕੀ ਕਰ ਬੈਠੀ, ਘਰੋਂ ਬਾਗੀ ਹੋ ਕੇ ਨਿਕਲੀ ਸੀ। ਪਿਆਰ 'ਚ ਪਾਗਲ ਹੋਈ ਨੇ ਸਮਾਜ ਦੀ ਪਰਵਾਹ ਨਹੀਂ ਕੀਤੀ ਤੇ ਆਪਣੀ ਸੋਨੇ ਵਰਗੀ ਜਵਾਨੀ ਨਰਿੰਦਰ ਅਗੇ ਪਾ ਦਿਤੀ। ਉਹ ਹਰਾਮਦਾ ਮਾਲ ਸਮਝ ਕੇ ਵਰਤਦਾ ਰਿਹਾ ਤੇ ਮੌਕਾ ਪੈਣ ਤੇ ਚੋਰਾਂ ਵਾਂਗ ਮੂੰਹ ਛੁਪਾ ਕੇ ਭੱਜ ਗਿਆ। ਮੈਂ ਨਾ ਰੋ ਰਹੀ ਸੀ ਨਾ ਹੱਸ ਰਹੀ ਸੀ। ਫਲੈਟ 'ਚ ਮੈਂ ਇਕੱਲੀ ਬੈਠੀ ਸੀ। ਉਸ ਫਲੈਟ 'ਚ ਜਿਥੇ ਮੇਰੀਆਂ ਤੇ ਨਰਿੰਦਰ ਦੀਆਂ ਫੋਟੋਆਂ ਥਾਂ ਥਾਂ ਲਗੀਆਂ ਹੋਈਆਂ ਸੀ ਰਾਧਾ ਤੇ ਕ੍ਰਿਸ਼ਨ ਵਾਂਗ। ਇਹ ਫਲੈਟ ਮੈਨੂੰ ਮੰਦਰ ਵਾਂਗ ਲਗਦਾ ਸੀ, ਤੇ ਅੱਜ ਜਿਵੇਂ ਇਸੇ ਫਲੈਟ 'ਚ ਮੈਂ ਆਪਣੇ ਆਪ ਨੂੰ ਕਿਸੇ ਕੋਠੇ 'ਤੇ ਮਹਿਸੂਸ ਕਰ ਰਹੀ ਸੀ, ਕਿਸੇ ਵੇਸਵਾ ਵਾਂਗ, ਜਿਸ ਦਾ ਗਾਹਕ ਉਸ ਦਾ ਮੁੱਲ ਚੁੱਕਾ ਕੇ ਉਸ ਨਾਲ ਸੌਦਾਂ ਤਾਂ ਹੈ ਪਰ ਉਸ ਦੇ ਬੱਚੇ ਨੂੰ ਆਪਣਾ ਨਾਂ ਦੇਣਾ ਉਹ ਆਪਣੀ ਸ਼ਾਨ ਦੇ ਖਿਲਾਫ ਸਮਝਦਾ ਹੈ। ਤਾਂ ਮੇਰਾ ਬੱਚਾ ਹਰਾਮ

ਦਾ ਹੈ ਕਿਉਂਕਿ ਮੇਰਾ ਰਿਸ਼ਤਾ ਹਰਾਮ ਦਾ ਸੀ। ਮੈਨੂੰ ਆਪਣੇ ਆਪ ਤੋਂ ਗਲਿਆਣ ਜਿਹੀ ਆਈ। ਮੈਂ ਆਪਣੇ ਅੰਦਰੋਂ ਹਵਾੜ ਜਿਹੀ ਆਉਂਦੀ ਮਹਿਸੂਸ ਕੀਤੀ. ਜਿਵੇਂ ਮੈਂ ਕੋਈ ਗੰਦੀ ਨਾਲੀ ਸੀ ਜਿਸ 'ਚ ਕੋਈ ਰਾਹੀ ਮੂਤ ਕੇ ਚਲਾ ਗਿਆ ਸੀ। ਆਪਣੇ ਆਪ ਤੋਂ ਨਫਰਤ ਹੋ ਗਈ। ਜੀਅ ਕੀਤਾ ਕਿਸੇ ਗੱਡੀ ਥਲੇ ਜਾ ਕੇ ਸਿਰ ਦੇ ਦੇਵਾਂ ਤੇ ਚਿੱਠੀ ਲਿਖ ਕੇ ਰੱਖ ਜਾਵਾਂ ਕਿ ਨਰਿੰਦਰ ਨੇ ਮੇਰੀ ਜ਼ਿੰਦਗੀ ਤਬਾਹ ਕੀਤੀ ਹੈ।

ਪਰ ਮਰਨਾ ਏਨਾ ਆਸਾਨ ਕਿਥੇ ਸੀ!

ਸੋਚਦੀ ਹੋਈ ਮੈਂ ਕਾਰਪੈਟ ਤੇ ਹੀ ਲੇਟ ਗਈ ਕਿ ਕੀ ਕਰਾਂ। ਅਚਾਨਕ ਦਿਮਾਗ ਨੇ ਕਿਹਾ, ''ਏਨੀ ਚਿੰਤਾ ਦੀ ਕਿਹੜੀ ਗੱਲ ਹੈ। ਜੇ ਨਰਿੰਦਰ ਹੀ ਭੱਜ ਗਿਆ ਤਾਂ ਤੈਨੂੰ ਇਹ ਫਾਹਾ ਗਲ ਪਾਉਣ ਦੀ ਕਿਹੜੀ ਲੋੜ ਹੈ। ਕਲ੍ਹ ਨੂੰ ਡਾਕਟਰ ਦੇ ਜਾ ਕੇ ਕਹਾਣੀ ਖਤਮ ਕਰ ਦੇ।'' ਜਿਵੇਂ ਮੇਰੇ ਸਿਰ ਤੋਂ ਕੋਈ ਬੋਝ ਉਤਰ ਗਿਆ। ਸੋਚਿਆ ਮੁੜ ਨਰਿੰਦਰ ਦੀ ਸ਼ਕਲ ਨਹੀਂ ਦੇਖਾਂਗੀ। ਆਪਣੇ ਮਾਂ ਬਾਪ ਕੋਲ ਵਾਪਸ ਚਲੀ ਜਾਵਾਂਗੀ। ਇਹ ਫਲੈਟ ਵੀ ਛੱਡ ਜਾਵਾਂਗੀ ਕੰਜਰੀ ਦਾ ਕੋਠਾ। ਮੈਂ ਨਰਿੰਦਰ ਨੂੰ ਗਾਹਲ ਕੱਢੀ।

ਦੂਜੇ ਦਿਨ ਡਾਕਟਰ ਦੇ ਗਈ। ਬਜ਼ੁਰਗ ਡਾਕਟਰਨੀ ਨੇ ਮੇਰੇ ਸਿਰ 'ਤੇ ਹੱਥ ਫੇਰਿਆ, ''ਫਿਕਰ ਦੀ ਕੋਈ ਗੱਲ ਨਹੀਂ। ਦਸ ਮਿੰਟ ਲੱਗਣਗੇ. . .।'' ਮੈਂ ਅਗਲੇ ਹਫਤੇ ਦੀ ਅਪਾਇੰਟਮੈਂਟ ਲੈ ਕੇ ਘਰ ਵਾਪਸ ਆ ਗਈ। ਸਿਰਫ ਇਕ ਹਫਤੇ ਦੀ ਮੁਸੀਬਤ ਸੀ। ਫੇਰ ਮੈਂ ਫਰੀ ਹੋ ਜਾਵਾਂਗੀ। ਫਲੈਟ ਛੱਡਣ ਲਈ ਮੈਂ ਆਪਣਾ ਸਾਮਾਨ ਜੋ ਘਰੋਂ ਲੈ ਕੇ ਆਈ ਸੀ ਇਕੱਠਾ ਕਰਨਾ ਸ਼ੁਰੂ ਕੀਤਾ। ਅਲਮਾਰੀ ਤੇ ਪਿਆ ਭਾਰੀ ਅਟੈਚੀ ਕੇਸ ਚੁਕਣ ਲਈ ਮੈਂ ਕੁਰਸੀ 'ਤੇ ਚੜ੍ਹ ਗਈ। ਅਟੈਚੀ ਭਾਰਾ ਹੋਣ ਕਰਕੇ ਮੇਰਾ ਕਾਫੀ ਜ਼ੋਰ ਲੱਗ ਰਿਹਾ ਸੀ।

''ਕਿਤੇ ਬੱਚੇ ਨੂੰ ਨੁਕਸਾਨ ਨਾ ਪਹੁੰਚੇ. . .।'' ਜਿਵੇਂ ਮੇਰੇ ਅੰਦਰੋਂ ਕੋਈ ਬੋਲਿਆ।

''ਫੇਰ ਕੀ ਹੈ? ਤੂੰ ਰੱਖਣਾ ਤਾਂ ਹੈ ਨਹੀਂ। ਚੰਗਾ ਸਮਕਾ ਖਹਿੜਾ ਛੁਟੇਗਾ।'' ਦਿਮਾਗ ਨੇ ਕਿਹਾ।

''ਨਹੀਂ ਉਹ ਹੋਰ ਗੱਲ ਹੈ। ਪਰ ਇਦਾਂ ਉਸ ਨੂੰ ਤਕਲੀਫ ਹੋਵੇਗੀ. . .।'' ਮੇਰੇ ਅੰਦਰਲੀ ਔਰਤ ਨੇ ਕਿਹਾ ਤੇ ਮੈਂ ਅਟੈਚੀ ਉਥੇ ਹੀ ਰੱਖ ਦਿਤਾ। ਪਤਾ ਨਹੀਂ ਕਿਉਂ ਇਸ ਅੰਦਰਲੀ ਮੁਸੀਬਤ ਨਾਲ ਮੈਨੂੰ ਅਚਾਨਕ ਹੀ ਹਮਦਰਦੀ ਜਾਗ ਪਈ ਸੀ।

ਕੰਮ ਤੋਂ ਮੈਂ ਦੋ ਹਫਤੇ ਦੀਆਂ ਛੁੱਟੀਆਂ ਲੈ ਲਈਆਂ। ਰੱਜ ਕੇ ਖਾਧਾ ਕਿਤੇ ਬੱਚਾ ਭੁੱਖਾ ਨਾ ਹੋਵੇ। ਰੱਜ ਕੇ ਆਰਾਮ ਕੀਤਾ ਕਿ ਜਿੰਨੀ ਦੇਰ ਮੇਰੀ ਕੁੱਖ 'ਚ ਹੈ ਉਨੀ ਦੇਰ ਤਾਂ ਆਰਾਮ ਨਾਲ ਰਹੇ ਫੇਰ ਤਾਂ. . .ਮੇਰਾ ਜੀਅ ਭਰ ਆਇਆ। ਜਿਵੇਂ ਮੇਰੇ ਅੰਦਰ ਕੋਈ ਖਿਡੌਣਾ ਬਣਨਾ ਸ਼ੁਰੂ ਹੋ ਗਿਆ ਸੀ। ਉਠਦੇ ਬਹਿੰਦੇ, ਸੌਂਦੇ, ਖਾਂਦੇ ਹਰ ਵੇਲੇ ਸੁਰਤ ਉਸ ਵੱਲ ਰਹਿੰਦੀ, ਕਿਤੇ ਕੋਈ ਅੰਗ ਨਾ ਡਿਗ ਪਵੇ ਇਸ ਖਿਡੌਣੇ ਦਾ। ਮੈਂ ਧਰਤੀ ਵਾਂਗ ਹਰੀ ਹੋ ਗਈ ਸੀ। ਸ਼ੀਸ਼ੇ 'ਚ ਆਪਣਾ ਰੂਪ ਨਾ ਪਛਾਣ ਸਕੀ। ਕਿੰਨੀ ਸਹੁਣੀ ਲਗਦੀ ਸੀ ਆਪਣੇ ਆਪ ਨੂੰ।

''ਤੂੰ ਮਾਂ ਬਣਨ ਵਾਲੀ ਹੈਂ ਰੂਪ। ਹੁਣ ਤੂੰ ਰਚਣਹਾਰੀ ਹੈਂ। ਦੁਨੀਆਂ ਦਾ ਸਭ ਤੋਂ ਵੱਡਾ ਰੁਤਬਾ ਤੈਨੂੰ ਮਿਲ ਰਿਹਾ ਹੈ. . .। ਤੇਰੇ ਹੁਸਨ ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ. . .।'' ਸ਼ੀਸ਼ੇ 'ਚੋਂ ਮੇਰੇ ਪਰਛਾਵੇਂ ਨੇ ਕਿਹਾ।

''ਪਰ ਇਹ ਬੱਚਾ ਨਜਾਇਜ਼ ਹੈ। ਸਮਾਜ ਕਿਸੇ ਨਜਾਇਜ਼ ਰਿਸ਼ਤੇ ਨੂੰ ਸਵੀਕਾਰ ਨਹੀਂ ਕਰਦਾ। ਇਥੇ ਕਾਨੂੰਨ ਦੇ ਪਹਿਰੇ ਨੇ. . .।'' ਮੈਂ ਪਰਛਾਵੇਂ ਨੂੰ ਜੁਆਬ ਦਿਤਾ।

''ਰਿਸ਼ਤਾ ਕੋਈ ਵੀ ਨਜਾਇਜ਼ ਨਹੀਂ ਹੁੰਦਾ ਰੂਪਿੰਦਰ। ਮਤਲਬ ਤਾਂ ਹੈ ਤੁਸੀਂ ਕਿਸੇ ਰਿਸ਼ਤੇ ਨੂੰ ਕਿੰਨੀ ਕੁ ਈਮਾਨਦਾਰੀ ਨਾਲ ਜੀਂਦੇ ਹੋ।'' ਪਰਛਾਵੇਂ ਨੇ ਅਗੋਂ ਬਹਿਸ ਕੀਤੀ।

''ਪਰ. . .ਪਰ ਮੈਂ ਇਕੱਲੀ. . .ਸਮਾਜ. . .ਬੱਚਾ. . .ਮਾਂ. . .ਬਾਪ. . .ਰਿਸ਼ਤੇ. . .। ਨਹੀਂ ਨਹੀਂ, ਮੈਂ ਇਹ ਭਾਰ ਇਕੱਲੀ ਨਹੀਂ ਚੁੱਕ ਸਕਦੀ। ਬੱਚੇ ਦੇ ਬਾਪ ਦਾ ਹੋਣਾ ਬਹੁਤ ਜ਼ਰੂਰੀ ਹੈ। ਸਮਾਜ ਬੱਚੇ ਦੇ ਬਾਪ ਦਾ ਨਾਂ ਪੁਛਦਾ ਹੈ। ਮੇਰੇ ਬੱਚੇ ਦੇ ਤਾਂ ਮੱਥੇ 'ਤੇ ਲਿਖਿਆ ਹੋਵੇਗਾ ਕਿ ਮੇਰਾ ਬਾਪ ਚੋਰ ਹੈ। ਨਹੀਂ ਮੈਂ ਆਪਣੇ ਸਵਾਰਥ ਲਈ ਬੱਚੇ ਨੂੰ ਏਡੀ ਸਜ਼ਾ ਕਿਉਂ ਦੇਵਾਂ. . .।'' ਮੈਂ ਸ਼ੀਸ਼ੇ ਵਲੋਂ ਮੂੰਹ ਦੂਜੇ ਪਾਸੇ ਕਰ ਲਿਆ। ਗਰਭਵਤੀ ਔਰਤ ਵਾਸਤੇ ਇਸ ਵੇਲੇ ਉਸ ਬੱਚੇ ਦਾ ਬਾਪ ਉਸ ਕੋਲ ਹੋਣਾ ਕਿੰਨਾ ਜ਼ਰੂਰੀ ਹੈ ਮੈਨੂੰ ਅਹਿਸਾਸ ਹੋਇਆ। ਸਿਰਫ ਔਰਤ ਨੂੰ ਈਮੋਸ਼ਨਲੀ ਹੀ ਨਹੀਂ ਸਗੋਂ ਬੱਚੇ ਨੂੰ ਵੀ ਜਿਵੇਂ ਅੰਦਰੋਂ ਪਤਾ ਹੁੰਦਾ ਹੈ ਕਿ ਮੇਰਾ ਬਾਪ ਕੌਣ ਹੈ। ਸ਼ਾਇਦ ਨਰਿੰਦਰ ਦਾ ਫੋਨ ਆ ਹੀ ਜਾਵੇ ਕਿ ਬੱਚੇ ਨੂੰ ਰੱਖ ਲੈ. . .ਤੇ ਆਪਣੇ ਇਸ ਖਿਆਲ 'ਤੇ ਮੈਂ ਰੋ ਪਈ। ਨਾ ਨਰਿੰਦਰ ਦਾ ਫੋਨ ਆਇਆ ਤੇ ਨਾ ਮੈਂ ਫੈਸਲਾ ਬਦਲ ਸਕੀ।

ਡਾਕਟਰ ਕੋਲ ਜਾਣ ਤੋਂ ਇਕ ਰਾਤ ਪਹਿਲਾਂ ਮੈਂ ਗੁਰਦਵਾਰੇ ਗਈ। ਆਪਣੇ ਪਾਪਾਂ ਦੀ ਭੁੱਲ ਬਖਸ਼ਾਣ ਤੇ ਹਿੰਮਤ ਮੰਗਣ। ਗੁਰਦਵਾਰੇ 'ਚ ਢਾਡੀ ਜਥਾ 'ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਸਾਕਾ' ਗਾ ਰਿਹਾ ਸੀ ਜਿਨ੍ਹਾਂ ਨੂੰ ਨੀਹਾਂ 'ਚ ਚਿਣਿਆ ਗਿਆ। ਸਾਕਾ ਸੁਣਦੇ ਵੇਲੇ ਮੈਂ ਬਹੁਤ ਰੋਈ। ਧੰਨ ਗੁਰੂ ਤੇ ਧੰਨ ਤੇਰੇ ਬੱਚੇ। ਬੱਚਿਆਂ ਦਾ ਕੀ ਦੋਸ਼ ਸੀ। ਮੇਰਾ ਬੱਚਾ ਵੀ ਕਲ੍ਹ ਨੂੰ ਬੇਇਨਸਾਫੀ ਦੀਆਂ ਨੀਹਾਂ 'ਚ ਦੱਬ ਦਿਤਾ ਜਾਂਵੇਗਾ, ਤੇ ਮੈਂ ਖਾਲੀ ਹੋ ਜਾਂਵਾਂਗੀ। ਜ਼ਮੀਨ 'ਚੋਂ ਜੇ ਪੌਦਾ ਵੀ ਪੁੱਟੀਏ ਤਾਂ ਮਿੱਟੀ ਜੜ੍ਹਾਂ ਨਾਲ ਨਿਕਲ ਜਾਂਦੀ ਹੈ। ਫੇਰ ਮੈਂ ਤਾਂ ਔਰਤ ਹਾਂ। ਮੇਰੀ ਤਾਂ ਕੁੱਖ ਪੱਟੀ ਜਾਣੀ ਸੀ। ਆਂਦਰਾਂ ਨਿਕਲ ਜਾਣਗੀਆਂ ਮੇਰੀਆਂ। ਰੋਂਦੀ ਰੋਂਦੀ ਮੈਂ ਘਰ ਆ ਗਈ। ਘਰ ਆ ਕੇ ਦੂਜੇ ਦਿਨ ਡਾਕਟਰ ਦੇ ਜਾਣ ਦੀ ਤਿਆਰੀ ਕੀਤੀ।

ਰਾਤ ਦੇ ਚੌਥੇ ਕੁ ਪਹਿਰ ਮੈਂ ਅੱਧ-ਸੁੱਤੀ ਅੱਧ-ਜਾਗਦੀ ਸੀ। ਜਿਵੇਂ ਮੇਰੇ ਅੰਦਰੋਂ ਆਵਾਜ਼ ਆਈ, ''ਮਾਂ. . .।'' ਬੇਸੁਰਤੀ ਜਿਹੀ 'ਚ ਮੈਂ ਇਹ 'ਮਾਂ' ਲਫਜ਼ ਫੇਰ ਸੁਣਿਆ, ਜਿਵੇਂ ਮੇਰੇ ਨੰਗੇ ਢਿੱਡ ਨਾਲ ਕੋਈ ਨਿੱਕਾ ਜਿਹਾ ਬੰਲੂਗੜਾ ਚੰਮੜਿਆ ਹੋਇਆ ਸੀ। ਉਸ ਦੇ ਨਿੱਕੇ ਨਿੱਕੇ ਹੱਥ ਪੈਰ ਮੈਂ ਆਪਣੇ ਢਿੱਡ 'ਤੇ ਮਹਿਸੂਸ ਕੀਤੇ। ਆਪਣੇ ਆਪ ਹੀ ਮੇਰਾ ਹੱਥ ਮੇਰੇ ਢਿੱਡ 'ਤੇ ਚਲਾ ਗਿਆ। ਆਪਣੇ ਅੰਦਰ ਮੈਂ ਕੋਈ ਜਿਉਂਦੀ ਜਾਗਦੀ ਚੀਜ਼ ਮਹਿਸੂਸ ਕੀਤੀ ਜੋ ਹਿੱਲ ਰਹੀ ਸੀ। ਹਨ੍ਹੇਰੇ 'ਚ ਮੈਂ ਆਪਣੇ ਅੰਦਰ ਝਾਤ ਮਾਰੀ।

ਜਿਵੇਂ ਦੋ ਛੋਟੀਆਂ ਛੋਟੀਆਂ ਅੱਖਾਂ ਮੇਰੇ ਵੱਲ ਘੂਰ ਰਹੀਆਂ ਸਨ, ''ਮਾਂ. . .।'' ਉਨ੍ਹਾਂ ਅੱਖਾਂ ਨੇ ਪੁਕਾਰਿਆ। ਮੈਨੂੰ ਠੰਡੀਆਂ ਤਰੇਲੀਆਂ ਆ ਗਈਆਂ। ਮੈਂ ਆਪਣੇ ਢਿੱਡ ਨੂੰ ਘੁੱਟ ਕੇ ਜੱਫੀ ਪਾ ਲਈ।

''ਮੇਰੇ ਬੱਚੇ. . .! ਮੈਂ ਤੈਨੂੰ ਜਨਮ ਦੇਵਾਂਗੀ। ਮਾਫ ਕਰ ਦੇ, ਮੈਂ ਆਪਣੇ ਸਵਾਰਥ ਲਈ ਤੇਰਾ ਕਤਲ ਕਰਨ ਦੀ ਸੋਚੀ। ਤੇਰਾ ਬਾਪ ਚੋਰ ਹੈ ਬੱਚੇ ਪਰ ਤੇਰੀ ਮਾਂ. . .ਤੇਰੀ ਮਾਂ ਤਾਂ ਤੇਰੀ ਮਾਂ ਹੈ. . .।'' ਮੇਰਾ ਸਿਰਹਾਣਾ ਹੰਝੂਆਂ ਨਾਲ ਭਿੱਜ ਗਿਆ ਸੀ। ਅਜੀਬ ਜਿਹੀ ਸ਼ਾਂਤੀ ਮਿਲੀ ਮੈਨੂੰ। ਅਜੀਬ ਜਿਹੀ ਹਿੰਮਤ ਆ ਗਈ ਮੇਰੇ ਵਿਚ, ਤੇ ਮੈਂ ਉਦੋਂ ਹੀ

ਉਠ ਕੇ ਆਪਣਾ ਸਾਮਾਨ ਇਕੱਠਾ ਕੀਤਾ। ਸਵੇਰੇ ਹੀ ਡਾਕਟਰ ਨੂੰ ਫੋਨ ਕਰ ਦਿਤਾ ਕਿ ਮੈਂ ਵਿਚਾਰ ਬਦਲ ਲਿਆ ਹੈ। ਮੁੜ ਕੇ ਮੈਂ ਕਦੇ ਪਛਤਾਈ ਨਹੀਂ ਤੇ ਨਾ ਹੀ ਜ਼ਿੰਦਗੀ ਨਾਲ ਸ਼ਿਕਵਾ ਕੀਤਾ ਕਿ ਕੀ ਹੋ ਰਿਹਾ ਹੈ।

ਉਹ ਫਲੈਟ ਛੱਡ ਕੇ ਮੈਂ ਕਿਰਾਏ ਦੇ ਕਮਰੇ 'ਚ ਚਲੀ ਗਈ। ਕੰਮ 'ਤੇ ਜਾਣਾ ਸ਼ੁਰੂ ਕਰ ਦਿਤਾ। ਥੋੜ੍ਹੇ ਦਿਨਾਂ ਬਾਅਦ ਹੀ ਮੇਰਾ ਭੇਦ ਖੁੱਲਣਾ ਸ਼ੁਰੂ ਹੋ ਗਿਆ। ਆਖਰ ਕਦੋਂ ਤਕ ਮੈਂ ਅੱਗ ਨੂੰ ਆਪਣੀ ਝੋਲੀ ਵਿਚ ਛੁਪਾ ਕੇ ਰੱਖ ਸਕਦੀ ਸੀ। ਲੋਕਾਂ ਨੇ ਕੰਜਰੀ ਕੁੱਤੀ ਕਿਹਾ। ਕੰਮ ਵਾਲਿਆਂ ਨੇ ਆਵਾਜ਼ੇ ਕੱਸੇ। ਮਾਂ ਨੂੰ ਪਤਾ ਲੱਗਿਆ ਤਾਂ ਉਸ ਨੇ ਬਥੇਰਾ ਸਿਰ ਪਿੱਟਿਆ। ਪਰ ਮੇਰੇ ਕੰਨਾਂ ਨੇ ਜੋ ਅੰਦਰੋਂ ਇਕ ਵਾਰ 'ਮਾਂ. . .' ਲਫਜ਼ ਸੁਣੇ ਸੀ ਜਿਵੇਂ ਉਸ ਤੋਂ ਬਾਅਦ ਮੇਰੇ ਲਈ ਦੁਨੀਆਂ ਦੀ ਹਰ ਆਵਾਜ਼ ਛੋਟੀ ਹੋ ਗਈ ਸੀ। ਮੈਂ ਉਸ ਆਵਾਜ਼ ਨੂੰ ਸ਼ਰੇਆਮ ਸੁਣਨਾ ਚਾਹੁੰਦੀ ਸੀ। ਨੌਂ ਮਹੀਨੇ ਲੋਕਾਂ ਦੇ ਤਾਅਨੇ ਮਿਹਣੇ ਸੁਣ ਕੇ ਤੇ ਗਾਲ੍ਹਾਂ ਖਾ ਕੇ ਕੱਢੇ। ਮੈਂ ਦੁਨੀਆਂ ਦੀਆਂ ਉਨ੍ਹਾਂ ਔਰਤਾਂ ਬਾਰੇ ਕਿਤਾਬਾਂ ਪੜ੍ਹੀਆਂ ਜਿਨ੍ਹਾਂ ਨੇ ਇਕੱਲੀਆਂ ਨੇ ਬੱਚੇ ਪੈਦਾ ਕੀਤੇ ਸੀ। ਸ਼ਕੁੰਤਲਾ ਤੇ ਸੀਤਾ ਵਰਗੀਆਂ ਜਿਨ੍ਹਾਂ ਦੇ ਆਦਮੀ ਉਨ੍ਹਾਂ ਨੂੰ ਅੱਧਵਾਟੇ ਛੱਡ ਗਏ ਸੀ। ਫੇਰ ਅਮਨਦੀਪ ਜੰਮਿਆ, ਜਿਵੇਂ ਮੇਰੀ ਸਾਰੀ ਤੱਪਸਿਆ ਸਫਲ ਹੋ ਗਈ। ਨਾ ਦੁਨੀਆਂ ਨਾਲ ਕੋਈ ਗਿਲਾ ਰਿਹਾ ਤੇ ਨਾ ਨਰਿੰਦਰ ਦੀ ਬੇਵਫਾਈ ਯਾਦ ਰਹੀ। ਅਮਨਦੀਪ ਨੂੰ ਵੇਖ ਕੇ ਜਿਵੇਂ ਮੇਰੀ ਸਾਰੇ ਸੰਘਰਸ਼ ਦੀ ਥਕਾਵਟ ਲਹਿ ਗਈ ਸੀ।

ਔਰਤ ਜਦੋਂ ਮਾਂ ਬਣ ਜਾਂਦੀ ਹੈ ਤਾਂ ਉਸ ਲਈ ਦੁਨੀਆਂ ਦੇ ਬਾਕੀ ਸਭ ਰਿਸ਼ਤੇ ਛੋਟੇ ਹੋ ਜਾਂਦੇ ਹਨ।

ਨਰਿੰਦਰ ਭਾਵੇਂ ਮੇਰੇ ਤੋਂ ਪਿੱਠ ਮੋੜ ਗਿਆ ਸੀ, ਪਰ ਬੱਚੇ ਦੀ ਖਬਰ ਜਿਵੇਂ ਉਸ ਨੂੰ ਹਵਾ ਵਾਂਗ ਮਿਲੀ। ਇਕ ਦਿਨ ਉਹ ਆ ਗਿਆ।

''ਤੈਨੂੰ ਕਿੰਨਾ ਸਮਝਾਇਆ ਸੀ ਇਸ ਮੁਸੀਬਤ 'ਚ ਨਾ ਪੈ। ਹੁਣ ਕਿੰਨੀ ਔਖੀ ਹੈਂ. . .।'' ਉਸ ਨੇ ਹਮਦਰਦੀ ਜਤਾਈ। ਮੈਂ ਉਸ ਦੀ ਗੱਲ ਦਾ ਕੋਈ ਜੁਆਬ ਨਾ ਦਿਤਾ।

''ਚੱਲ ਜੋ ਹੋ ਗਿਆ ਸੋ ਹੋ ਗਿਆ। ਆਪਣੇ ਫਲੈਟ 'ਚ ਵਾਪਸ ਚੱਲ। ਮੇਰਾ ਬੱਚਾ ਕਿਰਾਏ ਦੇ ਕਮਰਿਆਂ 'ਚ ਰੁਲੇ ਮੇਰੇ ਤੋਂ ਬਰਦਾਸ਼ਤ ਨਹੀਂ ਹੁੰਦਾ। ਅਸੀਂ ਸਰਦਾਰ ਹਾਂ ਪਿੰਡ ਦੇ। ਰਾਜਿਆਂ ਵਰਗੇ ਹਾਂ। ਇਹੋ ਜਿਹੀ ਜ਼ਿੰਦਗੀ ਤਾਂ ਸਾਡੇ ਨੌਕਰ ਵੀ ਨਹੀਂ ਜੀਂਦੇ. . .।'' ਉਸ ਦੇ ਅੰਦਰਲਾ ਬਾਪ ਹੰਕਾਰ ਬਣ ਕੇ ਬੋਲਿਆ।

''ਨਰਿੰਦਰ! ਇਹ ਉਹੀ ਬੱਚਾ ਹੈ ਜਿਸ ਦੇ ਪੈਦਾ ਹੋਣ ਦੀ ਖ਼ਬਰ ਸੁਣ ਕੇ ਤੂੰ ਫੋਨ ਤਕ ਕਰਨਾ ਛੱਡ ਦਿਤਾ ਸੀ, ਤੇ ਜਿਸ ਦੀ ਮਾਂ ਨੂੰ ਤੂੰ ਰਾਹਾਂ 'ਚ ਛੱਡ ਕੇ ਚਲਾ ਗਿਆ ਸੀ। ਨਾਲੇ ਮੇਰੀ ਇਕ ਗੱਲ ਸੁਣ ਲਉ ਧਿਆਨ ਨਾਲ ਸਰਦਾਰ ਜੀ, ਮੇਰਾ ਬੱਚਾ ਕਿਸੇ ਰਾਜੇ ਮਹਾਰਾਜੇ ਦਾ ਬੱਚਾ ਨਹੀਂ ਹੈ, ਉਹ ਇਕ ਇਕੱਲੀ ਮਾਂ ਦਾ ਬੱਚਾ ਹੈ. . .ਮਜ਼ਦੂਰ ਮਾਂ ਦਾ। ਮੈਂ ਨਹੀਂ ਚਾਹੁੰਦੀ ਉਸ ਦੇ ਮਨ 'ਚ ਕੋਈ ਭੁਲੇਖਾ ਪਵੇ। ਇਸ ਲਈ ਤੂੰ ਅੱਜ ਤੋਂ ਬਾਅਦ ਇਥੇ ਨਾ ਆਈਂ।'' ਮੈਂ ਉਸ ਨੂੰ ਬਾਹਰ ਕਢ ਕੇ ਦਰਵਾਜ਼ਾ ਬੰਦ ਕਰ ਲਿਆ।

ਨਰਿੰਦਰ ਕਈ ਮਹੀਨੇ ਫੇਰ ਨਾ ਆਇਆ। ਅਮਨ ਹੁਣ ਵਧਣਾ ਸ਼ੁਰੂ ਹੋ ਗਿਆ ਸੀ। ਸ਼ਾਮੀਂ ਕੰਮ ਤੋਂ ਥੱਕੀ ਹਾਰੀ ਆਉਂਦੀ ਤਾਂ ਉਸ ਨੂੰ ਵੇਖ ਕੇ ਜਿਵੇਂ ਮੇਰੇ 'ਚ ਨਵੀਂ ਜਾਨ ਪੈ ਜਾਂਦੀ। ਥੋੜ੍ਹੇ ਪੈਸੇ ਫੜ ਫੜਾ ਕੇ ਮੈਂ ਆਪਣਾ ਘਰ ਲੈ ਲਿਆ। ਪਰ ਨਰਿੰਦਰ ਨੇ ਫੇਰ ਮੇਰਾ ਖੁਰਾ ਖੋਜ ਕੱਢ ਲਿਆ ਤੇ ਆ ਕੇ ਇਕ ਦਿਨ ਮੇਰੇ ਪੈਰ ਫੜ ਲਏ

''ਰੱਬ ਦੇ ਵਾਸਤੇ ਮੇਰੇ ਗੁਨਾਹਾਂ ਦੀ ਸਜ਼ਾ ਮੇਰੇ ਬੱਚੇ ਨੂੰ ਨਾ ਦੇ। ਉਸ ਨੂੰ ਬਾਪ ਦੇ ਪਿਆਰ ਦੀ ਲੋੜ ਹੈ।

ਉਹ ਕਦੇ ਕਦੇ ਅਮਨ ਨੂੰ ਮਿਲਣ ਆ ਜਾਂਦਾ ਤੇ ਮੈਂ ਨੋਟ ਕੀਤਾ ਕਿ ਜੇ ਕਦੇ ਨਰਿੰਦਰ ਨਾ ਆਉਂਦਾ ਤਾਂ ਅਮਨ ਆਨੀ ਬਹਾਨੀ ਰੋਂਦਾ। ਬੁਖਾਰ ਚੜ੍ਹਾ ਲੈਂਦਾ। ਮੈਂ ਬੱਚੇ ਲਈ ਏਨੀ ਬਦਨਾਮੀ ਝੱਲੀ ਸੀ ਤੇ ਜ਼ਿੰਦਗੀ ਦਾਅ ਤੇ ਲਾ ਦਿਤੀ ਸੀ। ਉਸ ਦੀ ਉਦਾਸੀ ਮੇਰੇ ਤੋਂ ਸਹਾਰੀ ਨਾ ਗਈ। ਮੈਂ ਨਰਿੰਦਰ ਨੂੰ ਘਰ ਆਉਣ ਜਾਣ ਦੀ ਖੁਲ੍ਹ ਦੇ ਦਿਤੀ। ਘਰ 'ਚ ਆਉਣ ਦੀ ਜਦੋਂ ਇਜਾਜ਼ਤ ਮਿਲ ਗਈ ਤਾਂ ਇਕ ਦਿਨ ਨਰਿੰਦਰ ਨੇ ਮੇਰੇ ਨਾਲ ਹਮਬਿਸਤਰੀ ਕਰਨ ਦੀ ਕੋਸ਼ਿਸ਼ ਕੀਤੀ।

''ਤਮੀਜ਼ ਨਾਲ ਰਹਿ। ਜੇ ਬੱਚੇ ਕਰਕੇ ਮੈਂ ਤੈਨੂੰ ਇਸ ਘਰ 'ਚ ਆਉਣ ਜਾਣ ਲਈ ਕਹਿ ਦਿਤਾ ਹੈ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਮੈਂ ਫੇਰ ਇਤਿਹਾਸ ਨੂੰ ਦੁਹਰਾਉਣ ਲੱਗੀ ਹਾਂ। ਇਹ ਨਾ ਸਮਝੀਂ ਕਿ ਮੈਂ ਕਮਜ਼ੋਰ ਹੋ ਗਈ ਹਾਂ ਤੇ ਮੈਨੂੰ ਤੇਰੇ ਸਹਾਰੇ ਦੀ ਲੋੜ ਹੈ। ਮੈਂ ਆਪਣੇ ਬੱਚੇ ਨੂੰ ਉਦਾਸ ਨਹੀਂ ਦੇਖ ਸਕਦੀ ਤੇ ਤੇਰਾ ਉਹਦੇ ਨਾਲ ਖ਼ੂਨ ਦਾ ਰਿਸ਼ਤਾ ਹੈ। ਤੇਰੇ ਬਗੈਰ ਉਹ ਰੋਂਦਾ ਮੇਰੇ ਤੋਂ ਦੇਖਿਆ ਨਹੀਂ ਜਾਂਦਾ. . .।'' ਮੈਂ ਅੱਗ ਵਾਂਗ ਮੱਚੀ।

''ਮੇਰੀ ਗਲਤੀ ਮਾਫ ਕਰ ਦੇ. . .।'' ਉਸ ਨੇ ਅੱਖਾਂ ਭਰੀਆਂ।

''ਫਜ਼ੂਲ ਮੈਨੂੰ ਡਿਸਟਰਬ ਨਾ ਕਰ, ਤੂੰ ਮੈਨੂੰ ਕੰਜਰੀ ਸਮਝ ਰੱਖਿਐ? ਜੇ ਤੇਰੇ ਤੋਂ ਨਿਭਣੀਆਂ ਨਹੀਂ ਸੀ ਤਾਂ ਲਾਈਆਂ ਕਿਉਂ? ਨਾਲੇ ਅੱਜ ਤੋਂ ਬਾਅਦ ਮੈਨੂੰ ਹੱਥ ਲਾਇਆ ਤਾਂ ਹੱਥ ਤੋੜ ਦੇਵਾਂਗੀ. . .। ਬੱਚੇ ਨੂੰ ਮਿਲ ਤੇ ਜਾ. . .।'' ਆਖ ਕੇ ਮੈਂ ਉਸ ਨੂੰ ਬਾਹਰ ਦਾ ਬੂਹਾ ਦਿਖਾਇਆ।

ਉਹ ਹਮੇਸ਼ਾ ਲਈ ਚੁੱਪ ਹੋ ਗਿਆ। ਬੱਚਾ ਉਸ ਦੀ ਵੀ ਕਮਜ਼ੋਰੀ ਸੀ। ਉਹ ਚੁੱਪਚਾਪ ਆਉਂਦਾ, ਬੱਚੇ ਨਾਲ ਖੇਡਦਾ ਤੇ ਚਲਾ ਜਾਂਦਾ।

ਹੁੰਦੀ ਹੁੰਦੀ ਗੱਲ ਨਰਿੰਦਰ ਦੀ ਪਤਨੀ ਤਕ ਪਹੁੰਚ ਗਈ। ਉਹ ਸਾਹੋ ਸਾਹ ਹੋਈ ਮੇਰੇ ਘਰ ਆਈ। ਆਉਂਦੇ ਸਾਰ ਪਹਿਲਾਂ ਤਿੰਨ ਚਾਰ ਥੱਪੜ ਮੇਰੇ ਮੂੰਹ ਤੇ ਮਾਰੇ। ਫੇਰ ਮੇਰੇ ਵਾਲ ਪੁੱਟੇ।

''ਕੰਜਰੀਏ! ਤੈਨੂੰ ਮੇਰਾ ਹੀ ਘਰ ਲੱਭਿਆ ਸੀ ਪੱਟਣ ਨੂੰ। ਥੋੜ੍ਹੀ ਖਲਕਤ ਤੁਰੀ ਫਿਰਦੀ ਹੈ? ਕਿਸੇ ਹੋਰ ਦੇ ਘਰ 'ਚ ਡਾਕਾ ਮਾਰਦੀ। ਇਕ ਆਹ ਕੀੜਾ ਜੰਮ ਸੁੱਟਿਆ ਹਿੱਸਾ ਮੰਗਣ ਨੂੰ. . .।'' ਉਹ ਅਮਨ ਵੱਲ ਵਧੀ।

''ਭੈਣ ਜੀ. . .।'' ਮੈਂ ਭੱਜ ਕੇ ਅੱਗੇ ਆ ਗਈ। ''ਮੈਨੂੰ ਜੋ ਮਰਜ਼ੀ ਕਹੋ ਮੈਂ ਤੁਹਾਡੀ ਚੋਰ ਹਾਂ। ਪਰ ਬੱਚਾ. . .।''

''ਚੁੱਪ ਕਰ। ਜ਼ਿਆਦਾ ਚੰਗੀ ਬਣਨ ਦੀ ਕੋਸ਼ਿਸ਼ ਨਾ ਕਰ ਮੇਰੇ ਸਾਹਮਣੇ। ਮੈਂ ਜਾਣਦੀ ਹਾਂ ਤੇਰੇ ਵਰਗੀਆਂ ਨੂੰ। ਦੂਜੀਆਂ ਦੇ ਆਦਮੀ ਸਾਂਭਣਾ ਤੁਹਾਡੇ ਪੁੱਠੇ ਹੱਥ ਦਾ ਕੰਮ ਹੁੰਦਾ ਹੈ, ਪਰ ਮੈਂ ਵੀ ਕੋਈ ਗਏ ਬੀਤੇ ਘਰ ਦੀ ਨਹੀਂ ਹਾਂ। ਬੜੀ ਮਜ਼ਬੂਤ ਚੀਜ਼ ਹਾਂ। ਤੇਰੇ ਵਰਗੀਆਂ ਕਈ ਆਈਆਂ ਤੇ ਗਈਆਂ ਪਰ ਨਰਿੰਦਰ ਨੂੰ ਮੇਰੇ ਤੋਂ ਕੋਈ ਨਹੀਂ ਖੋਹ ਸਕੀ। ਮੈਂ ਉਨ੍ਹਾਂ ਔਰਤਾਂ 'ਚੋਂ ਨਹੀਂ ਜਿਹੜੀਆਂ ਘਬਰਾ ਕੇ ਦੂਜੇ ਦਿਨ ਤਲਾਕ ਦੇ ਦਿੰਦੀਆਂ ਨੇ। ਮੈਂ ਸਮਝ ਲਊਂ ਮੇਰਾ ਆਦਮੀ ਦੋ ਘੰਟੇ ਕੰਜਰੀ ਦੇ ਕੋਠੇ 'ਤੇ ਜਾਂਦਾ ਹੈ। ਅਖੀਰ ਰਾਤ ਨੂੰ ਤਾਂ ਮੇਰੇ ਕੋਲ ਘਰ ਹੀ ਆਉਂਦਾ ਹੈ ਨਾ। ਤੇਰੇ ਵਰਗੀਆਂ ਜੇ ਦਸ ਵੀ ਆ ਜਾਣ ਤਾਂ

ਮੇਰਾ ਕੁਝ ਨਹੀਂ ਵਿਗਾੜ ਸਕਦੀਆਂ. . .। ਬਿਗਾਨੀ ਅੱਗ 'ਤੇ ਕਿੰਨੇ ਕੁ ਦਿਨ ਹੱਡ ਸੇਕੇਗੀ। ਆਖਰ ਆਦਮੀ ਤਾਂ ਮੇਰਾ ਹੀ ਰਹੇਗਾ. . .।'' ਉਹ ਅੱਗ ਥੁੱਕਦੀ ਤੇ ਅੰਗਿਆਰ ਹੱਗਦੀ ਵਾਪਸ ਚਲੀ ਗਈ।

ਮੈਨੂੰ ਉਸ 'ਤੇ ਤਰਸ ਆਇਆ। ਧੋਖਾ ਉਸ ਨਾਲ ਵੀ ਹੋਇਆ ਸੀ। ਮੈਂ ਤਾਂ ਸੋਚਿਆ ਸੀ ਕਿ ਬਲਜੀਤ ਕੋਈ ਬਦਸੂਰਤ ਜਿਹੀ ਔਰਤ ਹੋਵੇਗੀ। ਪਰ ਉਹ ਤਾਂ ਕਾਫੀ ਸਹੁਣੀ ਸੁਨੱਖੀ ਭਰੇ ਪੂਰੇ ਜਿਸਮ ਦੀ ਮਾਲਿਕ ਸੀ। ਮੈਂ ਸੋਚ ਰਹੀ ਸੀ ਅਨਜਾਣੇ ਵਿਚ ਹੀ ਕਿਸੇ ਵਿਆਹੇ ਹੋਏ ਬੰਦੇ ਨਾਲ ਪਿਆਰ ਪਾ ਕੇ ਮੈਂ ਕਿੰਨਾ ਗ਼ਲਤ ਕੰਮ ਕੀਤਾ ਸੀ। ਪਰ ਮੇਰਾ ਕਸੂਰ ਕੀ ਸੀ? ਇਹ ਤਾਂ ਨਰਿੰਦਰ ਹੀ ਸੀ ਜੋ ਬਲਜੀਤ ਦਾ ਨਕਸ਼ਾ ਹੀ ਹੋਰ ਖਿਚਦਾ ਰਿਹਾ ਮੇਰੇ ਸਾਹਮਣੇ।

ਬਲਜੀਤ ਨੇ ਸਾਰੇ ਸ਼ਹਿਰ 'ਚ ਢਿੰਡੋਰਾ ਪਿੱਟ ਦਿਤਾ ਕਿ ਮੈਂ ਉਸ ਦੇ ਆਦਮੀ ਨੂੰ ਲੁੱਟ ਕੇ ਖਾ ਰਹੀ ਹਾਂ। ਇਕ ਦਿਨ ਨਰਿੰਦਰ ਕਿਤੇ ਬਾਹਰ ਗਿਆ ਹੋਇਆ ਸੀ ਤਾਂ ਉਸ ਦਾ ਲੜਕਾ ਪਿਛੋਂ ਆਇਆ। ਮੈਂ ਬੂਹਾ ਖੋਹਲਿਆ।

''ਆਂਟੀ! ਮੇਰਾ ਡੈਡ ਅੱਜ ਬਾਹਰ ਗਿਆ ਹੋਇਆ ਹੈ। ਜੇ ਤੇਰਾ ਨਹੀਂ ਸਰਦਾ ਤਾਂ ਮੈਂ ਆਵਾਂ ਅੱਜ ਰਾਤ ਤੇਰੇ ਕੋਲ. . .।'' ਉਹ ਹੱਸਿਆ।

ਮੈਂ ਕੀ ਕਹਿੰਦੀ। ਪਰ ਉਸ ਦਿਨ ਤੋਂ ਬਲਜੀਤ ਨਾਲ ਮੈਨੂੰ ਨਫਰਤ ਹੋ ਗਈ।

ਮੇਰੇ ਲਈ ਤਾਂ ਪੈਸਾ ਪਹਿਲਾਂ ਹੀ ਕੁਝ ਮਾਇਨੇ ਨਹੀਂ ਰੱਖਦਾ ਸੀ। ਹੁਣ ਤਾਂ ਪੈਸੇ ਵਾਲਿਆਂ ਦੇ ਚਿਹਰੇ ਬੁਰੀ ਤਰ੍ਹਾਂ ਨੰਗੇ ਹੋ ਗਏ ਸੀ ਮੇਰੇ ਸਾਹਮਣੇ।

ਮੈਂ ਬਹੁਤ ਮੇਹਨਤ ਕਰਨੀ ਸ਼ੁਰੂ ਕਰ ਦਿਤੀ। ਮੈਂ ਚਾਹੁੰਦੀ ਸਾਂ ਮੇਰਾ ਬੱਚਾ ਬਹੁਤ ਅੱਛੀ ਐਜੂਕੇਸ਼ਨ ਲਵੇ। ਵਧੀਆ ਸਕੂਲਾਂ 'ਚ ਪੜ੍ਹੇ ਤੇ ਦੁਨੀਆਂ ਦਾ ਬੇਹਤਰੀਨ ਬੰਦਾ ਬਣੇ। ਮੈਨੂੰ ਹਰ ਬੰਦੇ ਨੇ ਨਫਰਤ ਕੀਤੀ ਹੈ ਆਸ਼ਾ। ਹਰ ਬੰਦੇ ਨੇ ਮੈਨੂੰ ਗ਼ਲਤ ਸਮਝਿਆ। ਸ਼ਾਇਦ ਮੇਰਾ ਬੱਚਾ ਵੀ ਮੈਨੂੰ ਵੱਡਾ ਹੋ ਕੇ ਨਫਰਤ ਕਰੇ ਪਰ ਮੈਂ ਆਪਣੇ ਖ਼ੂਨ ਦੀਆਂ ਘੁੱਟਾਂ ਨਾਲ ਉਸ ਨੂੰ ਪਾਲ ਰਹੀ ਹਾਂ। ਇਹਦੇ ਵਿਚ ਸਭ ਕੁਝ ਇਸਦੇ ਬਾਪ ਵਾਲਾ ਹੈ। ਉਹੀ ਅੱਖਾਂ, ਉਹੀ ਬੁਲ੍ਹ ਤੇ ਉਹੀ ਮੁਸਕਾਨ। ਜਦੋਂ ਇਹ ਘੰਟਾ ਘੰਟਾ ਮੇਰੇ ਵਾਲਾਂ ਨਾਲ ਖੇਡਦਾ ਹੈ ਜਾਂ ਮੇਰੇ ਪੈਰ ਫੜ ਕੇ ਬੈਠ ਜਾਂਦਾ ਹੈ ਤਾਂ ਜਿਵੇਂ ਨਰਿੰਦਰ ਫੇਰ ਮੇਰੇ ਸਾਹਮਣੇ ਬੈਠਾ ਹੁੰਦਾ ਹੈ। ਨਰਿੰਦਰ ਨੂੰ ਤਾਂ ਮੈਂ ਮੁਆਫ ਨਹੀਂ ਕਰ ਸਕਦੀ। ਮੁਆਫ ਕਰਨ ਨੂੰ ਕਿਹੜਾ ਮੈਂ ਉਸ ਨੂੰ ਨਫ਼ਰਤ ਕਰਦੀ ਹਾਂ। ਨਫ਼ਰਤ ਵੀ ਉਸ ਨੂੰ ਕੀਤੀ ਜਾਂਦੀ ਹੈ ਜਿਸ ਦੀ ਕੋਈ ਕੀਮਤ ਤੁਹਾਡੀਆਂ ਨਜ਼ਰਾਂ ਵਿਚ ਹੋਵੇ। ਜਿਹੜਾ ਬੰਦਾ ਨਜ਼ਰਾਂ 'ਚੋਂ ਗਿਰ ਜਾਵੇ ਉਹ ਨਫਰਤ ਦੇ ਵੀ ਕਾਬਲ ਨਹੀਂ ਰਹਿੰਦਾ। ਹੁਣ ਤਾਂ ਮੈਂ, ਤੇ ਮੇਰਾ ਬੱਚਾ ਬੱਸ. . .। ਇਹੀ ਮੇਰੀ ਜ਼ਿੰਦਗੀ ਹੈ. . .। ਜੇ ਇਹ ਨਾ ਹੁੰਦਾ ਤਾਂ ਪਤਾ ਨਹੀਂ ਮੈਂ ਅੱਜ ਕਿਥੇ ਹੁੰਦੀ. . .।'' ਉਸ ਨੇ ਜਿਵੇਂ ਕਹਾਣੀ ਦਾ ਅਖੀਰ ਕੀਤਾ।

''ਰੂਪਿੰਦਰ! ਬੱਚਾ ਤਾਂ ਤੇਰਾ ਬਹੁਤ ਖ਼ੂਬਸੂਰਤ ਹੈ। ਖਾਸ ਕਰਕੇ ਜਦੋਂ ਮੈਂ ਉਸ ਦੇ ਕੇਸ ਰੱਖੇ ਦੇਖਦੀ ਹਾਂ ਤਾਂ ਪਤਾ ਲੱਗਦਾ ਹੈ ਕਿ ਤੇਰਾ ਸਿੱਖ ਧਰਮ 'ਚ ਕਿੰਨਾ ਵਿਸ਼ਵਾਸ ਹੈ। ਪਰ ਤੈਨੂੰ ਇਹ ਖਿਆਲ ਕਿਵੇਂ ਆਇਆ ਕਿ ਤੇਰਾ ਬੱਚਾ ਪੱਗ ਬੰਨ੍ਹੇ?'' ਮੈਂ ਪੁਛਿਆ।

''ਆਸ਼ਾ. . .। ਇਕ ਵਾਰ ਜਦੋਂ ਅਮਨ ਪੰਜ ਕੁ ਸਾਲ ਦਾ ਸੀ ਤਾਂ ਸਕੂਲੋਂ ਆਇਆ। ਰਾਤ ਨੂੰ ਮੈਂ ਜਦੋਂ ਉਸ ਨੂੰ ਸੁਲਾਉਣ ਲਈ ਕਹਾਣੀ ਸੁਣਾਉਣ ਲੱਗੀ ਤਾਂ ਉਹ ਬੋਲਿਆ, ''ਮੰਮ! ਟੈਲ ਮੀਂ ਸਮਥਿੰਗ ਅਬਾਊਟ ਗੋਲਡਨ ਟੈਂਪਲ। ਆਈ ਵਾਂਟ ਟੂ ਸੀ ਗੋਲਡਨ ਟੈਂਪਲ ਇਨ ਇੰਡੀਆ। ਵੈਨ ਵੀ ਵਿੱਲ ਗੋ ਟੂ ਇੰਡੀਆ ਮੰਮ ਟੂ ਸੀ ਗੋਲਡਨ

ਟੈਂਪਲ. . .?'' ਜਦੋਂ ਉਸ ਨੇ ਆਪਣੀਆਂ ਨਿੱਕੀਆਂ ਨਿੱਕੀਆਂ ਬਾਹਾਂ ਮੇਰੀ ਗਰਦਨ ਦੁਆਲੇ ਲਪੇਟੀਆਂ ਤਾਂ ਮੈਨੂੰ ਲਗਿਆ ਜਿਵੇਂ ਮੇਰਾ ਕੋਈ ਕਣ ਪਹਿਲੀ ਵਾਰ ਉਸ ਵਿਚ ਜਾਗਿਆ ਹੋਵੇ। ਮੈਨੂੰ ਉਹ ਬੜਾ ਪਿਆਰਾ ਲਗਿਆ। ਤੇ ਮੈਂ ਦੂਜੇ ਦਿਨ ਹੀ ਇੰਡੀਆ ਜਾਣ ਲਈ ਸੀਟਾਂ ਬੁੱਕ ਕਰਵਾ ਲਈਆਂ। ਨਰਿੰਦਰ ਨੂੰ ਪਤਾ ਲੱਗਿਆ ਤਾਂ ਉਹ ਬਹੁਤ ਬੋਲਿਆ, ''ਬੱਚੇ ਨੂੰ ਕਿਥੇ ਲੈ ਕੇ ਜਾਵੇਂਗੀ ਏਨੀ ਗਰਮੀ 'ਚ? ਬੀਮਾਰ ਹੋ ਜਾਵੇਗਾ।'' ਪਰ ਮੇਰੀ ਜ਼ਿਦ ਅੱਗੇ ਉਸ ਦੀ ਇਕ ਨਾ ਚੱਲੀ। ਹਾਰ ਕੇ ਉਹ ਵੀ ਨਾਲ ਹੀ ਤੁਰ ਪਿਆ।

ਉਹ ਮੈਨੂੰ ਆਪਣੇ ਪਿੰਡ ਲੈ ਗਿਆ। ਮੇਰੇ ਅੰਦਰ ਰੋਸ਼ਨੀ ਦੀ ਕੋਈ ਲੀਕ ਜਿਹੀ ਉਠੀ। ਸ਼ਾਇਦ ਉਹ ਮੈਨੂੰ ਆਪਣੇ ਮਾਂ ਬਾਪ ਦੇ ਘਰ ਲੈ ਕੇ ਜਾਵੇਗਾ। ਸ਼ਾਇਦ ਉਹ ਇਸ ਰਿਸ਼ਤੇ ਨੂੰ ਉਥੇ ਜਾ ਕੇ ਕੋਈ ਨਾਂ ਦੇਵੇਗਾ। ਪਰ ਉਹ ਮੈਨੂੰ ਖੂਹ ਵਾਲੇ ਘਰ 'ਚ ਲੈ ਗਿਆ। ਖੇਤਾਂ 'ਚ ਖੂਹ ਦੇ ਲਾਗੇ ਇਕ ਕੱਚਾ ਜਿਹਾ ਘਰ ਸੀ, ਤੇ ਉਥੇ ਖਾਸ ਮਹਿਮਾਨਾਂ ਦੇ ਠਹਿਰਣ ਦਾ ਸ਼ਾਇਦ ਗੈਸਟਹਾਊਸ ਬਣਿਆ ਹੋਇਆ ਸੀ। ਮੈਨੂੰ ਫੇਰ ਆਪਣੀ ਔਕਾਤ ਦਾ ਅਹਿਸਾਸ ਹੋਇਆ, ਤੇ ਦਿਲ 'ਚ ਜਿਹੜੀ ਰੋਸ਼ਨੀ ਦੀ ਲੀਕ ਉਠੀ ਸੀ ਉਹ ਫੇਰ ਨਫਰਤ 'ਚ ਬਦਲ ਗਈ। ਨਾ ਉਸ ਦੇ ਘਰੋਂ ਕੋਈ ਮੈਨੂੰ ਮਿਲਣ ਆਇਆ ਤੇ ਨਾ ਉਹ ਮੈਨੂੰ ਘਰ ਲੈ ਕੇ ਗਿਆ। ਸ਼ਾਇਦ ਲੋਕ ਕਹਿੰਦੇ ਹੋਣਗੇ ਵਲੈਤੋਂ ਕੋਈ ਕੰਜਰੀ ਆਈ ਹੋਈ ਹੈ।

ਅਸੀਂ ਸਾਰਾ ਪੰਜਾਬ ਘੁੰਮੇ। ਹਰਮਿੰਦਰ ਸਾਹਿਬ ਵੀ ਗਏ। ਆਉਣ ਤੋਂ ਇਕ ਦਿਨ ਪਹਿਲਾਂ ਮੈਂ ਅਮਨ ਨੂੰ ਲੈ ਕੇ ਪਿੰਡ ਦੇ ਗੁਰਦਵਾਰੇ 'ਚ ਮੱਥਾ ਟੇਕਣ ਗਈ। ਮੇਰੇ ਨਾਲ ਘਰ ਦੀ ਸਫਾਈ ਕਰਨ ਵਾਲੀ ਜਮਾਂਦਾਰਨੀ ਵੀ ਸੀ ਜੋ ਅਮਨ ਨੂੰ ਹਰ ਵੇਲੇ ਗੋਦੀ ਚੁਕ ਕੇ ਮੇਰੇ ਨਾਲ ਚਲਦੀ ਸੀ।

''ਆਹ ਕਾਕਾ ਜੀ ਕੌਣ ਨੇ ਭਾਈ. . .?'' ਗ੍ਰੰਥੀ ਨੇ ਨੌਕਰਾਣੀ ਨੂੰ ਪੁਛਿਆ।

''ਵਲੈਤੋਂ 'ਛੋਟੀ ਸਰਦਾਰਨੀ' ਜੀ ਆਏ ਨੇ ਭਾਈ ਜੀ, ਆਹ ਕਾਕਾ ਉਨ੍ਹਾਂ ਦਾ ਹੀ ਹੈ. . .।'' ਆਖ ਕੇ ਉਸ ਨੇ ਬਾਬਾ ਜੀ ਅੱਗੇ ਮੱਥਾ ਟੇਕਿਆ।

ਮੇਰੀਆਂ ਭੁੱਬਾਂ ਨਿਕਲ ਗਈਆਂ।

ਮੈਂ ਜਮਾਂਦਾਰਨੀ ਦੇ ਗਲ ਲੱਗ ਕੇ ਫੁੱਟ ਫੁੱਟ ਕੇ ਰੋ ਪਈ। ਜਿਵੇਂ ਸਾਲਾਂ ਦੀ ਬੱਧੀ ਵੇਦਨਾ ਹੰਝੂਆਂ ਦੇ ਹੜ੍ਹ 'ਚ ਵਹਿ ਤੁਰੀ ਸੀ। ਅਮਨ ਦੇ ਪੈਦਾ ਹੋਣ ਤੋਂ ਬਾਅਦ ਅੱਜ ਮੈਂ ਪਹਿਲੀ ਵਾਰ ਰੋਈ ਸੀ।

''ਬੱਸ ਕਰੋ ਸਰਦਾਰਨੀ ਜੀ, ਸਾਨੂੰ ਕਿਹੜਾ ਪਤਾ ਨੀਂ। ਸਭ ਸਮਝਦੇ ਆਂ, ਪਰ ਕਹਿ ਨਹੀਂ ਸਕਦੇ। ਅਖੇ ਵੱਡੇ ਬੰਦਿਆਂ ਦੀਆਂ ਵੱਡੀਆਂ ਗੱਲਾਂ. . .। ਅਸੀਂ ਕਮੀਨ ਹੋਏ, ਪਰ ਪਤਾ ਸਭ ਕਾਸੇ ਦਾ ਐ। ਜੱਟ ਹੱਥ ਆਈ ਤੀਵੀਂ ਤੇ ਜ਼ਮੀਨ ਕਦੇ ਨੀਂ ਛੱਡਦਾ। ਮੌਕਾ ਮਿਲੇ ਤਾਂ ਦੂਜੇ ਦੀ ਵੀ ਸਾਂਭ ਲੈਂਦੈ। ਭਲਾ ਦਾਈਆਂ ਤੋਂ ਢਿੱਡ ਲੁਕੇ ਨੇ। ਮੈਂ ਕਿਉਂ ਝੂਠ ਬੋਲਾਂ. ਮਹਾਰਾਜ ਦੇ ਘਰ 'ਚ ਖੜ੍ਹੀ ਆਂ. . .।'' ਪਤਾ ਨਹੀਂ ਉਹ ਕੀ ਕੀ ਬੋਲਦੀ ਰਹੀ ਪਰ ਮੇਰੇ ਕੰਨਾਂ 'ਚ ਸਿਰਫ 'ਛੋਟੀ ਸਰਦਾਰਨੀ' ਲਫਜ਼ ਹੀ ਗੂੰਜ ਰਿਹਾ ਸੀ। ਜਿਵੇਂ ਜ਼ਿੰਦਗੀ ਦੇ ਸਾਰੇ ਉਲਾਂਭੇ ਲਹਿ ਗਏ ਸੀ ਤੇ ਉਸੇ ਵੇਲੇ ਮੈਂ ਫੈਸਲਾ ਕਰ ਲਿਆ ਸੀ ਕਿ ਮੈਂ ਆਪਣੇ ਪੁੱਤਰ ਨੂੰ ਸਿੰਘ ਸਜਾਵਾਂਗੀ। ਰੱਬ ਦੇ ਘਰ 'ਚ ਪਹਿਲੀ ਵਾਰ ਕਿਸੇ ਨੇ ਮੈਨੂੰ ਪਹਿਚਾਣਿਆ ਸੀ।

# ਅੱਤਵਾਦੀ ਦੀ ਮਾਸ਼ੂਕ

**ਅੱਜ** ਫੇਰ ਅਖਬਾਰਾਂ ਵਿਚ ਤੇਰੀ ਤਸਵੀਰ ਛਪੀ ਹੈ। ਅੱਜ ਤੋਂ ਪੰਜ ਸਾਲ ਪਹਿਲਾਂ ਵੀ ਪੰਜਾਬ ਦੇ ਸਾਰੇ ਅਖਬਾਰਾਂ ਵਿਚ ਤੇਰੀ ਤਸਵੀਰ ਛਪੀ ਸੀ। ਕਿੰਨਾ ਫਰਕ ਹੈ ਦੋਹਾਂ ਤਸਵੀਰਾਂ ਵਿਚ। ਪੰਜ ਸਾਲ ਪਹਿਲਾਂ ਦੀ ਤਸਵੀਰ ਵਿਚ ਤੇਰੇ ਗਲ 'ਚ ਗੋਲਡ ਮੈਡਲ ਪਾਇਆ ਹੋਇਆ ਸੀ ਤੇ ਤੂੰ ਪੰਜਾਬ ਦਾ ਸ੍ਰਵਉਤਮ ਐਥਲੀਟ ਚੁਣਿਆ ਗਿਆ ਸੀ ਤੇ ਸ਼ਾਇਦ ਤੂੰ ਪੰਜਾਬ ਲਈ ਬਾਹਰ ਖੇਡਣ ਗਿਆ ਸੀ। ਤੂੰ ਸਿਰਫ਼ ਕਾਲਜ ਦਾ, ਸ਼ਹਿਰ ਦਾ ਜਾਂ ਜ਼ਿਲੇ ਦਾ ਹੀ ਨਹੀਂ ਸਗੋਂ ਪੂਰੀ ਯੂਨੀਵਰਸਿਟੀ ਦਾ ਨਾਂ ਉਚਾ ਕੀਤਾ ਸੀ। ਪ੍ਰਿੰਸੀਪਲ ਸਾਹਿਬ ਤੇ ਹੋਰ ਪ੍ਰੋਫੈਸਰ ਤੇਰੇ ਤੇ ਮਾਣ ਕਰਦੇ ਸੀ। ਮੁੰਡੇ ਤੇਰੀ ਦੋਸਤੀ ਨੂੰ ਆਪਣੀ ਸ਼ਾਨ ਸਮਝਦੇ ਸੀ ਤੇ ਕੁੜੀਆਂ ਸ਼ਾਇਦ ਮੇਰੇ ਤੋਂ ਸਿਵਾ ਸਾਰੀਆਂ ਤੈਨੂੰ ਬਾਈ ਕਹਿ ਕੇ ਬਲਾਉਂਦੀਆਂ ਸਨ, ਕਿਉਂਕਿ ਤੇਰਾ ਵਿਅਕਤੀਤਵ ਹੀ ਅਜਿਹਾ ਸੀ ਸਾਫ ਸੁਥਰਾ। ਗੋਰਾ ਰੰਗ, ਉਚਾ ਲੰਮਾ ਕੱਦ, ਪਵਿੱਤਰ ਜਿਹੀਆਂ ਅੱਖਾਂ ਗੰਗਾ ਜਲ ਵਰਗੀਆਂ ਤੇ ਤੇਰੀ ਨਿਰਦੋਸ਼ ਜਿਹੀ ਮੁਸਕਾਣ। ਫੇਰ ਉਪਰੋਂ ਤੇਰੀ ਬੋਲ ਚਾਲ। ਬਦੋਬਦੀ ਲੋਕਾਂ ਦੀ ਸ਼ਰਧਾ ਤੇਰੇ ਵਿਚ ਹੋ ਜਾਂਦੀ ਸੀ। ਕਈ ਕੁੜੀਆਂ ਤੈਨੂੰ ਦਿਲੋਂ ਚਾਹੁੰਦੀਆਂ ਹੋਣਗੀਆਂ ਪਰ ਤੇਰੀ ਸਖਸ਼ੀਅਤ ਨੂੰ ਵੇਖ ਕੇ ਸ਼ਾਇਦ ਕਿਸੇ ਦੀ ਹਿੰਮਤ ਨਹੀਂ ਪੈਂਦੀ ਸੀ ਕਿ ਤੈਨੂੰ ਆਪਣੇ ਦਿਲ ਦੀ ਗੱਲ ਕਹਿ ਸਕੇ। ਪਰ ਮੇਰੀ ਗੱਲ ਹੋਰ ਸੀ। ਮੈਂ ਤੇਰੀ ਬਚਪਨ ਦੀ ਸਹੇਲੀ ਸੀ ਜਾਂ ਕਹਿ ਲਉ ਕਿਸੇ ਪਿਛਲੇ ਜਨਮ ਦੀ ਸਾਥਣ। ਆਪਾਂ ਇਕੱਠੇ ਸਕੂਲ ਗਏ, ਫੱਟੀਆਂ ਪੋਚੀਆਂ, ਕਾਇਦੇ ਪਾੜੇ, ਸਲੇਟਾਂ ਤੋੜੀਆਂ ਤੇ ਇਕ ਦੂਜੇ ਦੇ ਜੂੰਡੇ ਪੁੱਟੇ। ਤੇਰੀ ਮੇਰੀ ਕਦੇ ਨਹੀਂ ਸੀ ਬਣੀ ਪਰ ਜਿਸ ਦਿਨ ਤੂੰ ਸਕੂਲ ਨਹੀਂ ਸੀ ਆਉਂਦਾ ਮੇਰਾ ਵੀ ਢਿੱਡ ਦੂਖਣ ਲੱਗ ਪੈਂਦਾ ਸੀ ਤੇ ਜਿਸ ਦਿਨ ਮੈਂ ਗੈਰ ਹਾਜ਼ਰ ਹੁੰਦੀ ਸੀ ਉਸ ਦਿਨ ਤੂੰ ਵੀ ਸਕੂਲ ਦੀ ਕੰਧ ਟੱਪਣ ਲਗਿਆਂ ਦੇਰ ਨਹੀਂ ਸੀ ਲਾਉਂਦਾ। ਮੈਨੂੰ ਯਾਦ ਹੈ ਤੀਆਂ 'ਚ ਮੁੰਡੇ ਪਿੱਪਲਾਂ ਤੇ ਪਈਆਂ ਪੀਂਘਾਂ ਬਲੇਡ ਲੈ ਕੇ ਡੁੱਕ ਦਿੰਦੇ ਸੀ ਪਰ ਤੇਰੀ ਤੇ ਮੇਰੀ ਪੀਂਘ ਇਕੋ ਡਾਹਣੀ ਤੇ ਹੁੰਦੀਆਂ ਤੇ ਤੇਰੇ ਡਰੋਂ ਮੁੰਡੇ ਮੇਰੀ ਪੀਂਘ ਨੂੰ ਹੱਥ ਨਾ ਪਾਉਂਦੇ। ਸ਼ਾਮ ਨੂੰ ਮੁਹੱਲੇ 'ਚ ਖੇਡਦੇ ਸਮੇਂ ਕਿੰਨੀ ਵਾਰੀ ਤੂੰ ਮੇਰੇ ਘਸੁੰਨ ਮੁੱਕੇ ਮਾਰੇ ਸੀ ਮੈਨੂੰ ਯਾਦ ਨਹੀਂ ਪਰ ਹਾਂ ਇਕ ਵਾਰੀ ਲੁਕਣ ਮੀਟੀ ਸਮੇਂ ਮੈਂ ਤੇਰੇ ਲੁਕਣ ਦੀ ਥਾਂ ਫੜਨ ਵਾਲੇ ਮੁੰਡੇ ਨੂੰ ਦੱਸ ਦਿਤੀ ਸੀ ਤੇ ਤੂੰ ਗੁੱਸੇ 'ਚ ਆ ਕੇ ਮੇਰੇ ਮੋਢੇ ਤੇ ਦੰਦੀ ਵੱਢੀ ਸੀ। ਮੈਂ ਤੇਰੇ ਲੰਬੇ ਵਾਲਾਂ ਨੂੰ ਪੈ ਗਈ ਸੀ।

ਤੇਰੇ ਵਾਲ ਬਹੁਤ ਲੰਬੇ ਸੀ ਤੇ ਮੈਂ ਵਾਹ ਲਗਦੀ ਤੇਰੇ ਜੂੜੇ ਨੂੰ ਹੀ ਹੱਥ ਪਾਉਂਦੀ ਹੁੰਦੀ ਸੀ। ਫੇਰ ਆਪਣੀਆਂ ਮਾਵਾਂ ਅੱਧੀ ਰਾਤ ਤਕ ਮਹਾਂਭਾਰਤ ਕਰਦੀਆਂ ਰਹੀਆਂ ਪਰ ਆਪਾਂ ਦੂਜੇ ਦਿਨ ਵੀ ਇਕੱਠੇ ਹੀ ਸਕੂਲ ਗਏ ਸੀ।

ਖੈਰ ਮੈਂ ਤੇਰੀ ਤਸਵੀਰ ਦੀ ਗੱਲ ਕਰ ਰਹੀ ਸੀ। ਅੱਜ ਦੀ ਤਸਵੀਰ 'ਚ ਤੇਰੇ ਗਲੇ 'ਚ ਕੋਈ ਗੋਲਡ ਮੈਡਲ ਨਹੀਂ ਹੈ, ਸਗੋਂ ਤਸਵੀਰ ਦੇ ਨੀਚੇ ਤੇਰੇ ਸਿਰ ਦਾ ਮੁਲ ਲਿਖਿਆ ਹੋਇਆ ਹੈ। ਦੋ ਤਿੰਨ ਹੋਰ ਨੌਜਵਾਨਾਂ ਨਾਲ ਤੈਨੂੰ ਵੀ ਇਸ਼ਤਿਹਾਰੀ ਅੱਤਵਾਦੀ ਗਰਦਾਨਿਆ ਗਿਆ ਹੈ ਤੇ ਤੇਰਾ ਪਤਾ ਦੱਸਣ ਵਾਲੇ ਨੂੰ ਵੀਹ ਹਜ਼ਾਰ ਰੁਪਿਆ ਇਨਾਮ ਰਖਿਆ ਗਿਆ ਹੈ। ਮੈਨੂੰ ਕੋਈ ਹੈਰਾਨੀ ਨਹੀਂ ਹੋਈ। ਮੈਂ ਟਰੰਕ ਵਿਚੋਂ ਤੇਰੀ ਪੁਰਾਣੀ ਤਸਵੀਰ ਕੱਢ ਕੇ ਵੇਖਦੀ ਹਾਂ। ਦੋਹਾਂ 'ਚ ਕੋਈ ਫਰਕ ਨਹੀਂ ਲਗਦਾ। ਪਹਿਲਾਂ ਤੂੰ ਪੰਜਾਬ ਦੀ ਸ਼ਾਨ ਕਹਿਲਾਇਆ ਸੀ ਤੇ ਹੁਣ ਇਕ ਬਦਨੁਮਾ ਧੱਬਾ। ਉਂਝ ਨਾਮ ਤਾਂ ਤੇਰਾ ਪ੍ਰੀਤਮ ਪਾਲ ਸਿੰਘ ਹੈ ਪਰ ਅਖਬਾਰ ਵਾਲਿਆਂ ਨੇ ਤੈਨੂੰ ਅੱਤਵਾਦੀ 'ਪਾਲਾ' ਦੱਸਿਆ ਹੈ। ਸਮਝ ਨਹੀਂ ਆਉਂਦੀ ਕਿ ਦਿੱਲੀ ਦੇ ਭਰੇ ਬਾਜ਼ਾਰ ਵਿਚ ਤੂੰ ਗੰਨਮੈਨਾਂ ਦੇ ਪਹਿਰੇ ਹੇਠਾਂ ਬੈਂਕ ਕਿਵੇ ਲੁਟ ਲਿਆ? ਮੈਨੂੰ ਯਾਦ ਹੈ ਇਕ ਦਿਨ ਪਿੰਡੋਂ ਕਾਲਜ ਜਾਂਦੇ ਸਮੇਂ ਬੱਸ ਕੰਡਕਟਰ ਨੇ ਕਿਸੇ ਬੁੱਢੀ ਮਾਈਂ ਕੋਲੋਂ ਦਸ ਪੈਸੇ ਵਧ ਲੈ ਲਏ ਸੀ ਤੇ ਤੂੰ ਮਰਨ ਮਾਰਨ ਤੇ ਉਤਰ ਆਇਆ ਸੀ, ''ਉਏ ਲੁਟੇਰਿਓ, ਆਪਣੀਆਂ ਹੀ ਮਾਵਾਂ ਭੈਣਾ ਨੂੰ ਲੁੱਟਦੇ ਓ. . .! ਏਸ ਮੁਲਕ ਦਾ ਫੇਰ ਕੀ ਬਣਨੈ, ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਜਾਵੇ। ਸਾਲਿਓ. . .ਕੋਈ ਤਾਂ ਕਰੈਕਟਰ ਹੁੰਦੈ ਬੰਦੇ ਦਾ. . .।'' ਮਸੀਂ ਤੇਰੇ ਆੜੀਆਂ ਨੇ ਤੈਨੂੰ ਚੁੱਪ ਕਰਾਇਆ ਸੀ।

ਜ਼ਿੰਦਗੀ ਆਰਾਮ ਨਾਲ ਚੱਲ ਰਹੀ ਸੀ। ਕਲਾਸ ਦਰ ਕਲਾਸ ਅਸੀਂ ਉਚੇ ਹੁੰਦੇ ਜਾ ਰਹੇ ਸੀ ਤੇ ਸਾਡੇ ਸੁਪਨੇ ਵੀ ਜਵਾਨ ਹੋ ਰਹੇ ਸੀ। ਭਾਵੇਂ ਆਮ ਲੱਚਰ ਆਸ਼ਕਾਂ ਵਾਂਗ ਅਸੀਂ ਬਦਨਾਮ ਤਾਂ ਨਹੀਂ ਸੀ ਹੋਏ ਪਰ ਸਾਡੇ ਇਸ਼ਕ ਦੀ ਗੱਲ ਹੁਣ ਕਿਸੇ ਤੋਂ ਛੁਪੀ ਨਹੀਂ ਸੀ। ਮੁੰਡੇ ਕਈ ਵਾਰੀ ਮੈਨੂੰ ਸਰਦਾਰਨੀ ਕਹਿ ਕੇ ਛੇੜ ਦਿੰਦੇ ਪਰ ਪਤਾ ਨਹੀਂ ਕਿਉਂ ਗੁੱਸੇ ਦੀ ਥਾਂ ਮੈਨੂੰ ਪਿਆਰ ਆਉਂਦਾ ਸੀ ਤੇ ਮੈਂ ਮੁਸਕਰਾ ਪੈਂਦੀ ਸੀ। ਮੇਰੀਆਂ ਕਵਿਤਾਵਾਂ ਤੇਰੇ ਨਾਂ ਹੁੰਦੀਆਂ ਪਰ ਤੇਰਾ ਸ਼ਾਇਦ ਕਵਿਤਾ ਨਾਲ ਦੂਰ ਦਾ ਵੀ ਰਿਸ਼ਤਾ ਨਹੀਂ ਸੀ। ਤੂੰ ਤਾਂ ਬਸ ਰੋਜ਼ ਹੀ ਨਵੀਆਂ ਟਰਾਫੀਆਂ, ਨਵੇਂ ਕੱਪ ਤੇ ਮੈਡਲ ਜਿੱਤਣ 'ਤੇ ਲੱਕ ਬੰਨ੍ਹਿਆ ਹੋਇਆ ਸੀ।

''ਤੂੰ ਕੀ ਕਰੇਂਗਾ ਏਨੇ ਕੱਪ ਤੇ ਮੈਡਲ?'' ਮੈਂ ਕਈ ਵਾਰੀ ਤੇਰੀਆਂ ਗ਼ੈਰ ਹਾਜ਼ਰੀਆਂ ਤੋਂ ਉਕਤਾ ਜਾਂਦੀ ਸੀ।

''ਦੇਖ ਮੀਨਾ. . .ਤੈਨੂੰ ਪਤੈ ਮੈਂ ਆਪਣੇ ਮਾਪਿਆਂ ਦਾ ਇਕੱਲਾ ਪੁੱਤ ਹਾਂ। ਉਨ੍ਹਾਂ ਦਾ ਇਕਲੋਤਾ ਸੁਪਨਾ. . .। ਆਪਣੀਆਂ ਦੋ ਛੋਟੀਆਂ ਭੈਣਾ ਦੀ ਇਕੱਲੀ ਉਮੀਦ. . .। ਤੈਨੂੰ ਪਤੈ ਮੇਰੇ ਬਾਪੂ ਨੇ ਕਿਵੇਂ ਮਿਹਨਤ ਕਰਕੇ ਮੈਨੂੰ ਪੜ੍ਹਾਇਐ। ਮੇਰੀ ਮਾਂ ਨੇ ਦਿਨ ਰਾਤ ਦਰੀਆਂ ਤੇ ਖੇਸ ਬੁਣੇ ਨੇ ਤੇ ਤਾਰਿਆਂ ਦੀ ਲੋਅ 'ਚ ਚਰਖੇ ਕੱਤੇ ਨੇ. . .। ਮੇਰੇ ਬਾਪੂ ਦਾ ਸੁਪਨਾ ਹੈ ਕਿ ਮੈਂ ਕੈਪਟਨ ਬਣਾ, ਮੇਜਰ ਬਣਾ ਤੇ ਆਪਣੇ ਦੇਸ਼ ਦਾ ਨਾਓਂ ਉਚਾ ਕਰਾਂ। ਨਾਲੇ ਜੇ ਕਿਤੇ ਮੈਂ ਚੰਗਾ ਅਫਸਰ ਲੱਗ ਗਿਆ ਮੀਨਾ, ਤਾਂ ਆਪਣੀਆਂ ਭੈਣਾ ਦੇ ਵਿਆਹ ਵੀ ਚੰਗੇ ਪੜ੍ਹੇ ਲਿਖੇ ਮੁੰਡਿਆਂ ਨਾਲ ਕਰਾਗਾ। ਉਨ੍ਹਾਂ ਨੂੰ ਪੜ੍ਹਾਵਾਂਗਾ। ਤੈਨੂੰ ਨਹੀਂ ਖੁਸ਼ੀ ਹਊ ਜਦੋਂ ਮੈਂ ਲਾਹੌਰ 'ਤੇ ਤਰੰਗਾ ਝੰਡਾ ਗੱਡ ਕੇ ਆਊਂ. . .?'' ਤੂੰ ਆਪਣੀ ਗੁੜ ਨਾਲੋਂ ਮਿੱਠੀ

ਮੁਸਕਾਨ ਨਾਲ ਮੈਨੂੰ ਮੋਹਿਤ ਕਰ ਲਿਆ ਸੀ।

''ਹਾਂ. . .ਮੈਂ ਵੀ ਸੋਚਦੀ ਹਾਂ ਪਾਲੀ. . .ਜੇ ਤੂੰ ਕਿਤੇ ਚੰਗੀ ਨੌਕਰੀ ਤੇ ਲਗ ਜਾਵੇਂ ਤਾਂ ਆਪਾਂ. . .ਮੇਰਾ ਮਤਲਬ ਹੈ ਮੇਰੇ ਮਾਂ ਬਾਪ ਆਪਣੇ ਵਿਆਹ ਲਈ ਮੰਨ ਜਾਣਗੇ. . .ਆਪਣਾ ਧਰਮ ਰਸਤੇ ਵਿਚ ਨਹੀਂ ਆਵੇਗਾ। ਮੈਂ ਕਹਿ ਸਕਾਂਗੀ. . .ਤੁਹਾਨੂੰ ਘਰ ਬੈਠਿਆਂ ਨੂੰ ਹੀਰਾ ਮਿਲ ਰਿਹੈ, ਹੋਰ ਕੀ ਭਾਲਦੇ ਹੋ. . .।'' ਮੈਂ ਸ਼ਰਮ ਨਾਲ ਗਰਕ ਹੁੰਦੀ ਜਾ ਰਹੀ ਸੀ ਪਰ ਪਤਾ ਨਹੀਂ ਕਿਵੇਂ ਇਹ ਗੱਲ ਮੇਰੇ ਤੋਂ ਕਹਿ ਹੋ ਗਈ ਸੀ।

''ਕੀ ਕਿਹੈ ਤੂੰ ਮੀਨਾ? ਤੂੰ ਮੇਰੇ ਨਾਲ ਵਿਆਹ ਕਰਵਾਵੇਂਗੀ? ਬੱਲੇ ਨੀ ਪੰਜਾਬ ਦੀਏ ਸ਼ੇਰ ਬੱਚੀਏ. . .। ਮੈਂ ਤਾਂ ਸੋਚਿਆ ਸੀ ਬਈ ਤੇਰਾ ਪਿਆਰ ਲਾਲਿਆਂ ਵਾਲਾ ਹੋਣੈ। ਡੋਲੀ ਚੜ੍ਹਦੀ ਕਹਿ ਦੇਵੇਂਗੀ. . .'ਤੇਰੀ ਦੁਨੀਆਂ ਸੇ ਦੂਰ, ਚਲੇ ਹੋ ਕੇ ਮਜਬੂਰ. . .,' ਪਰ ਤੂੰ ਤਾਂ ਯਾਰ ਕਮਾਲ ਈ ਕਰਤੀ।'' ਕਹਿੰਦਿਆਂ ਤੂੰ ਮੈਨੂੰ ਆਪਣੀਆਂ ਬਾਹਾਂ 'ਚ ਚੁੱਕ ਕੇ ਹਵਾ ਵਿਚ ਉਛਾਲ਼ ਦਿਤਾ ਸੀ।

''ਪਰ ਮੰਨ ਲੈ ਜੇ ਮੈਂ ਕੋਈ ਚੰਗੀ ਨੌਕਰੀ ਨਾ ਲੱਭ ਸਕਿਆ ਤਾਂ ਵੀ ਕੀ ਤੇਰੇ ਘਰ ਦੇ ਮੰਨ ਜਾਣਗੇ. . .?'' ਤੇਰੇ ਅੰਦਰ ਸ਼ੱਕ ਦੇ ਨਾਗ ਨੇ ਸਿਰ ਉਠਾਇਆ ਸੀ।

''ਨਹੀਂ ਪਾਲੀ. . .ਤੈਨੂੰ ਪਤੈ ਉਹ ਮੈਨੂੰ ਸਵਰਗ ਦੇ ਕਿਸੇ ਦੇਵਤੇ ਨਾਲ ਵਿਆਹੁਣਾ ਚਾਹੁੰਦੇ ਨੇ। ਪਰ ਮੇਰਾ ਸਵਰਗ ਤਾਂ ਤੂੰ ਹੈਂ ਤੇ ਸ਼ਾਇਦ ਮੇਰਾ ਦੇਵਤਾ ਵੀ। ਮੈਨੂੰ ਪਤੈ ਮੈਂ ਕੀ ਕਰਨੈ। ਜੇ ਉਹ ਨਾ ਮੰਨੇ ਤਾਂ ਮੈਂ ਤੇਰੇ ਨਾਲ ਘਰੋਂ ਨੱਸ ਜਾਵਾਂਗੀ ਤੇ ਆਪਾਂ ਕਿਤੇ ਦੂਰ ਜਾ ਕੇ ਆਪਣੀ ਦੁਨੀਆਂ ਵਸਾ ਲਵਾਂਗੇ। ਆਪੇ ਮੰਨ ਜਾਣਗੇ ਧੱਕੇ ਖਾ ਕੇ. . .।'' ਮੈਂ ਤੇਰੇ ਕੰਨ ਵਿਚ ਹੌਲੀ ਜਿਹੀ ਕਿਹਾ ਸੀ।

''ਕੀ. . .?'' ਤੂੰ ਜਿਵੇਂ ਆਕਾਸ਼ੋਂ ਜ਼ਮੀਨ ਤੇ ਆ ਗਿਰਿਆ ਸੀ। ''ਕਿਹੋ ਜਿਹੀ ਘਟੀਆ ਗੱਲ ਕੀਤੀ ਹੈ ਤੂੰ ਮੀਨਾ. . .ਮੈਨੂੰ ਤੇਰੇ ਤੋਂ ਅਜਿਹੇ ਹਲਕੇਪਣ ਦੀ ਉਮੀਦ ਨਹੀਂ ਸੀ। ਤੂੰ ਕੀ ਸਮਝਦੀ ਹੈਂ ਮੈਂ ਅਜਿਹਾ ਘਟੀਆ ਆਦਮੀ ਹਾਂ ਜੋ ਏਨਾ ਨੀਚ ਕੰਮ ਕਰਾਂਗਾ? ਤੂੰ ਆਪਣੇ ਪਿਓ ਤੇ ਭਰਾ ਦੀ ਇੱਜ਼ਤ ਵਲ ਵੇਖ। ਮੈਂ ਕੋਈ ਰਾਵਨ ਜਾਂ ਪ੍ਰਿਥਵੀ ਰਾਜ ਚੌਹਾਨ ਨਹੀਂ ਜੋ ਕਿਸੇ ਦੀ ਧੀ ਭੈਣ ਨੂੰ ਚੁੱਕ ਕੇ ਲੈ ਜਾਊਂ. . .।'' ਤੂੰ ਸ਼ਾਇਦ ਬਹੁਤ ਜ਼ਿਆਦਾ ਭੱਖ ਗਿਆ ਸੀ।

''ਨਹੀਂ ਪਾਲੀ. . .ਮੇਰਾ ਕਹਿਣ ਦਾ ਮਤਲਬ ਇਹ ਨਹੀਂ ਸੀ. . .।'' ਮੈਂ ਆਪਣੀ ਸਫਾਈ ਦੇਣੀ ਚਾਹੀ ਸੀ।

''ਉਏ ਛੱਡ ਪਰ੍ਹਾਂ. . .ਕੀ ਬਾਣੀਆਂ ਵਾਂਗੂ 'ਭੈਣ ਜੀ ਭੈਣ ਜੀ' ਲਾਅ ਰਖੀ ਹੈ। ਤੂੰ ਮੇਰੇ ਨਾਲ ਸਰਦਾਰਾਂ ਵਾਲੀ ਗੱਲ ਕਰ। ਨੌਕਰੀ ਕੀ ਮੈਂ ਤੇਰੇ ਵਾਸਤੇ ਦੁਨੀਆਂ ਖਰੀਦ ਦਿਊਂ. . .ਸ਼ੇਰਨੀ ਬਣ ਸ਼ੇਰਨੀ। ਜੇ ਯਾਰੀ ਲਾਈ ਹੈ ਤਾਂ ਫੇਰ ਡਰਦੀ ਕਿਉਂ ਐਂ. . .?'' ਤੂੰ ਠੇਠ ਪੇਂਡੂ ਢੰਗ 'ਚ ਬੋਲਿਆ ਸੀ ਤੇ ਫੇਰ ਆਪਾਂ ਉੱਚੀ ਉੱਚੀ ਹੱਸ ਪਏ ਸੀ।

ਫੇਰ ਪਤਾ ਨੀਂ ਕੀ ਹੁੰਦਾ ਚਲਾ ਗਿਆ ਸੀ। ਤੇਰੀ ਢਾਣੀ ਦਾ ਕੋਈ ਮੁੰਡਾ ਝੂਠੇ ਪੁਲਸ ਮੁਕਾਬਲੇ ਵਿਚ ਮਾਰਿਆ ਗਿਆ ਸੀ। ਉਹ ਪਿੰਡ ਦਾ ਸਿਰਕੱਢ ਮੁੰਡਾ ਸੀ ਤੇ ਚੰਗਾ ਖਾੜਕੂ ਵੀ। ਪੁਲਸੀਏ ਉਹਨਾਂ ਦੇ ਕਾਮਿਆਂ ਦੀ ਕੁੜੀ ਨੂੰ ਚੁੱਕ ਕੇ ਲੈ ਗਏ ਸੀ। ਮੁੰਡੇ ਨੇ ਵਿਰੋਧ ਕੀਤਾ, ਜ਼ਰਾ ਆਵਾਜ਼ ਉਠਾਈ ਸੀ ਤਾਂ ਪੁਲਸ ਵਾਲਿਆਂ ਨੇ ਅੱਤਵਾਦੀ ਕਹਿਕੇ ਤੇ ਕੁੜੀ ਦੀ ਇੱਜ਼ਤ ਲੁਟਣ ਦਾ ਕੇਸ ਬਣਾ ਕੇ ਮਾਰ ਸੁੱਟਿਆ। ਤੇਰੇ ਤਾਂ ਜਿਵੇਂ ਅੰਦਰ ਬਾਹਰ ਅੱਗ

ਲੱਗ ਗਈ ਸੀ। ਕਾਲਜ ਵਿਚ ਹੜਤਾਲਾਂ ਹੋਈਆਂ। ਨਾਅਰੇਬਾਜ਼ੀ ਹੋਈ, ਜ਼ਿੰਦਾਬਾਦ ਮੁਰਦਾਬਾਦ ਕਈ ਦਿਨ ਚਲਦੀ ਰਹੀ। ਤੂੰ ਸਭ ਦਾ ਮੋਢੀ ਸੀ ਤੇ ਤੂੰ ਹੀ ਬਾਜ਼ਾਰ ਬੰਦ ਕਰਵਾਏ, ਕਾਲੀਆਂ ਦੀਵਾਲੀਆਂ ਮਨਾਈਆਂ ਤੇ ਅਖਬਾਰਾਂ 'ਚ ਰੌਲਾ ਪਾਇਆ। ਤੇਰੀ ਮਿਹਨਤ ਰੰਗ ਲਿਆਈ। ਦੋਸ਼ੀ ਬਰਖਾਸਤ ਤਾਂ ਨਹੀਂ ਹੋਏ ਪਰ ਦੂਰ ਦੁਰਾਡੇ ਬਦਲ ਦਿਤੇ ਗਏ। ਗੱਲ ਠੰਡੀ ਪੈ ਗਈ ਪਰ ਤੂੰ ਪੁਲਿਸ ਦੀਆਂ ਨਜ਼ਰਾਂ ਵਿਚ ਆ ਗਿਆ ਸੀ। ਦੋ ਮਹੀਨੇ ਵੀ ਨਹੀਂ ਸਨ ਪਏ ਜਦੋਂ ਤੇਰੇ ਘਰੋਂ ਪੁਲਿਸ ਨੇ ਅਫੀਮ ਫੜੀ ਸੀ ਤੇ ਤੇਰੀ ਮਾਂ ਤੇ ਭੈਣ ਨੂੰ ਜੇਲ੍ਹ ਵਿਚ ਧੱਕ ਦਿਤਾ ਸੀ। ਬਾਪੂ ਤਾਂ ਤੇਰਾ ਹਾਰਟ ਅਟੈਕ ਨਾਲ ਉਦੋਂ ਹੀ ਮਰ ਗਿਆ ਸੀ ਤੇ ਭੈਣਾ ਜਦੋਂ ਤਿੰਨ ਦਿਨਾਂ ਬਾਅਦ ਬਾਹਰ ਆਈਆਂ ਤਾਂ ਪਿੰਡ ਵਾਲਿਆਂ ਨੇ ਮੂੰਹ ਦੂਜੇ ਪਾਸੇ ਕਰ ਲਏ ਸੀ। ਪੁਲਿਸ ਤੈਨੂੰ ਫੜ ਕੇ ਲੈ ਗਈ। ਜੋ ਦੋ ਖੁੱਡਾਂ ਜ਼ਮੀਨ ਸੀ, ਤੇਰੇ ਮੁਕੱਦਮਿਆਂ ਤੇ ਲਗ ਗਈ। ਤੂੰ ਜੇਲ੍ਹ 'ਚੋਂ ਬਾਹਰ ਆਇਆ, ਕਈ ਬੈਂਕ ਡਕੈਤੀਆਂ 'ਚ ਤੇਰੇ ਵਾਰੰਟ ਕਟੇ ਤੇ ਫੇਰ ਸੁਣਿਆ ਤੂੰ ਮਸ਼ਹੂਰ ਅੱਤਵਾਦੀ 'ਪਾਲਾ' ਬਣ ਗਿਆ ਸੀ।

ਮੈਂ ਇਕ ਵਾਰ ਤੇਰੀ ਰੋ ਰੋ ਕੇ ਅੰਨ੍ਹੀ ਹੋਈ ਮਾਂ ਨਾਲ ਤੈਨੂੰ ਪਟਿਆਲੇ ਜੇਲ੍ਹ 'ਚ ਮਿਲਣ ਆਈ ਸੀ। ਤੂੰ ਤਾਂ ਬਿਲਕੁਲ ਵੀ ਨਹੀਂ ਸੀ ਬਦਲਿਆ, ਲੱਗਿਆ ਜਿਵੇਂ ਜੇਲ੍ਹ 'ਚ ਨਾ ਹੋਵੇਂ ਸਗੋਂ ਕਿਸੇ ਖੇਡ ਦੇ ਮੈਦਾਨ ਵਿਚ ਹੋਵੇਂ। ਤੂੰ ਮੈਨੂੰ ਦੇਖ ਕੇ ਜਾਣੀ ਪਹਿਚਾਣੀ ਮੁਸਕਾਣ ਛੱਡੀ ਸੀ। ਮੈਂ ਭੁੱਬਾਂ ਮਾਰ ਕੇ ਰੋ ਪਈ ਸੀ। ਤੂੰ ਕਿਹਾ ਸੀ, ''ਸ਼ੇਰਨੀ ਬਣ ਸ਼ੇਰਨੀ. . .। ਮੈਨੂੰ ਪਤੈ, ਤੂੰ ਜਾਣਦੀ ਹੈਂ ਕਿ ਮੇਰੇ ਤੇ ਲੱਗੇ ਸਾਰੇ ਇਲਜ਼ਾਮ ਝੂਠੇ ਨੇ। ਤੈਨੂੰ ਪਤੈ ਮੈਂ ਸੱਚ ਲਈ ਮਰ ਰਿਹਾ ਹਾਂ। ਮੈਂ ਕੋਈ ਅੱਤਵਾਦੀ ਨਹੀਂ ਹਾਂ. ਅਸਲੀ ਅੱਤਵਾਦੀ ਤਾਂ ਸਾਲੇ ਇਹ ਭੈਣ ਦੇ. . .ਆਪ ਨੇ'' ਮੈਂ ਤੇਰੇ ਮੂੰਹੋਂ ਪਹਿਲੀ ਵਾਰ ਗੰਦੀ ਗਾਲ੍ਹ ਸੁਣੀ ਸੀ।

''ਮੀਨਾ, ਜਿੰਨੇ ਵੀ ਮੁੰਡੇ ਮੇਰੇ ਨਾਲ ਸੀ ਮੇਰੇ ਵਰਗੇ, ਸਭ ਨੂੰ ਅੱਡ ਅੱਡ ਜੇਲ੍ਹਾਂ 'ਚ ਰਖਿਆ ਗਿਆ ਹੈ। ਸਭ 'ਤੇ ਹੀ ਝੂਠੇ ਕੇਸ ਪਾਏ ਨੇ ਇਹਨਾਂ ਪੁਲਸੀਆਂ ਨੇ। ਅਸੀਂ ਸਾਰੇ ਹੀ ਪੁਲਸ ਮੁਕਾਬਲਿਆਂ 'ਚ ਮਾਰੇ ਜਾਵਾਂਗੇ. . .ਝੂਠੇ ਮੁਕਾਬਲੇ. . .। ਸੱਚ ਝੂਠ ਲਈ ਮਰ ਜਾਵੇਗਾ। ਪਰ ਮੈਨੂੰ ਦੁੱਖ ਹੈ ਕਿ ਮੇਰੇ ਨਾਂ ਦੇ ਨਾਲ ਅੱਤਵਾਦ ਵਰਗਾ ਭਿਆਨਕ ਸ਼ਬਦ ਜੁੜ ਗਿਆ ਹੈ। ਮੇਰੇ ਪਿੰਡ ਦੇ ਲੋਕ ਇਹੀ ਸਮਝਣਗੇ ਕਿ ਮੈਂ ਇਕ ਡਾਕੂ ਹਾਂ, ਕਾਤਲ ਹਾਂ ਤੇ ਸ਼ਾਇਦ ਸਮਗਲਰ ਵੀ, ਪਰ ਵਾਹਿਗੁਰੂ ਨੂੰ ਪਤੈ ਮੀਨੂੰ ਕਿ ਅਸਲੀ ਅੱਤਵਾਦੀ ਕੌਣ ਨੇ। ਕੌਣ ਬੈਂਕਾਂ ਲੁਟਦੈ. . .ਕੌਣ ਹਿੰਦੂਆਂ ਨੂੰ ਮਾਰਦੈ ਤੇ ਕੌਣ ਸੱਚਾ ਫਾਂਸੀ ਚੜ੍ਹ ਰਿਹਾ ਹੈ। ਸ਼ਾਇਦ ਕੋਈ ਵੀ ਮੇਰੀ ਗੱਲ ਤੇ ਯਕੀਨ ਨਹੀਂ ਕਰੇਗਾ ਪਰ ਤੂੰ ਮੇਰੀ ਸਚਾਈ ਜਾਣਦੀ ਹੈਂ। ਤੂੰ ਤਾਂ ਮੇਰੀ ਜ਼ਿੰਦਗੀ ਹੈਂ ਮੀਨੂੰ। ਮੈਨੂੰ ਵਿਸ਼ਵਾਸ ਹੈ ਕਿ ਮੇਰੀ ਕੋਈ ਗ਼ਲਤ ਤਸਵੀਰ ਆਪਣੇ ਦਿਲ ਦੇ ਫਰੇਮ ਵਿਚ ਨਹੀਂ ਜੜੇਂਗੀ। ਪਤਾ ਨਹੀਂ ਇਸ ਹਨੇਰ ਦਾ ਅੰਤ ਕਦੋਂ ਹੋਵੇਗਾ ਪਰ ਸੁਣਿਐ ਹਰ ਰਾਤ ਦਾ ਅਖੀਰ ਸਵੇਰ ਹੁੰਦੈ। ਹੋ ਸਕਦੈ ਬੇਦੋਸ਼ਿਆਂ ਦਾ ਖ਼ੂਨ ਰੰਗ ਲਿਆਵੇ ਤੇ ਅੱਤਵਾਦ ਦੇ ਨਾਂ ਤੇ ਚੱਲ ਰਿਹਾ ਇਹ ਅੰਨ੍ਹਾ ਰਾਜ ਖਤਮ ਹੋ ਜਾਵੇ। ਤੂੰ ਉਦਾਸ ਤਾਂ ਨਹੀਂ ਕਿਤੇ. . .?'' ਜਿਵੇਂ ਤੈਨੂੰ ਇਕ ਦਮ ਖਿਆਲ ਆਇਆ ਹੋਵੇ ਕਿ ਹੁਣ ਤਕ ਤੂੰ ਮੇਰਾ ਹਾਲ ਨਹੀਂ ਪੁਛਿਆ ਸੀ।

''ਮੈਂ ਕਈ ਵਾਰੀ ਸੋਚਦੀ ਹਾਂ ਤੇਰੀ ਮਦਦ ਕਰਾਂ। ਮੈਂ ਕੁਝ ਕਰ ਸਕਦੀ ਹਾਂ ਤੇਰੇ ਲਈ ਪਾਲੀ. . .?'' ਮੈਂ ਗਿੱਲੀਆਂ ਪਲਕਾਂ ਉਪਰ ਚੁਕੀਆਂ ਸੀ। ਤੂੰ ਹੌਲੀ ਜਿਹੀ ਹੱਸਿਆ ਸੀ

ਜਿਵੇਂ ਕੋਈ ਅਣਹੋਣੀ ਕਹਿ ਦਿਤੀ ਹੋਵੇ।

"ਮੀਨਾ. . .ਗੱਲ ਤੈਨੂੰ ਸੁਣਨ ਵਿਚ ਭਾਵੇਂ ਚੰਗੀ ਨਾ ਲਗੇ. . .ਪਰ ਤੂੰ ਕਿਸੇ ਸਿੱਖ ਨਾਲ ਹੀ ਵਿਆਹ ਕਰਵਾਈਂ. ਮੈਨੂੰ ਪਤੈ ਮੈਂ ਤੇ ਤੂੰ ਕਦੇ ਮਿਲ ਨਹੀਂ ਸਕਾਂਗੇ। ਮੇਰਾ ਅੰਤ ਮੈਨੂੰ ਦਿਸ ਰਿਹਾ ਹੈ, ਪਰ ਮੇਰੇ ਮਰਨ ਨਾਲ ਸਾਰੇ ਸੱਚੇ ਤੇ ਸੁਚੇ ਸਿੱਖ ਨਹੀਂ ਮਰ ਜਾਣਗੇ। ਤੇਰਾ ਇਕ ਸਿੱਖ ਮੁੰਡੇ ਨਾਲ ਵਿਆਹ ਹਿੰਦੂ-ਸਿੱਖ ਏਕਤਾ ਦੀ ਮੂੰਹ ਬੋਲਦੀ ਮਿਸਾਲ ਹੋਵੇਗੀ ਤੇ. . .ਅੱਜ ਦੇ ਹਾਲਾਤ ਵਿਚ ਜਦੋਂ ਸਾਡੇ ਸਾਰੇ ਜੋੜ ਢਿਲੇ ਹੁੰਦੇ ਜਾ ਰਹੇ ਨੇ ਤਾਂ ਇਹੋ ਜਿਹੇ. . .।" ਮੈਂ ਤੇਰੇ ਮੂੰਹ ਅਗੇ ਹੱਥ ਰਖ ਦਿਤਾ ਸੀ। ਸ਼ਾਇਦ ਮੈਂ ਸਭ ਕੁਝ ਸਮਝ ਗਈ ਸੀ।

"ਮੈਨੂੰ ਪਤੈ ਮੀਨਾ ਤੂੰ ਇਕ ਬਹਾਦਰ ਕੁੜੀ ਹੈਂ, ਘਬਰਾਵੇਂਗੀ ਨਹੀਂ. . .।" ਤੇ ਫੇਰ ਸ਼ਾਇਦ ਤੂੰ ਮੈਨੂੰ ਸ਼ੇਰਨੀ ਕਿਹਾ ਸੀ।

ਉਸ ਦਿਨ ਤੋਂ ਬਾਅਦ ਮੈਂ ਤੈਨੂੰ ਕਦੇ ਨਹੀਂ ਮਿਲੀ। ਪਤਾ ਨਹੀਂ ਤੈਨੂੰ ਕਿਥੇ ਭੇਜ ਦਿਤਾ ਗਿਆ ਸੀ। ਥੋੜ੍ਹੇ ਦਿਨਾਂ ਬਾਅਦ ਤੇਰੀ ਮਾਂ ਪੂਰੀ ਹੋ ਗਈ ਸੀ। ਤੇਰੀਆਂ ਭੈਣਾ ਨੂੰ ਪੁਲਿਸ ਰੋਜ਼ ਕਿਸੇ ਨਾ ਕਿਸੇ ਬਹਾਨੇ ਥਾਣੇ ਫੜ ਕੇ ਲੈ ਜਾਂਦੀ ਹੈ।

ਤੇਰੇ ਨਾਲ ਆਖਰੀ ਮੁਲਾਕਾਤ ਤੋਂ ਛੇ ਮਹੀਨੇ ਬਾਅਦ ਮੈਂ ਅਖਬਾਰ ਰਾਹੀਂ ਮੈਟਰੀਮੋਨੀਅਲ ਕਢਵਾ ਕੇ ਇਕ ਸਰਦਾਰ ਪੁਲਸ ਅਫਸਰ ਨਾਲ ਵਿਆਹ ਕਰਵਾ ਲਿਆ ਸੀ। ਮੈਂ ਉਸ ਵਿਚ ਤੇਰੀ ਤਸਵੀਰ ਲੱਭਣ ਦੀ ਕੋਸ਼ਿਸ਼ ਕੀਤੀ। ਪਰ ਉਹ ਤੇਰੇ ਭੁਲੇਖਿਆਂ ਵਾਂਗ, ਮੇਰੀ ਖੁਸ਼ਫਹਿਮੀ ਸੀ। ਮੇਰਾ ਅਖੌਤੀ ਪਤੀ ਹਰ ਰੋਜ਼ ਦੋ ਚਾਰ ਗਰੀਬੜਿਆਂ ਨੂੰ ਸੀਖਾਂ ਪਿਛੇ ਸੁੱਟ ਕੇ ਨੋਟਾਂ ਨਾਲ ਜੇਬਾਂ ਭਰੀ ਘਰ ਆਉਂਦਾ ਹੈ। ਸਾਹਮਣੀ ਜੇਲ੍ਹ 'ਚ ਰੋਜ਼ ਰਾਤ ਨੂੰ ਬੇਕਸੂਰ ਨੌਜਵਾਨਾਂ ਨੂੰ ਕੁਟਿਆ ਜਾਂਦਾ ਹੈ। ਅੱਧੀ ਅੱਧੀ ਰਾਤ ਤਕ ਚੀਕਾਂ ਮਾਰਨ ਦੀਆਂ ਆਵਾਜ਼ਾਂ ਆਉਂਦੀਆਂ ਰਹਿੰਦੀਆਂ ਨੇ। ਮੈਨੂੰ ਨੀਂਦ ਨਹੀਂ ਆਉਂਦੀ। ਹਰ ਚੀਕ 'ਚ ਤੇਰੀ ਆਵਾਜ਼ ਸੁਣਾਈ ਦਿੰਦੀ ਹੈ, ਤੇਰੀ ਮਾਂ ਦੇ ਚਰਖੇ ਦੇ ਰੋਣ ਦੀ ਆਵਾਜ਼, ਤੇਰੇ ਬਾਪੂ ਦੇ ਸੁਪਨਿਆਂ ਦੀਆਂ ਸਿਸਕੀਆਂ ਤੇ ਤੇਰੀਆਂ ਭੈਣਾ ਦੇ ਵਸਣ ਤੋਂ ਪਹਿਲਾਂ ਉਜੜੇ ਘਰਾਂ ਵਿਚ ਬੋਲਦੇ ਉੱਲੂ ਸਾਰੀ ਰਾਤ ਮੇਰੀ ਤੜਪ ਦੇ ਗਲ ਲੱਗ ਕੇ ਰੋਂਦੇ ਨੇ, ਤੇ ਮੇਰਾ ਪਤੀ ਕਈ ਕਈ ਵਾਰੀ ਰਾਤ ਨੂੰ ਡਰ ਡਰ ਕੇ ਉਠਦਾ ਹੈ ਕਿਤੇ ਅੱਤਵਾਦੀ ਤਾਂ ਨਹੀਂ ਆ ਗਏ। ਛੇ ਛੇ ਬਾਡੀਗਾਰਡਾਂ ਦੇ ਪਹਿਰੇ ਹੇਠਾਂ ਜਦੋਂ ਉਹ ਸ਼ਾਮ ਨੂੰ ਘਰ ਆਉਂਦਾ ਹੈ ਤਾਂ ਮੇਰਾ ਢਿੱਡ ਹੱਸਦਾ ਹੈ ਕਿ ਸ਼ੇਰਨੀ ਹੋ ਕੇ ਮੈਂ ਕਿਥੇ ਗਿੱਦੜ ਨਾਲ ਵਿਆਹੀ ਗਈ। ਜਦੋਂ ਉਹ ਮੈਨੂੰ ਹੁੱਬ ਕੇ ਦੱਸਦਾ ਹੈ ਕਿ ਅੱਜ ਏਨੇ ਅੱਤਵਾਦੀ ਫੜੇ ਗਏ ਨੇ ਜਾਂ ਮਾਰੇ ਗਏ ਤਾਂ ਮੈਂ ਸਮਝ ਜਾਂਦੀ ਹਾਂ ਕਿ ਅੱਜ ਫੇਰ ਕਿਸੇ ਗਰੀਬ ਦੀ ਕੁੱਲੀ ਨੂੰ ਅੱਗ ਲਾ ਆਇਆ ਹੈ। ਤੂੰ ਗਲਤ ਸੋਚਦਾ ਸੀ ਪਾਲੀ ਕਿ ਲੋਕ ਮਜ਼ਹਬ ਲਈ ਲੜ ਰਹੇ ਨੇ। ਨਹੀਂ, ਇਥੇ ਕਿਸੇ ਦਾ ਕੋਈ ਧਰਮ ਨਹੀਂ ਹੈ। ਲੜਾਈ ਸਿਰਫ ਪੈਸੇ ਦੀ ਹੈ, ਤਾਕਤ ਦੀ ਹੈ। ਜੇ ਹਿੰਦੂ ਸਿੱਖ ਦੀ ਲੜਾਈ ਹੁੰਦੀ ਤਾਂ ਫੇਰ ਮੇਰਾ ਪਤੀ ਬੇਦੋਸ਼ਿਆਂ ਨੂੰ ਫੜ ਫੜ ਕੇ ਜੇਲ੍ਹਾ ਵਿਚ ਕਿਉਂ ਡੱਕਦਾ ਜਾਂ ਝੂਠੇ ਮੁਕਾਬਲਿਆਂ ਵਿਚ ਕਿਉਂ ਮਾਰਦਾ? ਉਹ ਤਾਂ ਆਪਣੀ ਕੁਰਸੀ ਬਚਾਉਣ ਲਈ ਜਿਹੜਾ ਵੀ ਅੱੜੇ ਚੜ੍ਹ ਜਾਂਦਾ ਹੈ ਉਸ ਨੂੰ ਅੱਤਵਾਦੀ ਬਣਾ ਕੇ ਪੇਸ਼ ਕਰ ਦਿੰਦਾ ਹੈ। ਫੇਰ ਨਾ ਕੋਈ ਵਕੀਲ ਨਾ ਦਲੀਲ। ਜਿਹੜਾ ਬੋਲਦਾ ਹੈ ਉਸੇ ਨੂੰ ਗੱਡੀ ਚਾੜ੍ਹ ਦਿਤਾ ਜਾਂਦਾ ਹੈ। ਕਿਹੜੀ ਗੱਲ ਹੈ ਉਸ ਵਿਚ ਸਿੱਖਾਂ ਵਾਲੀ। ਤੇਰੇ ਤਾਂ ਪੈਰਾਂ ਵਰਗਾ ਵੀ ਨਹੀਂ

ਹੈ ਉਹ। ਸਿਰਫ ਪੱਗ ਬੰਨ੍ਹਣ ਨਾਲ ਥੋੜ੍ਹੀ ਕੋਈ ਸਿੱਖ ਬਣ ਜਾਂਦਾ ਹੈ। ਦਿਨ 'ਚ ਹਜ਼ਾਰਾਂ ਝੂਠ ਬੋਲਦਾ ਹੈ. ਰੋਜ਼ ਗਰੀਬਾਂ ਦੀਆਂ ਧੀਆਂ ਭੈਣਾ ਪੁਣਦਾ ਹੈ ਤੇ ਅਫਸਰਾਂ ਅੱਗੇ ਪੂਛ ਹਿਲਾਉਂਦਾ ਫਿਰਦਾ ਹੈ। ਰੋਜ਼ ਮੈਨੂੰ ਉਸਦੇ ਕਾਰਨ ਸਲਾਮੀਆਂ ਪੈਂਦੀਆਂ ਨੇ ਪਰ ਮੈਂ ਅੰਦਰੋਂ ਸ਼ਰਮਿੰਦੀ ਜਿਹੀ ਹੋ ਜਾਂਦੀ ਹਾਂ। ਮੈਨੂੰ ਲਗਦਾ ਹੈ ਸਭ ਪਾਖੰਡ ਹੈ। ਜਦੋਂ ਲੋਕੀ ਮੈਨੂੰ 'ਸਰਦਾਰਨੀ ਜੀ' ਕਹਿੰਦੇ ਨੇ ਤਾਂ ਮੈਨੂੰ ਆਪਣੇ ਆਪ 'ਤੇ ਸ਼ਰਮ ਆਉਂਦੀ ਹੈ। ਕਾਸ਼. ਉਹ ਮੈਨੂੰ ਤੇਰਾ ਨਾਉਂ ਲੈ ਕੇ ਛੇੜਦੇ, ਜਾਂ ਸ਼ੇਰਨੀ ਆਖਦੇ ਜਾਂ 'ਅੱਤਵਾਦੀ ਦੀ ਮਾਸ਼ੂਕ' ਹੀ ਸੱਦ ਸਕਦੇ ਕਿਉਂਕਿ ਮੈਂ ਹਾਲਾਂ ਵੀ ਤੈਨੂੰ ਪਿਆਰ ਕਰਦੀ ਹਾਂ। ਮੈਨੂੰ ਤੇਰੇ ਤੇ ਮਾਣ ਹੈ, ਭਾਵੇਂ ਤੇਰੇ ਨਾਂ ਨਾਲ ਕੋਈ ਅਫਸਰੀ ਨਹੀਂ ਜੁੜੀ ਤੇ ਤੈਨੂੰ ਅੱਤਵਾਦੀ ਬਣਾਂ ਦਿਤਾ ਗਿਆ। ਪਰ ਤੇਰੇ ਵਿਚਲਾ ਸੱਚਾ ਸੁੱਚਾ ਸਿੱਖ ਹਾਲੇ ਵੀ ਜੀਊਂਦਾ ਹੈ।

# ਪਿਛਲਾ ਦਰਵਾਜ਼ਾ

**ਅੱਜ** ਪੰਜਵੀਂ ਵਾਰ ਗੀਤਾ ਇਸ ਕਲੀਨਿਕ ਵਿਚ ਆਈ ਸੀ। ਸ਼ਾਇਦ ਛੇਵੀਂ ਵਾਰ.....ਨਹੀਂ ਸ਼ਾਇਦ....। ਉਸ ਨੂੰ ਪੱਕਾ ਯਾਦ ਨਹੀਂ ਆ ਰਿਹਾ ਕਿ ਉਹ ਪਹਿਲਾਂ ਕਿੰਨੀ ਵਾਰ ਇਸ ਕਲੀਨਿਕ ਵਿਚ ਆਈ ਹੈ। ਪਰ ਜਦੋਂ ਵੀ ਆਈ ਹੈ ਇਕ ਹੂਕ ਜਿਹੀ ਉਸ ਦੇ ਅੰਦਰੋਂ ਉੱਠੀ ਹੈ। ਇਕ ਉਦਾਸੀ ਨੇ ਉਸ ਨੂੰ ਘੇਰਿਆ ਹੈ ਤੇ ਉਸ ਦਾ ਜੀਅ ਕੀਤਾ ਹੈ ਕਿ ਉਹ ਉੱਚੀ ਉੱਚੀ ਵੈਣ ਪਾ ਕੇ ਰੋਵੇ।

ਇਸ ਇਮਾਰਤ ਦੇ ਚੱਪੇ ਚੱਪੇ ਤੋਂ ਵਾਕਿਫ਼ ਹੈ ਉਹ। ਕਿੱਥੇ ਬਾਥਰੂਮ ਹੈ, ਕਿੱਥੇ ਟੌਇਲਟ....ਕਿੱਥੇ ਆਪਰੇਸ਼ਨ ਥੀਏਟਰ....ਕਿੱਥੇ ਕਿਹੜਾ ਕਮਰਾ ਤੇ ਕਿੱਥੇ ਕੀ....। ਉਸ ਨੂੰ ਸਭ ਯਾਦ ਹੈ। ਬਾਰਾਂ ਸਾਲਾਂ ਬਾਅਦ ਵੀ ਜਿਵੇਂ ਇਥੇ ਸਭ ਕੁਝ ਉਹੀ ਹੈ। ਉਹੀ ਦਰਵਾਜ਼ੇ, ਉਹੀ ਕੰਧਾਂ, ਕੰਧਾਂ ਤੇ ਉਹੀ ਪੇਂਟ ਤੇ ਉਹੀ ਫਰਨੀਚਰ। ਸ਼ਾਇਦ ਡਾਕਟਰ ਤੇ ਨਰਸਾਂ ਵੀ ਉਹੀ ਹੋਣ।

ਗੀਤਾ ਸਿਟਿੰਗ-ਰੂਮ ਵਿਚੋਂ ਉੱਠ ਕੇ ਪਿੱਛੇ ਗਾਰਡਨ 'ਚ ਆ ਕੇ ਬੈਠ ਗਈ। ਗਾਰਡਨ 'ਚ ਕਿੰਨੀ ਸ਼ਾਂਤੀ ਹੈ, ਕਿੰਨੀ ਖਾਮੋਸ਼ੀ ਤੇ ਅਪ੍ਰੈਲ ਮਹੀਨੇ ਦੀ ਖ਼ੁਸ਼ਗਵਾਰ ਹਵਾ। ਪਰ ਉਹ ਬੇਚੈਨ ਹੈ। ਤਾਜ਼ਾ ਖਿੜੇ ਗੁਲਾਬ ਦੇ ਫੁੱਲ ਉਸ ਨੂੰ ਆਪਣੇ ਬੱਚਿਆਂ ਦੀ ਯਾਦ ਦਿਲਾ ਗਏ। ਜਿਵੇਂ ਇਹ ਫੁੱਲ ਉਸ ਦੇ ਬੱਚਿਆਂ ਦੀਆਂ ਕਬਰਾਂ 'ਤੇ ਲੱਗੇ ਹੋਣ। ਕੋਲ ਪਈਆਂ ਕੁਰਸੀਆਂ 'ਤੇ ਬੈਠਣ ਦੀ ਬਜਾਇ ਉਹ ਭੁੰਜੇ ਹੀ ਜ਼ਮੀਨ 'ਤੇ ਬੈਠ ਗਈ।

ਮਿੱਟੀ ਨੂੰ ਹੱਥਾਂ ਵਿਚ ਚੁੱਕਿਆ, ਚੁੰਮਿਆ ਤੇ ਮੁੱਠੀਆਂ ਵਿਚ ਘੁੱਟ ਲਿਆ। ਉਸ ਦੇ ਧੁਰ ਅੰਦਰੋਂ ਕਿਤੇ ਦਰਦ ਦੀ ਲਹਿਰ ਜਿਹੀ ਉੱਠੀ। ਉਸ ਨੇ ਲਹਿਰ ਦਾ ਇਕ ਸਿਰਾ ਫੜ ਲਿਆ। ਇਸ ਲਹਿਰ ਦਾ ਦੂਜਾ ਸਿਰਾ ਬਹੁਤ ਦੂਰ ਹੈ...। ਬਾਰਾਂ ਸਾਲ ਦੂਰ....। ਬਾਰਾਂ ਸਾਲਾਂ ਬਾਅਦ ਵੀ ਕੋਈ ਦਰਦ ਏਨੀ ਤੀਬਰਤਾ ਨਾਲ ਉੱਠ ਸਕਦਾ ਹੈ? ਉਹ ਭੁੱਲੀ ਨਹੀਂ ਸੀ ਉਸ ਪੀੜ ਨੂੰ ਜੋ ਬਾਰਾਂ ਸਾਲ ਪਹਿਲਾਂ ਉਸ ਦੇ ਜਿਸਮ ਨੇ ਹੰਢਾਈ ਸੀ ਅਤੇ ਮਨ ਅੱਜ ਵੀ ਹੰਢਾ ਰਿਹਾ ਹੈ....ਕਿਸੇ ਪਲ ਚੈਨ ਨਹੀਂ ਆਇਆ।

ਬਾਰਾਂ ਸਾਲ ਪਹਿਲਾਂ ਇਸੇ ਗਾਰਡਨ ਵਿਚ ਉਹ ਕੁਰਸੀ 'ਤੇ ਬੇਹੋਸ਼ ਜਿਹੀ ਪਈ ਸੀ। ਚਾਰ ਪੰਜ ਘੰਟੇ ਪਹਿਲਾਂ ਹੀ ਉਸ ਦਾ ਆਪਰੇਸ਼ਨ ਹੋ ਕੇ ਹਟਿਆ ਸੀ। ਨਿਚੋੜ ਕੇ ਸੁੱਟੇ ਕੱਪੜੇ ਵਾਂਗ ਨਰਸ ਨੇ ਉਸ ਨੂੰ ਕੁਰਸੀ 'ਤੇ ਲਿਆ ਬਿਠਾਇਆ ਸੀ।

''ਤੇਰਾ ਕੋਈ ਵਿਜ਼ਟਰ ਤੈਨੂੰ ਮਿਲਣ ਆਵੇਗਾ ਮਿਸਜ਼...?'' ਨਰਸ ਨੇ ਪੁੱਛਿਆ ਸੀ।

''ਨਹੀਂ....। ਮੇਰਾ ਕੋਈ ਨਹੀਂ ਹੈ....ਮੈਂ ਇਕੱਲੀ ਹਾਂ....।'' ਉਸ ਨੇ ਸਿਰ ਪਿਛੇ ਕੁਰਸੀ 'ਤੇ ਸੁੱਟਦੀ ਨੇ ਕਿਹਾ ਤੇ ਅੱਖਾਂ ਝੁਕਾ ਲਈਆਂ ਸੀ।

ਸ਼ਾਇਦ ਇਸ ਡਰ ਨਾਲ ਕਿ ਨਰਸ ਉਸ ਦੀਆਂ ਅੱਖਾਂ ਵਿਚ ਉਸ ਦਾ ਝੂਠ ਨਾ ਫੜ ਲਵੇ। ਉਸ ਦਾ ਝੂਠ ਕਿ ਉਸ ਦੀ ਇਕ ਦੋ ਸਾਲ ਦੀ ਬੱਚੀ ਵੀ ਹੈ, ਜਿਸ ਨੂੰ ਉਹ ਪਿੱਛੇ ਦੱਤਾ ਅੰਕਲ ਦੇ ਘਰ ਇਕੱਲੀ ਛੱਡ ਕੇ ਆਈ ਹੈ। ਦੱਤਾ ਅੰਕਲ ਜੋ ਉਸ ਦਾ ਧਰਮ ਦਾ ਬਾਪ ਹੈ, ਉਸ ਦਾ ਰਹਿਨੁਮਾ...ਉਸ ਦਾ ਰਖਸ਼ਕ ਤੇ ਉਸ ਦਾ ਬਾਲੀ ਵਾਰਸ। ਮਿਸਜ਼ ਦੱਤਾ ਪਿਛਲੇ ਤਿੰਨ ਮਹੀਨਿਆਂ ਤੋਂ ਇੰਡੀਆ ਗਈ ਹੋਈ ਹੈ, ਧਰਮ ਅਸਥਾਨਾਂ ਦੀ ਯਾਤਰਾ 'ਤੇ। ਹਰ ਸਾਲ ਉਹ ਚਾਰ ਮਹੀਨੇ ਲਈ ਇੰਡੀਆ ਧਰਮ ਅਸਥਾਨਾਂ ਦੀ ਯਾਤਰਾ ਕਰਨ ਜਾਂਦੀ ਹੈ ਤੇ ਮਿਸਟਰ ਦੱਤਾ ਪਿਛੋਂ ਘਰ ਵੀ ਸੰਭਾਲਦਾ ਹੈ ਅਤੇ ਬਿਜ਼ਨਸ ਵੀ। ਕਿੰਨੀ ਭਗਤਣ ਹੈ ਮਿਸਜ਼ ਦੱਤਾ ਰੱਬ ਦੀ। ਦੁਨੀਆਂ ਦੇ ਲਾਲਚ ਛੱਡ ਕੇ ਵੈਰਾਗਣ ਹੋਈ ਉਹ ਸਾਰਾ ਦਿਨ ਮੰਦਰਾਂ ਵਿਚ ਕੀਰਤਨ ਮੰਡਲੀਆਂ ਨਾਲ ਘੁੰਮਦੀ ਹੈ, ਦਾਨ ਪੁੰਨ ਕਰਦੀ ਹੈ ਤੇ ਆਪਣੀ ਅਗਲੀ ਦਰਗਾਹ ਸੁਆਰ ਰਹੀ ਹੈ।

ਪਹਿਲੇ ਦਿਨ ਹੀ ਗੀਤਾ ਦੇ ਮਨ ਵਿਚ ਮਿਸਜ਼ ਦੱਤਾ ਲਈ ਡੂੰਘਾ ਸਤਿਕਾਰ ਜਾਗਿਆ ਸੀ ਜਦੋਂ ਉਹ ਉਸ ਦੇ ਘਰ ਜੌਬ ਦੀ ਇੰਟਰਵਿਊ ਦੇਣ ਗਈ ਸੀ। ਜੌਬ ਸੈਂਟਰ ਵਾਲਿਆਂ ਨੇ ਉਸ ਨੂੰ ਮਿਸਟਰ ਦੱਤਾ ਦੇ ਘਰ ਭੇਜਿਆ ਸੀ। ਬੂਹਾ ਖੋਹਲ ਕੇ ਮਿਸਜ਼ ਦੱਤਾ ਨੇ ਉਸ ਨੂੰ ਅੰਦਰ ਬੈਠਾ ਲਿਆ ਸੀ-

''ਮੇਰਾ ਨਾਮ ਕੁਸ਼ੱਲਿਆ ਦੇਵੀ ਹੈ। ਸਾਰਾ ਦਿਨ ਪ੍ਰਭੂ ਦੀ ਭਗਤੀ ਵਿਚ ਮਗਨ ਰਹਿੰਦੀ ਹਾ, ਸੋਚਦੀ ਹਾਂ ਜੇ ਇਸੇ ਜਨਮ 'ਚ ਪ੍ਰਭੂ ਦੇ ਦਰਸ਼ਨ ਕਰ ਲਵਾਂ ਤਾਂ ਠੀਕ ਹੈ ਫੇਰ ਅਗਲੇ ਜਨਮ 'ਚ ਪਤਾ ਨਹੀਂ ਕਿਹੜੀ ਜੂਨੀ ਵਿਚ ਪੈਣਾ ਹੈ। ਘਰ ਵਾਰ ਦਾ ਕੰਮ ਹੁਣ ਮੇਰੇ ਤੋਂ ਨਹੀਂ ਹੁੰਦਾ, ਬੱਸ ਪ੍ਰਭੂ ਦੀ ਭਗਤੀ ਹੀ ਚੰਗੀ ਲਗਦੀ ਹੈ...।'' ਕੁਸ਼ੱਲਿਆ ਦੇਵੀ ਇਕੋ ਸਾਹ ਕਹਿ ਗਈ ਸੀ।

ਗੀਤਾ ਨੂੰ ਹੈਰਾਨੀ ਹੋਈ। ਉਹ ਤਾਂ ਇਥੇ ਜੌਬ ਮੰਗਣ ਆਈ ਸੀ ਪਰ ਮਿਸਜ਼ ਦੱਤਾ ਉਸ ਦਾ ਚਾਹ ਅਤੇ ਮਿਠਾਈਆਂ ਨਾਲ ਸਵਾਗਤ ਕਰ ਰਹੀ ਸੀ।

''ਸਭ ਦੇ ਵਿਚ ਭਗਵਾਨ ਹੈ...ਤੇਰੇ ਵਿਚ ਵੀ ਮੈਨੂੰ ਉਹੀ ਨਜ਼ਰ ਆਉਂਦਾ ਹੈ...।'' ਉਸ ਨੇ ਗਰਮ ਨਾਸ਼ਤਾ ਗੀਤਾ ਅੱਗੇ ਰੱਖਿਆ।

ਗੀਤਾ ਨੂੰ ਜੌਬ ਮਿਲ ਗਈ। ਭਾਵੇਂ ਕਲੀਨਰ ਦੀ ਹੀ ਸਹੀ ਪਰ ਕਿੰਨੀ ਚੰਗੀ ਔਰਤ ਹੈ। ਘਰ ਕਾਫੀ ਵੱਡਾ ਸੀ, ਪੰਜ ਬੈੱਡ ਰੂਮ ਦਾ ਤਿਮੰਜ਼ਲਾ ਮਕਾਨ। ਦੋਵੇਂ ਮੀਆਂ ਬੀਵੀ ਰਹਿੰਦੇ ਸਨ ਤੇ ਬੱਚਾ ਕੋਈ ਨਹੀਂ ਸੀ। ਘਰ 'ਚ ਪੂਰਾ ਸ਼ਾਹੀ ਠਾਠ ਬਾਠ ਸੀ ਪਰ ਵਰਤਣ ਵਾਲਾ ਕੋਈ ਨਹੀਂ।

ਗੀਤਾ ਨੇ ਦੋ ਕੁ ਹਫਤੇ ਕੰਮ ਕੀਤਾ। ਸ਼ੁਰੂ ਵਿਚ ਤਾਂ ਮਿਸਜ਼ ਦੱਤਾ ਕਾਫੀ ਖ਼ੁਸ਼ ਰਹੀ ਪਰ ਫੇਰ ਹੌਲੀ ਹੌਲੀ ਉਹ ਗੀਤਾ ਦੇ ਕੰਮ ਵਿਚੋਂ ਨਿਗੋਚਾਂ ਕੱਢਣ ਲੱਗ ਪਈ, ''ਆਹ ਨਹੀਂ ਠੀਕ...ਔਹ ਗ਼ਲਤ ਹੈ...ਫਲਾਣੀ ਚੀਜ਼ ਸਾਫ ਨਹੀਂ ਕੀਤੀ....ਹੂਵਰ ਤੋੜ ਦਿੱਤਾ....।''

ਗੀਤਾ ਦਾ ਮਨ ਕਈ ਵਾਰ ਉਕਤਾਇਆ ਪਰ ਉਸ ਨੂੰ ਬੜੀ ਮੁਸ਼ਕਿਲ ਨਾਲ ਕੰਮ ਮਿਲਿਆ ਸੀ। ਉਹ ਕਿਸੇ ਹਾਲਤ 'ਚ ਵੀ ਕੰਮ ਨਹੀਂ ਛੱਡਣਾ ਚਾਹੁੰਦੀ ਸੀ।

''ਤੂੰ ਆਪਣੀ ਨਿੱਕੀ ਜਿਹੀ ਬੱਚੀ ਨੂੰ ਵੀ ਨਾਲ ਲੈ ਆਉਂਦੀ ਹੈਂ। ਕੰਮ ਕੀ ਸੁਆਹ ਕਰੇਂਗੀ? ਇਹ ਟੀਟਣੀ ਸਾਰਾ ਦਿਨ ਰੋਂਦੀ ਰਹਿੰਦੀ ਹੈ...ਤੈਨੂੰ ਕੀ ਕਰਨ ਦੇਵੇਗੀ...?'' ਮਿਸਿਜ਼ ਦੱਤਾ ਖਿੱਝ ਨਾਲ ਭਰ ਕੇ ਆਖਦੀ।

''ਇਸ ਨੂੰ ਕਿਥੇ ਛੱਡਾਂ ਆਂਟੀ ਜੀ। ਮੇਰੀ ਸੱਸ ਤਾਂ ਇਸ ਦੀ ਸ਼ਕਲ ਵੀ ਦੇਖਣ ਲਈ ਤਿਆਰ ਨਹੀਂ ਹੈ। ਤੁਸੀਂ ਫਿਕਰ ਨਾ ਕਰੋ। ਮੈਂ ਤੁਹਾਡਾ ਕੰਮ ਪੂਰੇ ਧਿਆਨ ਨਾਲ ਕਰਾਂਗੀ।'' ਉਹ ਕੁਸ਼ੱਲਿਆ ਦੇਵੀ ਦਾ ਤਰਲਾ ਲੈਂਦੀ। ਪਰ ਅੰਦਰੋਂ ਡਰੀ ਹੋਈ ਸੀ ਕਿ ਪਤਾ ਨਹੀਂ ਕਦੋਂ ਉਸ ਨੂੰ ਕੰਮ ਤੋਂ ਜੁਆਬ ਮਿਲ ਜਾਵੇ। ਫੇਰ ਉਹੀ ਸੱਸ ਦੀਆਂ ਗਾਲ੍ਹਾਂ, ਘਰ ਵਾਲੇ ਦੀ ਮਾਰ ਕੁੱਟ ਤੇ ਘਰ ਦਾ ਕਲੇਸ਼। ਸੋਸ਼ਲ ਸਕਿਓਰਟੀ ਵਾਲੇ ਉਸ ਨੂੰ ਕੁਝ ਦਿੰਦੇ ਨਹੀਂ ਸਨ ਕਿਉਂਕਿ ਉਸ ਦਾ ਪਤੀ ਕਮਾਉਂਦਾ ਸੀ। ਪਤੀ ਉਸ ਨੂੰ ਪੁੱਛਦਾ ਨਹੀਂ ਸੀ ਕਿਉਂਕਿ ਉਸ ਨੂੰ ਉਹ ਪਸੰਦ ਨਹੀਂ ਸੀ।

ਤੇ ਫੇਰ ਅਚਾਨਕ ਇਕ ਦਿਨ ਕੁਸ਼ੱਲਿਆ ਦੇਵੀ ਨੇ ਉਸ ਨੂੰ ਦੱਸਿਆ ਸੀ ਕਿ ਉਹ ਇੰਡੀਆ ਜਾ ਰਹੀ ਹੈ। ਜੇ ਉਸ ਨੇ ਸਫਾਈ ਕਰਨ ਆਉਣਾ ਹੈ ਤਾਂ ਸ਼ਾਮ ਨੂੰ ਆਵੇ, ਜਦੋਂ ਮਿਸਟਰ ਦੱਤਾ ਘਰ ਹੋਣ। ਗੀਤਾ ਮੰਨ ਗਈ ਸੀ। ਅਗਲੇ ਹਫਤੇ ਤੋਂ ਉਸ ਨੇ ਸ਼ਾਮ ਨੂੰ ਛੇ ਵਜੇ ਤੋਂ ਬਾਅਦ ਕੰਮ 'ਤੇ ਆਉਣਾ ਸ਼ੁਰੂ ਕਰ ਦਿਤਾ। ਸ਼ੁਰੂ ਵਿਚ ਤਾਂ ਦੱਤਾ ਅੰਕਲ ਉਸ ਨੂੰ ਕੁਝ ਨਾ ਬੋਲਿਆ, ਪਰ ਹੌਲੀ ਹੌਲੀ ਉਹ ਉਸ ਦੀ ਬੱਚੀ ਨਾਲ ਖੇਡਣ ਲੱਗ ਪਿਆ। ਇਕ ਦਿਨ ਉਹ ਢੇਰ ਸਾਰੇ ਖਿਲੌਣੇ ਉਸ ਦੀ ਬੱਚੀ ਨੀਤੂ ਵਾਸਤੇ ਲੈ ਆਇਆ।

''ਇਨੇ ਖਿਲੌਣੇ ਅੰਕਲ ਜੀ...!'' ਉਹ ਹੈਰਾਨ ਹੋਈ।

''ਕੋਈ ਗੱਲ ਨਹੀਂ। ਮੈਂ ਬੱਚੀ ਵਾਸਤੇ ਲਿਆਂਦੇ ਨੇ।'' ਉਹ ਨੀਤੂ ਨੂੰ ਗੋਦੀ ਚੁੱਕਦਾ ਹੋਇਆ ਬੋਲਿਆ। ਦੂਜੇ ਦਿਨ ਉਹ ਨੀਤੂ ਵਾਸਤੇ ਬਹੁਤ ਸਾਰੇ ਗਰਮ ਕੱਪੜੇ ਅਤੇ ਹੋਰ ਚੀਜ਼ਾਂ ਲੈ ਆਇਆ।

''ਮਿਸਟਰ ਦੱਤਾ ਦੇ ਆਪਣੇ ਕੋਈ ਬੱਚਾ ਨਹੀਂ ਹੈ। ਸ਼ਾਇਦ ਇਸੇ ਲਈ ਮੇਰੀ ਬੱਚੀ ਨੂੰ ਵੇਖ ਕੇ ਇਸ ਦੇ ਮਨ ਵਿਚ ਬੱਚੇ ਲਈ ਪਿਆਰ ਜਾਗ ਪਿਆ ਹੈ। ਸੱਚ ਹੈ ਔਲਾਦ ਦੀ ਭੁੱਖ ਵੀ ਬੰਦੇ ਨੂੰ ਕਿੱਥੋਂ ਤੱਕ ਲੈ ਜਾਂਦੀ ਹੈ।'' ਗੀਤਾ ਆਪਣੇ ਆਪ ਨਾਲ ਗੱਲਾਂ ਕਰਦੀ।

ਇਕ ਦਿਨ ਸ਼ਾਮ ਨੂੰ ਬੜੇ ਜ਼ੋਰ ਦੀ ਬਾਰਸ਼ ਹੋ ਰਹੀ ਸੀ। ਉਹ ਘਰ ਦਾ ਕੰਮ ਖ਼ਤਮ ਕਰ ਕੇ ਬੱਸ ਫੜਨ ਲਈ ਤੁਰਨ ਹੀ ਲੱਗੀ ਸੀ ਕਿ ਦੱਤਾ ਨੇ ਰੋਕਿਆ, ''ਬਾਰਸ਼ ਰੁਕ ਜਾਣ ਦੇ। ਫੇਰ ਚਲੀ ਜਾਈਂ, ਬੱਚੀ ਬੀਮਾਰ ਹੋ ਜਾਵੇਗੀ।''

''ਫੇਰ ਹਨੇਰਾ ਬਹੁਤਾ ਹੋ ਜਾਵੇਗਾ। ਬੱਸ ਵਿਚ ਇਕੱਲੀ ਜਾਂਦੀ ਨੂੰ ਡਰ ਲੱਗਦਾ ਹੈ।'' ਗੀਤਾ ਨੇ ਆਪਣੀ ਮਜਬੂਰੀ ਦੱਸੀ।

''ਕੋਈ ਨਹੀਂ, ਮੈਂ ਛੱਡ ਆਵਾਂਗਾ ਜਾ ਕੇ।'' ਦੱਤਾ ਨੇ ਦਰਵਾਜ਼ਾ ਬੰਦ ਕਰ ਦਿਤਾ।

ਉਹ ਸਿਮਟ ਕੇ ਕੁਰਸੀ ਤੇ ਬੈਠ ਗਈ। ਨੀਤੂ ਕਾਰਪੈਟ 'ਤੇ ਹੀ ਖੇਡਦੀ ਹੋਈ ਸੌਂ ਗਈ ਸੀ।

''ਗੀਤਾ, ਤੂੰ ਏਨੀ ਸਹੁਣੀ ਕੁੜੀ ਹੈਂ ਇਕ ਕਲੀਨਰ ਦਾ ਕੰਮ ਕਿਉਂ ਕਰਦੀ ਹੈਂ? ਫੇਰ ਨਾਲ ਇਸ ਛੋਟੀ ਜਿਹੀ ਜਾਨ ਨੂੰ ਵੀ ਚੁੱਕੀ ਫਿਰਦੀ ਹੈਂ ਠੰਡ ਵਿਚ।'' ਦੱਤਾ ਨੇ ਅਚਾਨਕ ਪੁੱਛਿਆ ਸੀ।

ਉਹ ਦੋ ਪਲ ਲਈ ਘਬਰਾਈ ਪਰ ਮਿਸਟਰ ਦੱਤਾ ਦੀ ਸ਼ਰਾਫਤ ਤੇ ਸੁਭਾਅ ਨੇ ਉਸ ਦੇ ਦੁੱਖ ਨੂੰ ਫੋੜੇ ਵਾਂਗ ਫੇਹ ਦਿਤਾ।

''ਅੰਕਲ ਜੀ. ਮੇਰੇ ਸਹੁਰੇ ਮੈਨੂੰ ਬਹੁਤ ਤੰਗ ਕਰਦੇ ਨੇ। ਮੇਰਾ ਆਦਮੀ ਵੀ ਮਾਰਦਾ ਕੁੱਟਦਾਂ ਹੈ। ਰੋਜ਼ ਮੇਰਾ ਸਾਮਾਨ ਚੁੱਕ ਕੇ ਬਾਹਰ ਸੁੱਟ ਦਿੰਦੇ ਨੇ ਕਿ ਜਾ ਭੱਜ ਜਾ ਜਿਥੋਂ ਆਈ ਹੈਂ। ਜੇ ਕੰਮ ਕਰ ਕੇ ਚਾਰ ਪੈਸੇ ਨਾ ਕਮਾਵਾਂ ਤਾਂ ਇਕ ਦਿਨ ਵੀ ਘਰ ਨਹੀਂ ਰੱਖਣਗੇ...ਕਿਥੇ ਜਾਵਾਂਗੀ...?''

''ਬਹੁਤ ਮਾੜੀ ਗੱਲ ਹੈ। ਸਾਲੇ ਲੋਕ ਪਤਾ ਨਹੀਂ ਆਪਣੇ ਆਪ ਨੂੰ ਕੀ ਰੱਬ ਸਮਝਣ ਲੱਗ ਜਾਂਦੇ ਨੇ। ਨੂੰਹਾਂ ਧੀਆਂ ਘਰ ਦੀ ਇੱਜ਼ਤ ਹੁੰਦੀਆਂ ਨੇ ਕਿ ਪੌਂਡ ਕਮਾਉਣ ਦਾ ਵਸੀਲਾ?'' ਉਸ ਨੇ ਹਮਦਰਦੀ ਨਾਲ ਆਖਿਆ। ਬਾਰਿਸ਼ ਬੰਦ ਹੋਈ ਤਾਂ ਦੱਤਾ ਉਸ ਨੂੰ ਘਰ ਛੱਡ ਆਇਆ।

ਦੂਜੇ ਦਿਨ ਦੱਤਾ ਗੀਤਾ ਵਾਸਤੇ ਬਹੁਤ ਸਹੁਣੀ ਲਾਲ ਰੰਗ ਦੀ ਸਾੜ੍ਹੀ ਲੈ ਕੇ ਆਇਆ। ਗੀਤਾ ਹੈਰਾਨ ਹੋ ਗਈ।

''ਇਹ ਕੀ ਅੰਕਲ ਜੀ! ਮੈਂ ਇਹ ਚੀਜ਼ਾਂ ਕਿਥੇ ਰੱਖਾਂਗੀ?'' ਉਸ ਨੂੰ ਸੁਝ ਨਹੀਂ ਰਿਹਾ ਸੀ ਕਿ ਕੀ ਕਹੇ।

''ਮੈਂ ਤੇਰੇ ਵਾਸਤੇ ਸਪੈਸ਼ਲ ਲੈ ਕੇ ਆਇਆ ਹਾਂ। ਰੋਜ਼ ਇਕ ਹੀ ਸੂਟ ਪਾਇਆ ਹੁੰਦਾ ਹੈ ਤੂੰ...।'' ਉਹ ਸਾੜ੍ਹੀ ਦਾ ਪੈਕਟ ਖੋਲ੍ਹਦਾ ਹੋਇਆ ਬੋਲਿਆ। ਫੇਰ ਉਸ ਨੇ ਕੋਟ ਦੀ ਜੇਬ 'ਚ ਹੱਥ ਪਾ ਕੇ ਨੋਟਾਂ ਦੀ ਗੱਥੀ ਕੱਢੀ ਅਤੇ ਗੀਤਾ ਅੱਗੇ ਸੁੱਟ ਦਿੱਤੀ। ਗੀਤਾ ਦੀਆਂ ਲੱਤਾਂ ਕੰਬ ਗਈਆਂ। ਇਨੇ ਪੈਸੇ? ਉਸ ਨੇ ਜ਼ਿੰਦਗੀ 'ਚ ਪਹਿਲੀ ਵਾਰ ਇਨੇ ਪੌਂਡ ਦੇਖੇ ਸੀ। ਉਹ ਤਾਂ ਪੈਨੀਆਂ ਗਿਣਨ ਵਾਲੀ ਕੁੜੀ ਸੀ।

''ਚੁੱਕ ਲੈ ਗੀਤਾ। ਇਹ ਤੇਰੇ ਲਈ ਹਨ।'' ਦੱਤਾ ਨੇ ਹੌਲੀ ਜਿਹੀ ਕਿਹਾ।

''ਮੈਂ...ਮੈਂ...ਮੈਂ?'' ਉਹ ਬੌਖਲਾਈ।

''ਹਾਂ ਤੂੰ...।'' ਉਹ ਮੁਸਕਰਾਇਆ।

''ਨਹੀਂ....ਨਹੀਂ...। ਇਹ ਤਾਂ ਬਹੁਤ ਜ਼ਿਆਦਾ ਹਨ। ਤੁਸੀਂ ਨੀਤੂ ਨੂੰ ਦੋ ਚਾਰ ਪੌਂਡ ਦੇ ਦਿਉ।'' ਉਸ ਨੇ ਪੈਸੇ ਕਾਰਪੈਟ ਤੋਂ ਚੁੱਕ ਕੇ ਦੱਤਾ ਨੂੰ ਦੇਣੇ ਚਾਹੇ।

''ਮੈਂ ਵਾਪਸ ਲੈਣ ਨੂੰ ਨਹੀਂ ਦਿਤੇ। ਇਹ ਤੇਰੇ ਨੇ ਹੁਣ...।'' ਉਸ ਨੇ ਪੈਸੇ ਫੜ ਕੇ ਉਸ ਦੇ ਪਰਸ ਵਿਚ ਪਾ ਦਿਤੇ।

''ਪਰ ਇਹ ਮਿਹਰਬਾਨੀ ਕਿਉਂ ਅੰਕਲ ਜੀ? ਮੈਂ ਤਾਂ ਕੋਈ ਇਨਾ ਜ਼ਿਆਦਾ ਕੰਮ ਨਹੀਂ ਕਰਦੀ। ਨਾਲੇ ਕੁਸ਼ੱਲਿਆ ਆਂਟੀ ਜੀ ਨੂੰ ਤਾਂ ਮੇਰਾ ਕੰਮ ਪਸੰਦ ਵੀ ਨਹੀਂ ਹੈ!'' ਉਸ ਦੀ ਆਵਾਜ਼ ਕੰਬ ਰਹੀ ਸੀ।

''ਗੋਲੀ ਮਾਰ ਕੁਸ਼ੱਲਿਆ ਆਂਟੀ ਦੇ। ਪਾਗ਼ਲ ਹੈ ਸਾਲੀ। ਹੋਰ ਤੂੰ ਜੀਭ ਨਾਲ ਫਰਸ਼ ਚੱਟੇਂਗੀ? ਸਫਾਈ ਹੀ ਸਫਾਈ ਹੈ। ਪਰਵਾਹ ਨਾ ਕਰ।'' ਉਹ ਨਫਰਤ ਨਾਲ ਬੋਲਿਆ।

''ਪਾਗ਼ਲ ਹੈ?'' ਗੀਤਾ ਨੂੰ ਯਕੀਨ ਨਾ ਆਇਆ।

''ਹੋਰ ਪਾਗ਼ਲ ਨਹੀਂ ਹੈ ਤਾਂ ਕੀ ਹੈ? ਸਾਰਾ ਦਿਨ ਮੰਦਰਾਂ 'ਚ ਟੱਲੀਆਂ ਵਜਾਉਂਦੀ ਫਿਰਦੀ ਹੈ। ਕਦੇ ਘਰ ਦਾ ਖ਼ਿਆਲ ਆਇਆ ਹੈ? 'ਹਰੇ ਰਾਮਾ ਹਰੇ ਕ੍ਰਿਸ਼ਨਾ - ਹਰੇ ਕ੍ਰਿਸ਼ਨਾ ਹਰੇ ਰਾਮਾ' ਸਵੇਰੇ ਚਾਰ ਵਜੇ ਉੱਠ ਕੇ ਧੂਫਾਂ ਜਗਾਉਣ ਬਹਿ ਜਾਂਦੀ ਹੈ। ਮੈਂ ਉਥੇ

ਪਿਆ.....ਹੁਣ ਮੈਂ ਤੈਨੂੰ ਕੀ ਕਹਾਂ।'' ਉਹ ਗੁੱਸੇ 'ਚ ਆਪਣੀ ਪਤਨੀ ਦੀਆਂ ਨਕਲਾ ਉਤਾਰ ਰਿਹਾ ਸੀ।

''ਚੰਗੀ ਗੱਲ ਹੈ ਰੱਬ ਦੀ ਭਗਤੀ ਕਰਨੀ....ਕਰਮਾਂ ਵਾਲੇ ਕਰਦੇ ਨੇ...।'' ਗੀਤਾ ਨੇ ਕਿਹਾ।

''ਹਾਂ ਚੰਗੀ ਗੱਲ ਹੈ। ਪਰ ਹਰ ਗੱਲ ਦੀ ਕੋਈ ਹੱਦ ਹੁੰਦੀ ਹੈ। ਔਰਤ ਵਾਸਤੇ ਹੋਰ ਵੀ ਬਥੇਰੇ ਕੰਮ ਨੇ। ਚਾਰ ਚਾਰ ਮਹੀਨੇ ਆਦਮੀ ਨੂੰ ਨਹੀਂ ਪੁੱਛਦੀ, ਪੰਡਤਾਂ ਮਗਰ ਛੈਣੇ ਵਜਾਉਂਦੀ ਫਿਰੀ ਜਾਊ। ਜੇ ਕਦੇ ਜ਼ੋਰ ਜ਼ਬਰਦਸਤੀ ਨਾਲ ਉਸ ਦੇ ਨਾਲ ਸੌਂ ਵੀ ਜਾਵਾਂ ਤਾਂ ਅਧੀ ਰਾਤ ਨੂੰ ਉੱਠ ਕੇ ਨਹਾਉਣ ਬਹਿ ਜਾਂਦੀ ਹੈ, ਅਖੇ 'ਪਾਪ ਹੋ ਗਿਆ...ਅਧਰਮ ਹੋ ਗਿਆ,' ਬੇਵਕੂਫ ਔਰਤ। ਸਾਰਾ ਦਿਨ ਧਰਮ ਦਾ ਪਾਖੰਡ ਕਰਦੀ ਹੈ ਵੀਹ ਸਾਲ ਹੋ ਗਏ। ਸਾਲੀ ਨੂੰ ਇਹ ਨਹੀਂ ਪਤਾ ਕਿ ਔਰਤ ਵਾਸਤੇ ਪਤੀ ਹੀ ਪਰਮੇਸ਼ਵਰ ਹੈ। ਆਦਮੀ ਦੀਆਂ ਵੀ ਕੁਝ ਜ਼ਰੂਰਤਾਂ ਹੁੰਦੀਆਂ ਨੇ, ਸਿਰਫ ਰੋਟੀ ਤਾਂ ਨਹੀਂ ਚਾਹੀਦੀ ਖਾਣ ਨੂੰ, ਹੋਰ ਵੀ ਕਾਸੇ ਦੀ ਲੋੜ ਹੈ। ਜਿਊਂਦਾ ਜਾਗਦਾ ਮਰਦ ਹਾਂ ਮੈਂ। ਕਿਤੇ ਬਾਹਰ ਖੇਹ ਖਾਣ ਜਾਵਾਂ ਤਾਂ ਲੋਕ ਕੀ ਕਹਿਣਗੇ? ਇੱਜ਼ਤ ਵਾਲਾ ਬੰਦਾ ਹਾਂ...।'' ਉਹ ਰੋਣ ਹਾਕਾ ਹੋਇਆ ਬੈਠਾ ਸੀ।

ਗੀਤਾ ਚੁੱਪ ਕਰ ਗਈ। ਉਸ ਨੂੰ ਅੱਗੋਂ ਕੋਈ ਗੱਲ ਨਾ ਸੁੱਝੀ।

''ਤੇਰਾ ਆਦਮੀ ਤੇਰੇ ਨਾਲ ਇਸ ਤਰ੍ਹਾਂ ਕਰੇ ਤਾਂ ਤੈਨੂੰ ਕਿਵੇਂ ਲੱਗੂ?'' ਦੱਤੇ ਨੇ ਸੁਆਲ ਕੀਤਾ।

''ਮੇਰੇ ਨਾਲ ਤਾਂ ਤਿੰਨ ਸਾਲ ਤੋਂ ਇਹੀ ਕੁਝ ਹੋ ਰਿਹਾ ਹੈ ਅੰਕਲ ਜੀ।'' ਉਹ ਬੋਲੀ।

''ਫੇਰ? ਤਾਂ ਹੀ ਤੂੰ ਮੁਰਝਾਈ ਪਈ ਹੈਂ। ਕੁਦਰਤ ਨੇ ਸਭ ਕੁਝ ਐਵੇਂ ਬੇਅਰਥ ਤਾਂ ਨਹੀਂ ਬਣਾਇਆ। ਪਰ ਬੇਵਕੂਫ ਲੋਕ ਸਮਝਦੇ ਨਹੀਂ। ਸੈਕਸ ਇਨ੍ਹਾਂ ਵਾਸਤੇ ਪਾਪ ਤੇ ਅਧਰਮ ਦੀ ਗੱਲ ਹੈ...।'' ਦੱਤਾ ਅੱਜ ਪੂਰੀ ਗਰਮੀ 'ਚ ਸੀ। ''ਮੇਰੀ ਗੱਲ ਮੰਨ। ਧੱਕਾ ਤੇਰੇ ਨਾਲ ਵੀ ਹੋ ਰਿਹਾ ਹੈ ਤੇ ਮੇਰੇ ਨਾਲ ਵੀ। ਤੇਰੇ ਨਾਲ ਇਕ ਜ਼ਾਲਮ ਮਰਦ ਕਰ ਰਿਹਾ ਹੈ ਤੇ ਮੇਰੇ ਨਾਲ ਇਕ ਬੇਵਕੂਫ ਔਰਤ, ਸਾਲੀ ਮੈਂਟਲ। ਆਪਾਂ ਦੋਵੇਂ ਇਕ ਦੂਜੇ ਦਾ ਸਾਥ ਦੇਈਏ...। ਤੂੰ ਵੀ ਸੁਖੀ ਤੇ ਮੈਂ ਵੀ ਸੁਖੀ।'' ਉਹ ਕੁਰਸੀ ਤੋਂ ਉੱਠ ਕੇ ਭੁੰਜੇ ਗੀਤਾ ਦੇ ਕੋਲ ਹੀ ਬੈਠ ਗਿਆ।

''ਅੰਕਲ ਜੀ, ਮੈਂ ਕਦੇ ਨਹੀਂ ਸੋਚਿਆ ਇੱਦਾਂ ਦੀਆਂ ਗੱਲਾਂ ਬਾਰੇ। ਮੈਂ....ਮੈਂ....ਆਂਟੀ...।'' ਉਸ ਤੋਂ ਗੱਲ ਨਹੀਂ ਹੋ ਰਹੀ ਸੀ।

''ਕੋਈ ਗੱਲ ਨਹੀਂ ਸੋਚ ਲੈ। ਮੈਨੂੰ ਕੋਈ ਕਾਹਲੀ ਨਹੀਂ ਹੈ। ਆਂਟੀ ਊਂਟੀ ਦੀ ਪਰਵਾਹ ਨਾ ਕਰ। ਉਹ ਤਾਂ ਪਾਗਲ ਹੈ ਸਾਲੀ। ਪਰ ਮੈਂ ਤੈਨੂੰ ਇਕ ਗੱਲ ਦੱਸ ਦੇਵਾਂ ਕਿ ਮੈਂ ਤੈਨੂੰ ਕਾਸੇ ਲਈ ਮਜਬੂਰ ਨਹੀਂ ਕਰ ਰਿਹਾ ਤੇ ਨਾ ਹੀ ਕਦੇ ਤੇਰਾ ਰਸਤਾ ਰੋਕਾਂਗਾ। ਤੂੰ ਮੇਰੀਆਂ ਧੀਆਂ ਵਰਗੀ ਹੈਂ। ਮੈਂ ਆਪਣੇ ਹੱਥ ਨਾਲ ਤੇਰਾ ਦੂਜਾ ਵਿਆਹ ਕਰ ਦੇਵਾਂਗਾ, ਤੂੰ ਆਪਣੇ ਆਦਮੀ ਨੂੰ ਡਾਈਵੋਰਸ ਦੇ ਕੇ ਖਹਿੜਾ ਛੁਡਾ ਲੈ। ਮੇਰੇ ਨਾਲ ਤੇਰੀ ਨਾ ਵੀ ਕੋਈ ਗੱਲ ਹੋਵੇ ਪਰ ਫੇਰ ਵੀ ਮੈਨੂੰ ਤੇਰੇ ਨਾਲ ਹਮਦਰਦੀ ਹੈ। ਤੇਰੇ 'ਤੇ ਤਰਸ ਆਉਂਦਾ ਹੈ ਮੈਨੂੰ। ਇਸ ਛੋਟੀ ਜਿਹੀ ਬੱਚੀ ਵੱਲ ਦੇਖ...।'' ਉਸ ਨੇ ਗੀਤਾ ਦੀ ਦੁਖਦੀ ਰਗ 'ਤੇ ਹੱਥ ਰੱਖਿਆ।

ਗੀਤਾ ਸਿਰ ਝੁਕਾਈ ਚੁੱਪ ਬੈਠੀ ਰਹੀ। ਦੱਤੇ ਨੇ ਆਪਣੀ ਗੱਲ ਜਾਰੀ ਰੱਖੀ,

''ਮੈਂ ਤੇਰਾ ਵੀ ਬਾਪ ਹਾਂ ਤੇ ਤੇਰੀ ਬੱਚੀ ਦਾ ਵੀ। ਤੈਨੂੰ ਸੈੱਟ ਕਰਨਾ ਮੇਰਾ ਫਰਜ਼ ਹੈ। ਜੇ ਤੇਰਾ ਹੱਥ ਫੜਾਂਗਾ ਤਾਂ ਸਾਥ ਵੀ ਦੇਵਾਂਗਾ। ਐਵੇਂ ਫੋਕੀਆਂ ਫੜਾਂ ਨਹੀਂ ਮਾਰ ਰਿਹਾ....।''

ਉਸ ਰਾਤ ਗੀਤਾ ਚੁੱਪ ਚਾਪ ਘਰ ਆ ਗਈ ਸੀ। ਸਾਰੀ ਰਾਤ ਉਸ ਨੂੰ ਨੀਂਦ ਨਾ ਆਈ। ਇਨੇ ਪੈਸੇ ਕਿੱਥੇ ਛੁਪਾਵੇ। ਕਦੇ ਬੈੱਡ ਦੇ ਹੇਠਾਂ, ਕਦੇ ਪਰਸ 'ਚ ਤੇ ਕਦੇ ਕਾਰਪੈਟ ਨੀਚੇ। ਸਾਰੀ ਰਾਤ ਉਹ ਕਰਵਟਾਂ ਬਦਲਦੀ ਰਹੀ। ਦੱਤੇ ਦੀਆਂ ਕਹੀਆਂ ਗੱਲਾਂ ਉਸ ਦੇ ਕੰਨਾਂ ਵਿਚ ਗੂੰਜਦੀਆਂ ਰਹੀਆਂ।

ਗੀਤਾ ਘੁੰਮਣ ਘੇਰੀਆਂ ਵਿਚ ਪੈ ਗਈ। ਉਸਨੂੰ ਸਮਝ ਨਹੀਂ ਆ ਰਿਹਾ ਸੀ ਕਿ ਕੀ ਕਰੇ। ਬੜੀ ਮੁਸ਼ਕਿਲ ਨਾਲ ਕੰਮ ਮਿਲਿਆ ਹੈ। ਜੇ ਮਿਲਿਆ ਹੈ ਤਾਂ ਨਵੀਂ ਚਿੰਤਾ ਨੇ ਆ ਘੇਰਿਆ। ਪੰਡਤਾਂ ਦੀ ਕੁੜੀ ਹੈ ਉਹ, ਅੱਗੇ ਨਾ ਪਿਛੇ ਕਿਸੇ ਨੇ ਪਰੀਵਾਰ 'ਚ ਅਜਿਹਾ ਕੰਮ ਨਹੀਂ ਕੀਤਾ। ਇਸ ਪਾਪ ਦਾ ਬੋਝ ਕਿਵੇਂ ਚੁੱਕੇਗੀ। ਉਸ ਦੇ ਮਨ ਨੇ ਲਾਹਣਤ ਪਾਈ। ਦੂਜੇ ਦਿਨ ਉਹ ਸ਼ਾਮ ਨੂੰ ਕੰਮ 'ਤੇ ਗਈ ਤਾਂ ਦੱਤਾ ਅੰਕਲ ਉਸ ਨੂੰ ਬੜੇ ਪਿਆਰ ਨਾਲ ਮਿਲਿਆ। ਉਸ ਨੇ ਇਕ ਵਾਰ ਵੀ ਜ਼ਾਹਰ ਨਾ ਹੋਣ ਦਿਤਾ ਕਿ ਉਸ ਦੇ ਮਨ ਵਿਚ ਗੀਤਾ ਲਈ ਕੋਈ ਰੋਸ ਹੈ। ਗੀਤਾ ਚੁੱਪ ਚਾਪ ਕੰਮ ਕਰ ਕੇ ਵਾਪਸ ਆ ਗਈ।

ਉਸ ਰਾਤ ਵੀ ਉਸ ਨੂੰ ਨੀਂਦ ਨਹੀਂ ਆਈ ਸੀ। ਪਰਸ 'ਚ ਪਏ ਨੋਟ ਉਸ ਨੂੰ ਸੌਣ ਨਹੀਂ ਦੇ ਰਹੇ ਸੀ। ਅੱਧੀ ਕੁ ਰਾਤ ਨੂੰ ਉਸ ਦੇ ਆਦਮੀ ਨੇ ਘਰ ਦੇ ਬੂਹੇ ਭੰਨੇ। ਸ਼ਾਇਦ ਉਹ ਸ਼ਰਾਬ ਪੀ ਕੇ ਆਇਆ ਸੀ ਅਤੇ ਗੁੱਸੇ ਵਿਚ ਉਸ ਨੂੰ ਗਾਲ੍ਹਾਂ ਕੱਢ ਰਿਹਾ ਸੀ। ਗੀਤਾ ਨੇ ਉੱਠ ਕੇ ਬੂਹਾ ਖੋਹਲਿਆ। ਬੂਹਾ ਖੁਲ੍ਹਦਿਆਂ ਹੀ ਉਸ ਨੇ ਗੀਤਾ ਦੇ ਤਿੰਨ ਚਾਰ ਥੱਪੜ ਮਾਰੇ। ਫੇਰ ਲੱਤਾਂ ਮਾਰ ਕੇ ਉਸ ਦੀ ਪਿੱਠ ਤੋੜਨ ਵਾਲੀ ਕਰ ਦਿਤੀ।

''ਸਟੂਪਿਡ...। ਆਈ ਵਿੱਲ ਕਿੱਲ ਯੂ। ਕਿੱਦਾਂ ਸੁੱਤੀ ਪਈ ਆ। ਕੇਅਰਲੈਸ...ਮੈਂ ਦੋ ਘੰਟੇ ਤੋਂ ਡੋਰ ਨਾਕ ਕਰ ਰਿਹਾ ਹਾਂ...ਤੈਨੂੰ ਸੁਣਦਾ ਨਹੀਂ?'' ਉਹ ਨਸ਼ੇ 'ਚ ਡਿਕਡੋਲੇ ਖਾ ਰਿਹਾ ਸੀ।

ਗੀਤਾ ਦੀਆਂ ਚੀਕਾਂ ਨਿਕਲ ਗਈਆਂ। ਘਰ ਦਾ ਕੋਈ ਮੈਂਬਰ ਉੱਠ ਕੇ ਉਸ ਨੂੰ ਛੁਡਾਉਣ ਨਾ ਆਇਆ। ਸਭ ਆਰਾਮ ਨਾਲ ਆਪਣੇ ਕਮਰਿਆਂ ਵਿਚ ਸੁੱਤੇ ਪਏ ਸੀ ਜਿਵੇਂ ਇਹ ਰੁਟੀਨ ਦੀ ਗੱਲ ਹੋਵੇ। ਉਸਦੀ ਛੋਟੀ ਜਿਹੀ ਧੀ ਨੀਂਦ 'ਚੋਂ ਡਰ ਕੇ ਜਾਗ ਪਈ ਸੀ ਤੇ ਉਸ ਦੀਆਂ ਲੱਤਾਂ ਨਾਲ ਚੰਬੜੀ ਰੋ ਰਹੀ ਸੀ। ਗੀਤਾ ਨੇ ਬੱਚੀ ਨੂੰ ਚੁੱਕ ਕੇ ਛਾਤੀ ਨਾਲ ਲਗਾ ਲਿਆ ਅਤੇ ਰੋਂਦੀ ਰੋਂਦੀ ਆਪਣੇ ਕਮਰੇ 'ਚ ਚਲੀ ਗਈ। ਸਾਰੀ ਰਾਤ ਉਹ ਦਰਦ ਨਾਲ ਕੁਰਲਾਂਦੀ ਰਹੀ।

''ਤੇਰੇ ਮੂੰਹ ਤੇ ਇਹ ਨੀਲ ਕਾਹਦੇ ਪਏ ਹੋਏ ਨੇ?'' ਦੂਜੇ ਦਿਨ ਦੱਤੇ ਨੇ ਉਸ ਦੇ ਸੁੱਜੇ ਹੋਏ ਮੂੰਹ ਨੂੰ ਵੇਖ ਕੇ ਪੁੱਛਿਆ ਸੀ।

''ਅੰਕਲ ਜੀ, ਮੇਰੇ ਆਦਮੀ ਨੇ ਰਾਤ ਮੈਨੂੰ ਬਹੁਤ ਮਾਰਿਆ। ਘਰ ਦੇ ਕਿਸੇ ਜੀਅ ਨੇ ਨਹੀਂ ਛੁਡਾਇਆ....ਮੇਰੇ ਪਾਸੇ ਭੰਨ ਦਿਤੇ....।'' ਆਖ ਕੇ ਗੀਤਾ ਨੇ ਆਪਣੀ ਪਿੱਠ ਉਸ ਅੱਗੇ ਨੰਗੀ ਕਰ ਦਿਤੀ।

''ਓਏ ਹੋਏ....। ਮੈਂ ਤੈਨੂੰ ਕਿੰਨਾ ਸਮਝਾਇਆ ਸੀ ਕਿ ਉਹ ਟੱਬਰ ਕਸਾਈਆਂ ਦਾ ਹੈ ਤੈਨੂੰ ਜਾਨੋਂ ਮਾਰ ਦੇਣਗੇ। ਆਪਣੀ ਨਾ ਸੋਚ ਆਪਣੀ ਬੱਚੀ ਦੀ ਸੋਚ। ਮਾਂ ਬਗੈਰ ਇਸ

ਦਾ ਕੀ ਬਣੇਗਾ...?'' ਦੱਤੇ ਨੇ ਉਸ ਦੇ ਅੱਥਰੂ ਪੂੰਝਦਿਆਂ ਕਿਹਾ। ਗੀਤਾ ਜੋ ਰਾਤ ਦੀ ਮਾਰ ਕਾਰਨ ਭਰੀ ਪੀਤੀ ਪਈ ਸੀ ਥੋੜ੍ਹੀ ਹਮਦਰਦੀ ਪਾ ਕੇ ਹੀ ਫੁੱਟ ਪਈ.

''ਮੈਂ ਕੀ ਕਰਾਂ ਅੰਕਲ ਜੀ, ਤਿੰਨ ਸਾਲ ਹੋ ਗਏ ਨੇ ਮਾਰਾਂ ਕੁੱਟਾਂ ਖਾਂਦੀ ਨੂੰ। ਕਿਸੇ ਅਰਥ ਨਹੀਂ ਲੱਗ ਰਹੀਆਂ। ਹੁਣ ਤਾਂ ਉਹ ਮੇਰੀ ਬੱਚੀ ਨੂੰ ਵੀ ਚੁੱਕ ਚੁੱਕ ਕੇ ਮਾਰਦਾ ਹੈ ਕਿ ਤੇਰੇ ਨਾਲ ਇਸ ਦਾ ਵੀ ਕੰਮ ਮੁਕਾ ਦੇਣਾ ਹੈ।''

''ਇਦਾਂ ਕਿਵੇਂ ਮਾਰ ਦੇਵੇਗਾ? ਕੋਈ ਕਾਨੂੰਨ ਹੈ ਇਸ ਮੁਲਕ ਦਾ। ਸਾਲੇ ਦੇ ਭਾਂਡੇ ਨਾ ਵਿਕਵਾ ਦਿਤੇ ਤਾਂ ਦੱਤਾ ਨਾ ਕਹੀਂ।''

ਨੀਤੂ ਜੋ ਸੁੱਤੀ ਪਈ ਸੀ ਦੱਤੇ ਦੀ ਆਵਾਜ਼ ਸੁਣ ਕੇ ਜਾਗ ਪਈ।

''ਨੀਤੂ ਨੇ ਅੱਜ ਸਵੇਰ ਦਾ ਦੁੱਧ ਨਹੀਂ ਪੀਤਾ ਅੰਕਲ ਜੀ...ਭੁੱਖੀ ਰੋ ਰਹੀ ਹੈ।'' ਗੀਤਾ ਨੇ ਰੋਂਦੀ ਨੇ ਦੱਸਿਆ।

''ਪਾਗ਼ਲ! ਬੱਚੀ ਨੂੰ ਕਿਉਂ ਭੁੱਖੀ ਰੱਖਿਆ?'' ਉਸ ਨੇ ਭੱਜ ਕੇ ਨੀਤੂ ਨੂੰ ਚੁੱਕ ਲਿਆ। ਕਿਚਨ 'ਚ ਜਾ ਕੇ ਦੁੱਧ ਗਰਮ ਕਰ ਕੇ ਨੀਤੂ ਨੂੰ ਪਿਲਾਇਆ।

''ਮੈਨੂੰ ਤਾਂ ਲੱਗਦਾ ਹੈ ਜਿਵੇਂ ਅੱਜ ਤੂੰ ਵੀ ਕੁਝ ਨਹੀਂ ਖਾਧਾ।'' ਦੱਤੇ ਨੇ ਗੀਤਾ ਦੇ ਮੋਢੇ 'ਤੇ ਹੱਥ ਰੱਖਿਆ। ਗੀਤਾ ਨੇ ਹਾਂ ਵਿਚ ਸਿਰ ਹਿਲਾ ਦਿਤਾ। ਦੱਤੇ ਨੇ ਫਰਿੱਜ 'ਚੋਂ ਚੀਜ਼ਾਂ ਕੱਢ ਕੇ ਗਰਮ ਕੀਤੀਆਂ। ਦੋ ਦਿਨਾਂ ਦੀ ਭੁੱਖੀ ਗੀਤਾ ਰੋਟੀ ਖਾਣ ਲੱਗੀ ਫੁੱਟ ਫੁੱਟ ਕੇ ਰੋ ਪਈ।

ਤੇ ਫਿਰ ਉਸ ਰਾਤ ਜਿਵੇਂ ਗੀਤਾ ਨੇ ਆਪਣੇ ਸਹੁਰਿਆਂ ਨਾਲ ਬਦਲਾ ਲਿਆ ਸੀ। ਸ਼ਰਾਫਤ ਦੇ ਝੂਠੇ ਖੋਲ ਨੂੰ ਤੋੜ ਕੇ ਉਹ ਦੱਤੇ ਨਾਲ ਜਾ ਸੁੱਤੀ ਸੀ।

''ਹੁਣ ਦੱਸਾਂਗੀ ਕੰਜਰਾਂ ਨੂੰ ਕਿ ਕਿਵੇਂ ਮਾਰੀਦਾ ਕੁੱਟੀਦਾ ਹੈ ਬੇਗਾਨੀਆਂ ਧੀਆਂ ਨੂੰ। ਜੇ ਇਨ੍ਹਾਂ ਦੀ ਹਿੱਕ 'ਤੇ ਮੂੰਗ ਨਾ ਦਲੀ ਤਾਂ ਮੇਰਾ ਵੀ ਨਾਂ ਨਹੀਂ। ਦੂਜਾ ਵਿਆਹ ਕਰਵਾ ਕੇ ਸਾਹਮਣੇ ਘਰ ਵਸਾਊਂ ਇਨ੍ਹਾਂ ਦੇ। ਫੇਰ ਪਤਾ ਲੱਗੂ ਨੁਕਸ ਏਨ੍ਹਾਂ ਦੇ ਮੁੰਡੇ 'ਚ ਨੇ ਕਿ ਮੇਰੇ 'ਚ। ਫਸਟ ਕਲਾਸ ਮੈਚ ਲੱਭਾਂਗੀ ਆਪਣੀ ਪਸੰਦ ਦਾ ਜਾਂ ਇੰਡੀਆ ਤੋਂ ਮੁੰਡਾ ਲੈ ਆਵਾਂਗੀ.....।'' ਉਹ ਸਾਰੀ ਰਾਤ ਦੱਤੇ ਨਾਲ ਪਈ ਭਵਿੱਖ ਦੀਆਂ ਸਕੀਮਾਂ ਘੜਦੀ ਰਹੀ। ਸਵੇਰੇ ਦੱਤੇ ਦੇ ਚਿਹਰੇ 'ਤੇ ਲਾਲੀਆਂ ਚੜ੍ਹੀਆਂ ਹੋਈਆਂ ਸੀ ਤੇ ਅੱਖਾਂ ਵਿਚ ਕਿਸੇ ਜਿੱਤ ਦੀ ਚਮਕ, ਜਿਵੇਂ ਉਸ ਨੇ ਕੋਈ ਕਿਲ੍ਹਾ ਫਤਹਿ ਕੀਤਾ ਹੋਵੇ।

ਦੂਜੇ ਦਿਨ ਦੱਤੇ ਨੇ ਦੋਹਾਂ ਮਾਵਾਂ ਧੀਆਂ ਨੂੰ ਸੋਸ਼ਲ ਸੱਕਿਓਰਟੀ ਦੇ ਦਫਤਰ ਭੇਜ ਦਿੱਤਾ। ਗੀਤਾ ਅਤੇ ਬੱਚੀ ਦੀ ਹਾਲਤ ਨੂੰ ਵੇਖਦਿਆਂ ਸੋਸ਼ਲ ਸਰਵਿਸਿਜ਼ ਵਾਲਿਆਂ ਨੇ ਝੱਟ ਉਨ੍ਹਾਂ ਨੂੰ ਸਪੈਸ਼ਲ ਕੇਅਰ ਵਿਚ ਲੈ ਲਿਆ। ਉਸ ਦੇ ਸਹੁਰਿਆਂ ਨੂੰ ਹਵਾ ਵੀ ਨਾ ਮਿਲੀ ਕਿ ਗੀਤਾ ਆਪਣੀ ਦੋ ਸਾਲ ਦੀ ਧੀ ਨੂੰ ਲੈ ਕੇ ਕਿਥੇ ਗਈ ਹੈ। ਛੇਤੀ ਹੀ ਗੀਤਾਂ ਨੂੰ ਕੌਂਸਲ ਦਾ ਫਲੈਟ ਮਿਲ ਗਿਆ।

ਕੁਸ਼ੱਲਿਆ ਦੇਵੀ ਇੰਡੀਆ ਤੋਂ ਤੀਰਥ ਯਾਤਰਾ ਕਰ ਕੇ ਵਾਪਸ ਆ ਗਈ ਸੀ। ਦੱਤੇ ਨੇ ਗੀਤਾ ਦੀ ਸਾਰੀ ਕਹਾਣੀ ਆਪਣੀ ਪਤਨੀ ਨੂੰ ਸੁਣਾਈ–

''ਦੇਖ ਤੂੰ ਰੱਬ ਦੀ ਭਗਤਣੀ ਹੈਂ। ਜਣੇ ਖਣੇ ਦਾ ਭਲਾ ਕਰਦੀ ਹੈਂ। ਇਸ ਕੁੜੀ ਦਾ ਵੀ ਭਲਾ ਕਰ ਦੇ। ਨਾਲੇ ਇਹ ਪੰਡਤਾਂ ਦੀ ਧੀ ਹੈ, ਤੇਰਾ ਫਲ ਦੂੱਗਣਾ ਹੋ ਕੇ ਲੱਗੇਗਾ। ਵਿਚਾਰੀ ਦਾ ਇਸ ਮੁਲਕ ਵਿਚ ਕੋਈ ਨਹੀਂ ਹੈ। ਆਪਣੀ ਧੀ ਬਣਾ ਲੈ ਇਸ ਨੂੰ। ਤੇਰੀ

ਸੇਵਾ ਕਰੇਗੀ....ਨਾਲੇ ਪੁੰਨ ਨਾਲੇ ਫਲੀਆਂ....।"

ਕੁਸ਼ੱਲਿਆ ਦੇਵੀ ਨੂੰ ਜ਼ਿੰਦਗੀ 'ਚ ਪਹਿਲੀ ਵਾਰ ਆਪਣੇ ਆਦਮੀ ਦੀ ਗੱਲ ਚੰਗੀ ਲੱਗੀ ਸੀ। ਇਹ ਸ਼ਰਾਬੀ ਕਬਾਬੀ ਬੰਦਾ ਸਾਰੀ ਉਮਰ ਬਾਹਰ ਤੀਵੀਆਂ ਨਾਲ ਧੱਕੇ ਖਾਂਦਾ ਰਿਹਾ ਹੈ....ਪਹਿਲੀ ਵਾਰ ਇਸ ਨੇ ਕਿਸੇ ਦੀ ਧੀ ਭੈਣ ਨੂੰ ਆਪਣੀ ਧੀ ਵਾਂਗ ਸਮਝਿਆ ਹੈ ਤੇ ਇਸ ਦੇ ਮਨ ਵਿਚ ਦਯਾ ਜਾਗੀ ਹੈ। ਸ਼ਾਇਦ ਇਹ ਉਸ ਦੀ ਤੀਰਥ ਯਾਤਰਾ ਦਾ ਹੀ ਫਲ ਹੈ ਕਿ ਉਸ ਦਾ ਆਦਮੀ ਸਿੱਧੇ ਰਸਤੇ ਆ ਗਿਆ ਹੈ। ਉਹ ਖ਼ੁਦ ਗੀਤਾ ਦੇ ਘਰ ਗਈ ਅਤੇ ਉਸ ਦੇ ਸਿਰ 'ਤੇ ਹੱਥ ਰੱਖਿਆ ਕਿ ਉਹਨਾਂ ਦੇ ਹੁੰਦੇ ਉਹ ਆਪਣੇ ਆਪ ਨੂੰ ਇਕੱਲੀ ਨਾ ਸਮਝੇ।

ਗੀਤਾ ਨੂੰ ਫਲੈਟ ਕੀ ਮਿਲਿਆ ਦੱਤੇ ਵਾਸਤੇ ਉਹ ਆਰਾਮਗਾਹ ਬਣ ਗਈ। ਦਿਨੇ ਜਦੋਂ ਵੀ ਵਿਹਲਾ ਹੁੰਦਾ ਉਹ ਉਥੇ ਆ ਜਾਂਦਾ। ਰਾਤਾਂ ਉਹਦੇ ਨਾਲ ਗੁਜ਼ਾਰਦਾ ਤੇ ਸਾਰੇ ਮੁਲਕ 'ਚ ਉਹਨੂੰ ਆਪਣੇ ਨਾਲ ਘੁੰਮਾਈ ਫਿਰਦਾ। ਗੀਤਾ ਦੇ ਜਿਵੇਂ ਅਚਾਨਕ ਦਿਨ ਬਦਲ ਗਏ ਸੀ। ਹਰ ਸੁੱਖ ਆਰਾਮ ਉਸ ਨੂੰ ਹੁਣ ਹਾਸਲ ਸੀ। ਉਹ ਇੰਤਜ਼ਾਰ ਕਰ ਰਹੀ ਸੀ ਕਦੋਂ ਉਸ ਦਾ ਡਾਇਵੋਰਸ ਹੋਵੇ ਤੇ ਉਹ ਆਪਣਾ ਦੂਜਾ ਵਿਆਹ ਕਰਵਾਵੇ। ਕੁਸ਼ੱਲਿਆ ਦੇਵੀ ਅਤੇ ਦੱਤਾ ਨੇ ਕੋਰਟ ਕਚਹਿਰੀ ਹੋਣ ਵਿਚ ਉਸ ਦੀ ਪੂਰੀ ਮਦਦ ਕੀਤੀ ਸੀ। ਸਾਰੀ ਦੁਨੀਆਂ ਨੂੰ ਦੱਸ ਦਿਤਾ ਸੀ ਕਿ ਉਨ੍ਹਾਂ ਨੇ ਗੀਤਾ ਨੂੰ ਆਪਣੀ ਧੀ ਬਣਾ ਲਿਆ ਹੈ। ਉਹ ਸ਼ਰੇਆਮ ਉਨ੍ਹਾਂ ਦੇ ਘਰ ਆਉਂਦੀ ਜਾਂਦੀ ਸੀ ਤੇ ਦੱਤੇ ਲਈ ਵੀ ਗੀਤਾ ਦੇ ਘਰ ਜਾਣ ਦੇ ਰਾਹ ਖੁੱਲ੍ਹ ਗਏ ਸੀ।

ਤਿੰਨ ਸਾਲ ਕਿਵੇਂ ਲੰਘ ਗਏ ਗੀਤਾ ਨੂੰ ਪਤਾ ਨਾ ਲੱਗਿਆ। ਔਖਾ ਲੰਘਿਆ ਸੀ ਤਾਂ ਪਹਿਲਾ ਸਾਲ, ਜਦੋਂ ਉਹ ਸਾਲ 'ਚ ਛੇ ਵਾਰ ਗਰਭਵਤੀ ਹੋ ਗਈ ਸੀ। ਹਰ ਦੂਜੇ ਮਹੀਨੇ ਉਸ ਨੂੰ ਗਰਭ ਠਹਿਰ ਜਾਂਦਾ। ਜਦੋਂ ਪਹਿਲੀ ਵਾਰ ਇਦਾਂ ਹੋਇਆ ਸੀ ਤਾਂ ਉਹ ਬਹੁਤ ਘਬਰਾਈ ਸੀ, ਪਤਾ ਨਹੀਂ ਸੀ ਕੀ ਕਰੇ। ਪਰ ਦੱਤੇ ਨੇ ਉਸ ਨੂੰ ਪੈਸੇ ਦੇ ਕੇ ਪ੍ਰਾਈਵੇਟ ਕਲੀਨਿਕ 'ਚ ਭੇਜ ਦਿੱਤਾ ਸੀ। ਗੀਤਾ ਬਹੁਤ ਰੋਈ ਸੀ ਜਦੋਂ ਉਸ ਨੇ ਫਾਰਮ ਭਰਿਆ ਕਿ ਉਸ ਦਾ ਕੋਈ ਨਹੀਂ ਹੈ। ਉਸ ਨੇ ਅੱਖਾਂ ਮੀਟ ਕੇ ਆਪਣੇ ਆਪ ਨੂੰ ਆਪਰੇਸ਼ਨ ਥੀਏਟਰ ਵਿਚ ਸੁੱਟ ਦਿਤਾ ਸੀ। ਹੋਸ਼ ਆਈ ਤਾਂ ਉਹ ਹਲਕੀ ਫੁੱਲ ਵਰਗੀ ਹੋ ਚੁੱਕੀ ਸੀ। ਫੇਰ ਇਹ ਕਈ ਵਾਰ ਹੋਇਆ। ਹਰ ਵਾਰ ਦੱਤਾ ਉਸ ਨੂੰ ਪੈਸੇ ਦਿੰਦਾ ਤੇ ਕਲੀਨਿਕ ਭੇਜ ਦਿੰਦਾ। ਉਹ ਦਰਦ ਨਾਲ ਛਟਪਟਾਂਦੀ....ਰੋਂਦੀ ਕੁਰਲਾਂਦੀ ਅਤੇ ਅੱਗੇ ਲਈ ਤੋਬਾ ਕਰਦੀ। ਪਰ ਹਫਤੇ ਦਸ ਦਿਨ ਬਾਅਦ ਫਿਰ ਦੱਤੇ ਵਿਚਲਾ ਮਰਦ ਜਾਗ ਪੈਂਦਾ। ਦੱਤੇ ਲਈ ਇਹ ਇਕ ਖੇਡ ਬਣ ਗਈ ਸੀ ਜਿਵੇਂ ਕੋਈ ਖਿਡਾਰੀ ਵਾਰ ਵਾਰ ਗੋਲ ਕਰਦਾ ਹੈ ਤੇ ਉਸ ਦਾ ਆਤਮ ਵਿਸ਼ਵਾਸ਼ ਵੱਧਦਾ ਜਾਂਦਾ ਹੈ ਕਿ ਉਹ ਕਿੰਨਾ ਵਧੀਆ ਖਿਡਾਰੀ ਹੈ। ਸ਼ਾਇਦ ਉਵੇਂ ਹੀ ਦੱਤੇ ਦੀ ਹਉਮੈ ਪੂਰੀ ਹੁੰਦੀ ਸੀ ਕਿ ਉਹ ਪੰਜਾਹ ਸਾਲ ਦਾ ਹੋ ਕੇ ਵੀਹ ਸਾਲਾਂ ਦੀ ਕੁੜੀ ਨੂੰ ਗਰਭਵਤੀ ਕਰ ਸਕਦਾ ਹੈ। ਜਦੋਂ ਵੀ ਗੀਤਾ ਇਸ ਹਾਲ 'ਚ ਹੁੰਦੀ, ਦੱਤੇ ਦੇ ਚਿਹਰੇ 'ਤੇ ਅਜੀਬ ਜਿਹੀ ਚਮਕ ਆ ਜਾਂਦੀ। ਦਰਦ ਬਰਦਾਸ਼ਤ ਕਰਦੀ ਸੀ ਤਾਂ ਗੀਤਾ। ਹਾਰ ਕੇ ਉਸ ਨੇ ਆਪਣਾ ਆਪਰੇਸ਼ਨ ਹੀ ਕਰਵਾ ਲਿਆ। ਰੋਜ਼ ਰੋਜ਼ ਦਾ ਝਗੜਾ ਮੁਕਾਇਆ।

ਤਿੰਨ ਸਾਲਾਂ ਬਾਅਦ ਗੀਤਾ ਦਾ ਤਲਾਕ ਹੋ ਗਿਆ। ਉਹ ਸੋਚ ਰਹੀ ਸੀ ਕਿ ਹੁਣ ਉਹ

ਵਿਆਹ ਕਰਵਾ ਲਵੇ। ਨੀਤੂ ਹਾਲੇ ਛੋਟੀ ਹੈ, ਵੱਡੀ ਹੋ ਗਈ ਤਾਂ ਕਿਸੇ ਅਜਨਬੀ ਨੂੰ ਬਾਪ ਦੇ ਤੌਰ 'ਤੇ ਸਵੀਕਾਰ ਨਹੀਂ ਕਰੇਗੀ। ਉਸ ਨੇ ਇਕ ਦਿਨ ਆਪਣੇ ਦਿਲ ਦੀ ਗੱਲ ਦੱਤੇ ਨੂੰ ਦੱਸੀ। ਦੱਤੇ ਦੇ ਚਿਹਰੇ 'ਤੇ ਧੂੰਆਂ ਜਿਹਾ ਉਡਿਆ। ਉਹ ਬੋਲਿਆ ਕੁਝ ਨਹੀਂ। ਪਰ ਉਸ ਦਿਨ ਤੋਂ ਬਾਅਦ ਉਸ ਦਾ ਰਵਈਆ ਬਦਲ ਗਿਆ ਸੀ। ਹੁਣ ਹਰ ਵੇਲੇ ਉਹ ਗੀਤਾ 'ਤੇ ਅੱਖ ਰੱਖਦਾ। ਵੇਲੇ ਕੁਵੇਲੇ ਘਰ ਚੱਕਰ ਮਾਰਦਾ ਕਿ ਪਿਛੋਂ ਕੋਈ ਹੋਰ ਤਾਂ ਨਹੀਂ ਆਉਂਦਾ। ਇਕ ਦਿਨ ਗੈਸ ਕੁੱਕਰ ਠੀਕ ਕਰਨ ਵਾਲਾ ਮਕੈਨਿਕ ਆਇਆ ਹੋਇਆ ਸੀ। ਉਸ ਵੇਲੇ ਦੱਤਾ ਵੀ ਘਰ ਆ ਗਿਆ।

''ਅੱਛਾ ਮੇਰੇ ਪਿਛੋਂ ਬਹਾਨੇ ਬਣਾ ਕੇ ਯਾਰਾਂ ਨੂੰ ਬੁਲਾਉਂਦੀ ਹੈਂ...?'' ਉਸ ਨੇ ਗੀਤਾ 'ਤੇ ਹੱਥ ਚੁੱਕਿਆ।

ਗੀਤਾ ਹੱਕੀ ਬੱਕੀ ਰਹਿ ਗਈ। ਦੱਤੇ ਦਾ ਇਹ ਰੂਪ ਉਸ ਨੇ ਪਹਿਲੀ ਵਾਰ ਦੇਖਿਆ ਸੀ।

''ਅੰਕਲ ਜੀ...।'' ਉਹ ਚੀਕ ਪਈ।

''ਸ਼ੱਟ ਅਪ। ਸਾਲੀ ਅੰਕਲ ਦੀ...। ਅੰਕਲ ਹਾਂ ਮੈਂ ਤੇਰਾ? ਦੁਨੀਆਂ ਸਾਹਮਣੇ ਡਰਾਮੇ ਕਰਦੀ ਫਿਰਦੀ ਹੈ...ਬੇਗ਼ੈਰਤ। ਆਪਣੇ ਅੰਦਰ ਝਾਕ ਕੇ ਦੇਖ ਮੈਂ ਤੇਰਾ ਕੀ ਲੱਗਦਾ ਹਾਂ...?'' ਉਹ ਦਹਾੜਿਆ।

''ਤੂੰ ਮੇਰਾ ਕੀ ਲੱਗਦਾ ਹੈਂ....ਉਹ ਤੈਨੂੰ ਵੀ ਪਤਾ ਹੈ ਤੇ ਮੈਨੂੰ ਵੀ ਪਰ ਲੋਕਾਂ ਸਾਹਮਣੇ ਜਲੂਸ ਕਿਉਂ ਕੱਢਦਾ ਹੈਂ। ਕਿਸੇ ਬਾਹਰਲੇ ਬੰਦੇ ਦੀ ਤਾਂ ਸ਼ਰਮ ਕਰ।'' ਉਹ 'ਤੁਸੀਂ' ਤੋਂ 'ਤੂੰ' 'ਤੇ ਉੱਤਰ ਆਈ ਸੀ।

''ਸ਼ਰਮ ਤੂੰ ਕਰ। ਮਾਲ ਮੇਰਾ ਖਾਨੀ ਹੈਂ ਤੇ ਐਸ਼ ਯਾਰਾਂ ਨਾਲ ਕਰਦੀ ਹੈਂ। ਸਾਲੀਏ ਜੇ ਜਵਾਨ ਮੁੰਡਿਆਂ ਨਾਲ ਸੌਣ ਦਾ ਏਨਾ ਹੀ ਸ਼ੌਕ ਹੈ ਤਾਂ ਮੈਨੂੰ ਬੁੱਢੇ ਠੇਰੇ ਨੂੰ ਕਿਉਂ ਪਿੱਛੇ ਲਾਈ ਫਿਰਦੀ ਹੈਂ....।'' ਦੱਤਾ ਝੱਗ ਛੱਡ ਰਿਹਾ ਸੀ।

ਗੋਰਾ ਮਕੈਨਿਕ ਜੋ ਉਨ੍ਹਾਂ ਦੀ ਭਾਸ਼ਾ ਨਹੀਂ ਸਮਝਦਾ ਸੀ, ਮੁਸਕਰਾਉਂਦਾ ਹੋਇਆ ਬਾਹਰ ਚਲਿਆ ਗਿਆ। ਗੀਤਾ ਨੇ ਆਪਣਾ ਆਪ ਅਪਮਾਣਿਤ ਹੋਇਆ ਮਹਿਸੂਸ ਕੀਤਾ। ਉਸ ਨੂੰ ਦੱਤੇ ਤੋਂ ਅਜਿਹੀ ਉਮੀਦ ਨਹੀਂ ਸੀ।

''ਮੈਂ ਨਹੀਂ ਚਾਹੁੰਦਾ ਮੇਰੇ ਬਗ਼ੈਰ ਪੁੱਛੇ ਕੋਈ ਮੇਰੇ ਘਰ ਵਿਚ ਆਵੇ...।'' ਉਹ ਉਸ ਦੇ ਵਾਲ ਪੁੱਟਦਾ ਹੋਇਆ ਬੋਲਿਆ।

''ਤੇਰਾ ਘਰ? ਘਰ ਤਾਂ ਮੇਰਾ ਹੈ। ਕੌਂਸਲ ਨੇ ਦਿਤਾਂ ਹੈ....ਤੇਰਾ ਇਸ ਘਰ ਵਿਚ ਕੀ ਹੈ?'' ਗੀਤਾ ਨੇ ਮੁਸ਼ਕਿਲ ਨਾਲ ਆਪਣੇ ਵਾਲ ਛੁਡਾਏ।

''ਕੌਂਸਲ ਨੇ ਦਿਤਾ ਹੈ? ਜਦੋਂ ਰੋਂਦੀ ਰੋਂਦੀ ਮੇਰੇ ਕੋਲ ਆਈ ਸੀ ਉਦੋਂ ਤੈਨੂੰ ਕਿਸੇ ਨੇ ਮਕਾਨ ਨਹੀਂ ਦਿਤਾ ਰਹਿਣ ਨੂੰ। ਇਹ ਮੇਰੀਆਂ ਮਿਹਰਬਾਨੀਆਂ ਨੇ ਜੋ ਅੱਜ ਤੂੰ ਇਸ ਪੁਜ਼ੀਸ਼ਨ ਵਿਚ ਹੈਂ। ਨਹੀਂ ਤਾਂ ਤੇਰੇ ਵਰਗੀਆਂ ਜਨਾਨੀਆਂ ਦੋ ਦੋ ਪੌਂਡ 'ਚ ਵਿਕਦੀਆਂ ਫਿਰਦੀਆਂ ਨੇ।'' ਦੱਤਾ ਜੋ ਮੂੰਹ 'ਚ ਆ ਰਿਹਾ ਸੀ, ਬੋਲ ਰਿਹਾ ਸੀ।

''ਠੀਕ ਹੈ ਮੈਂ ਆਈ ਸੀ ਤੇਰੇ ਘਰ। ਪਰ ਤੂੰ ਮੈਨੂੰ ਕਿਹਾ ਸੀ ਕਿ ਮੈਂ ਤੇਰੀ ਧੀ ਹਾਂ। ਤੂੰ ਮੇਰਾ ਵਿਆਹ ਕਰ ਦੇਵੇਂਗਾ...ਮੇਰਾ ਘਰ ਵਸਾ ਦੇਵੇਂਗਾ ਮੈਂ..... ਮੈਂ ਤਾਂ ਤੇਰੇ 'ਤੇ ਯਕੀਨ ਕੀਤਾ ਸੀ।'' ਗੀਤਾ ਰੋ ਪਈ।

"ਹਾਂ, ਕਿਹਾ ਸੀ ਤਾ ਘਰ ਵਸਾ ਵੀ ਦਿਤਾ। ਹੁਣ ਬਾਹਰ ਕਿਉਂ ਖੇਹ ਖਾਂਦੀ ਫਿਰਦੀ ਹੈਂ। ਮੇਰੇ ਵਿਚ ਕੀ ਕਮੀ ਹੈ? ਤੈਨੂੰ ਕੋਈ ਕਸਰ ਛੱਡੀ ਹੈ ਮੈਂ ਸੁੱਖ ਦੇਣ ਵਲੋਂ? ਆਦਮੀ ਦਾ ਆਦਮੀ ਤੈਨੂੰ ਮਿਲਿਆ ਹੋਇਆ ਹੈ, ਘਰ ਹੈ, ਬੱਚਾ ਹੈ ਹੋਰ ਤੂੰ ਰੱਬ ਤੋਂ ਕੀ ਭਾਲਦੀ ਹੈਂ...!" ਉਸ ਦੀ ਆਵਾਜ਼ ਕੁਝ ਨੀਵੀਂ ਹੋਈ।

"ਲੋਕਾਂ ਸਾਹਮਣੇ ਤੂੰ ਮੇਰਾ ਬਾਪ ਹੈਂ....ਮੇਰਾ ਆਦਮੀ ਨਹੀਂ। ਫੇਰ ਕਿੰਨੀ ਕੁ ਦੇਰ ਆਪਣੀ ਇਹ ਕਹਾਣੀ ਚੱਲੇਗੀ। ਮੈਂ ਵੀ ਕਿਸੇ ਤਣ ਪੱਤਣ ਲੱਗਾਂ....ਜ਼ਿੰਦਗੀ 'ਚ ਸੈੱਟ ਹੋਵਾਂ। ਖੁੱਲ੍ਹ ਕੇ ਲੋਕਾਂ ਸਾਹਮਣੇ ਆਪਣੇ ਆਦਮੀ ਨਾਲ ਆਵਾਂ ਜਾਵਾਂ। ਇਹ ਵੀ ਕੋਈ ਜ਼ਿੰਦਗੀ ਹੈ? ਨੋਟਾਂ ਨਾਲ ਬੈਂਕ ਭਰੇ ਪਏ ਨੇ, ਘਰ 'ਚ ਹਰ ਚੀਜ਼ ਮੌਜੂਦ ਹੈ ਪਰ....ਪਰ ਮੈਂ ਇਕੱਲੀ ਹਾਂ ਬਿਨਾਂ ਕਿਸੇ ਸਹਾਰੇ ਤੋਂ....।" ਉਸ ਨੇ ਸੁਆਲ ਕੀਤਾ।

"ਸਹਾਰਾ ਮੈਂ ਹਾਂ ਤੇਰਾ। ਮੇਰੀ ਔਰਤ ਦਾ ਮੇਰੇ ਨਾਲ ਵਿਆਹ ਹੋਇਆ ਹੈ। ਕਿੰਨਾ ਕੁ ਮੈਂ ਉਸ ਕੋਲ ਰਹਿ ਰਿਹਾ ਹਾਂ? ਹਰ ਵਕਤ ਤੇਰੇ ਕੋਲ ਹਾਂ।"

"ਪਰ ਮੈਨੂੰ ਚੰਗਾ ਨਹੀਂ ਲੱਗਦਾ ਇਹ। ਜੇ ਮੇਰੀ ਮਜਬੂਰੀ ਤੇਰੇ ਕੋਲ ਵਿਕ ਗਈ ਸੀ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਮੈਂ ਸਾਰੀ ਉਮਰ ਦਾ ਸੌਦਾ ਕੀਤਾ ਸੀ। ਦੋ ਚਾਰ ਸਾਲ ਦੀ ਗੱਲ ਸੀ...ਹੁਣ ਮੈਂ ਆਪਣੇ ਪੈਰਾਂ 'ਤੇ ਖੜ੍ਹੀ ਹਾਂ।" ਗੀਤਾ ਕਠੋਰ ਆਵਾਜ਼ 'ਚ ਬੋਲੀ।

"ਪੈਰਾਂ 'ਤੇ ਖੜ੍ਹੀ ਹੈਂ? ਤੇਰੇ ਇਹ ਪੈਰ ਮੈਂ ਤੋੜ ਵੀ ਸਕਦਾ ਹਾਂ। ਉਨ੍ਹਾਂ ਹੀ ਗਲੀਆਂ 'ਚ ਸੜਕਾਂ 'ਤੇ ਤੈਨੂੰ ਖਾਕ ਛਾਣਨ 'ਤੇ ਮਜਬੂਰ ਕਰ ਸਕਦਾ ਹਾਂ ਜਿਥੋਂ ਤੂੰ ਉੱਠ ਕੇ ਆਈ ਹੈਂ। ਇਕ ਫੋਨ ਕਰਨ ਦੀ ਦੇਰ ਹੈ ਸੋਸ਼ਲ ਸਕਿਓਰਟੀ ਵਾਲਿਆਂ ਨੂੰ ਕਿ ਪੁੱਛੇ ਇਸ ਔਰਤ ਕੋਲ ਇਨਾ ਪੈਸਾ ਤੇ ਸਾਮਾਨ ਕਿਥੋਂ ਆਇਆ, ਜੇ ਪੁੱਠੀ ਚੱਕੀ ਨਾ ਘੁੰਮਾ ਦਿਤੀ ਤਾਂ ਦੱਤਾ ਨਾ ਕਹੀਂ।" ਉਸ ਨੇ ਗੁੱਸੇ 'ਚ ਕੰਧ 'ਤੇ ਮੁੱਕਾ ਮਾਰਿਆ।

"ਜੇ ਤੂੰ ਵਾਪਸ ਖੋਹਣਾ ਹੀ ਸੀ ਤਾਂ ਦਿਤਾ ਕਿਉਂ ਸੀ?" ਗੀਤਾ ਨੇ ਪੁੱਛਿਆ।

"ਮੈਂ ਤੇਰੀ ਔਕਾਤ ਦੇਖਦਾ ਸੀ ਬਾਜ਼ਾਰੂ ਔਰਤ! ਦੇਖਦਾ ਸੀ ਤੂੰ ਕਿਥੋਂ ਤਕ ਗਿਰਦੀ ਹੈਂ, ਤੇਰੇ ਵਰਗੀਆਂ ਮੈਂ ਛੱਤੀ ਸੌ ਤਰੇਹਠ....। ਮੈਨੂੰ ਪਤਾ ਸੀ ਤੂੰ ਨਾਗਿਨ ਵਾਂਗ ਇਕ ਦਿਨ ਡੰਗ ਮਾਰੇਂਗੀ। ਤੇਰਾ ਮਤਲਬ ਸਿਰਫ ਮੇਰੇ ਤੋਂ ਪੈਸੇ ਬਟੋਰਨਾ ਹੈ ਨਾ ਤੂੰ ਮੇਰੀ ਧੀ ਸੀ ਤੇ ਨਾ ਤੀਵੀਂ। ਤੇਰੇ ਵਰਗੀਆਂ ਔਰਤਾਂ ਸਿਰਫ਼ ਪੈਸੇ ਦੀਆਂ ਪੀਰ ਹੁੰਦੀਆਂ ਨੇ....ਉਨ੍ਹਾਂ ਵਾਸਤੇ ਸਿਰਫ ਪੈਸੇ ਦੇ ਰਿਸ਼ਤੇ ਹੁੰਦੇ ਨੇ ਨਾ ਪਿਉ ਦੇ ਨਾ ਪਤੀ ਦੇ...।" ਉਹ ਫੇਰ ਗੀਤਾ ਵੱਲ ਵਧਿਆ।

"ਬਾਜ਼ਾਰੂ ਹੋਵੇਗੀ ਤੇਰੀ ਔਰਤ। ਮੈਂ ਕਿਉਂ ਬਾਜ਼ਾਰੂ ਹਾਂ। ਪਹਿਲਾਂ ਤਾਂ ਤੂੰ ਮੈਨੂੰ ਗੁੰਮਰਾਹ ਕੀਤਾ, ਹੁਣ ਇਲਜ਼ਾਮ ਦੇ ਰਿਹਾ ਹੈਂ....ਤੇਰੇ ਤੋਂ ਵੱਡਾ ਗੁਨਾਹਗਾਰ ਕੌਣ ਹੋਵੇਗਾ....?" ਉਹ ਡਰ ਕੇ ਪਿਛੇ ਹਟ ਗਈ।

"ਮੇਰੀ ਔਰਤ? ਤੂੰ ਮੇਰੀ ਔਰਤ ਦੀ ਰੀਸ ਕਰੇਂਗੀ? ਉਹਦੇ ਪੈਰਾਂ ਵਰਗੀ ਵੀ ਨਹੀਂ ਤੂੰ ਗਸ਼ਤੀਏ...। ਉਹ ਦੇਵੀ ਹੈ ਦੇਵੀ...ਸਾਰੇ ਸ਼ਹਿਰ ਨੂੰ ਪਤਾ ਹੈ ਮੇਰੀ ਔਰਤ ਕੀ ਹੈ। ਲੋਕ ਉਸ ਨੂੰ ਪੂਜਦੇ ਨੇ ਤੇ ਤੇਰੇ ਪਰਛਾਵੇਂ ਤੋਂ ਵੀ ਡਰਦੇ ਨੇ। ਸਭ ਨੂੰ ਪਤਾ ਹੈ ਤੇਰੀਆਂ ਕਰਤੂਤਾਂ ਦਾ...ਜੋ ਤੂੰ ਕਰ ਰਹੀ ਹੈਂ ਲੋਕਾਂ ਤੋਂ ਛੁਪਿਆ ਨਹੀਂ। ਲੋਕ ਪਾਗਲ ਨਹੀਂ। ਇਹ ਬਾਪ ਧੀ ਦਾ ਡਰਾਮਾ ਕੁਸ਼ੱਲਿਆ ਵਰਗੀ ਭੋਲੀ ਭਾਲੀ ਸ਼ਰੀਫ ਔਰਤ ਨੂੰ ਤਾਂ ਬੇਵਕੂਫ

ਬਣਾ ਸਕਦਾ ਹੈ ਪਰ ਸਾਰੀ ਦੁਨੀਆਂ ਨੂੰ ਨਹੀਂ। ਸਾਰੇ ਸ਼ਹਿਰ ਨੂੰ ਪਤਾ ਹੈ ਤੇਰਾ ਮੇਰਾ ਕੀ ਰਿਲੇਸ਼ਨ ਹੈ...।'' ਜਦੋਂ ਉਸ ਨੇ ਛਾਤੀ ਠੋਕ ਕੇ ਕਿਹਾ ਤਾਂ ਜਿਵੇਂ ਗੀਤਾ ਦੇ ਸਿਰ 'ਤੇ ਬਿਜਲੀ ਗਿਰੀ।

ਉਹ ਸੁੰਨ ਹੋ ਕੇ ਸੋਫੇ 'ਤੇ ਬੈਠ ਗਈ। ਕੀ ਸੋਚਿਆ ਸੀ ਕੀ ਹੋ ਗਿਆ। ਤਾਂ ਇਹ ਕਦਰ ਹੈ ਦੱਤੇ ਦੀ ਨਿਗਾਹ ਵਿਚ ਉਸ ਦੀ? 'ਉਸ ਦਾ ਧਰਮ ਦਾ ਬਾਪ...' ਗੀਤਾ ਬੈਠੀ ਬੈਠੀ ਹੱਸ ਪਈ। ਦੱਤਾ ਜੋ ਉਸ ਨੂੰ ਦੂਰ ਖੜ੍ਹਾ ਦੇਖ ਰਿਹਾ ਸੀ, ਉਸ ਦੇ ਕੋਲ ਹੀ ਆ ਕੇ ਬੈਠ ਗਿਆ।

''ਆਪਣਾ ਨਾ ਸੋਚ, ਆਪਣੀ ਧੀ ਦਾ ਸੋਚ, ਭਾਂਤ ਭਾਂਤ ਦੇ ਬੰਦੇ ਘਰ 'ਚ ਬੁਲਾਏਂਗੀ ਤਾਂ ਕੱਲ ਨੂੰ ਤੇਰੀ ਧੀ 'ਤੇ ਵੀ ਅੱਖ ਰੱਖਣਗੇ। ਮੈਨੂੰ ਤਾਂ ਕੋਈ ਫਰਕ ਨਹੀਂ ਪੈਣਾ। ਦਸ ਪੌਂਡ 'ਚ ਤੀਵੀਂ ਮਿਲ ਜਾਂਦੀ ਹੈ...ਮੈਂ ਤਾਂ ਸੋਚਿਆ ਸੀ ਬਈ ਚੱਲ ਤੂੰ ਬੇਸਹਾਰਾ ਹੈਂ ਸੌ ਪੰਜਾਹ ਤੈਨੂੰ ਦੇ ਦੇਊਂ ਸ਼ਰੀਫ ਘਰ ਦੀ ਕੁੜੀ ਲੱਗੀ ਸੀ ਤੂੰ ਮੈਨੂੰ। ਬਾਹਰ ਕਿਤੇ ਜਾਊਂ ਤਾਂ ਸੌ ਬੀਮਾਰੀਆਂ ਦਾ ਡਰ ਹੈ।'' ਉਹ ਗੱਲ ਕਰਦਾ ਗੀਤਾ ਦੇ ਮੂੰਹ ਵੱਲ ਦੇਖ ਰਿਹਾ ਸੀ। ਗੀਤਾ ਨੇ ਕੋਈ ਜੁਆਬ ਨਾ ਦਿਤਾ।

'ਪਾਗਲੇ, ਪਹਿਲੀ ਗੱਲ ਤਾਂ ਹੈ ਤੇਰੇ ਨਾਲ ਕਿਸੇ ਚੱਜ ਦੇ ਮੁੰਡੇ ਨੇ ਵਿਆਹ ਕਰਵਾਉਣਾ ਨਹੀਂ। ਸਭ ਨੂੰ ਤੇਰੇ ਮੇਰੇ ਇਸ਼ਕ ਦਾ ਪਤਾ ਹੈ। ਜੇ ਕੋਈ ਇੰਗਲੈਂਡ ਦੇ ਲਾਲਚ ਨੂੰ ਕਰਵਾ ਵੀ ਗਿਆ ਤਾਂ ਪਾਸਪੋਰਟ 'ਤੇ ਸਟੈਂਪ ਲਵਾ ਕੇ ਤੇਰੇ ਲੱਤ ਮਾਰੇਗਾ। ਚੰਗੀ ਤਰ੍ਹਾਂ ਸੋਚ ਲੈ।'' ਆਖ ਕੇ ਉਹ ਗੁੱਸੇ 'ਚ ਉੱਠ ਕੇ ਚਲਾ ਗਿਆ।

ਪਿਛੇ ਰਹਿ ਗਈ ਸੀ ਗੀਤਾ। ਪਤਾ ਨਹੀਂ ਕੀ ਸੋਚ ਕੇ ਉਸ ਦੀ ਮਾਂ ਨੇ ਉਸ ਦਾ ਨਾਂ ਗੀਤਾ ਰੱਖਿਆ ਸੀ... ਕਿੰਨਾ ਪਵਿੱਤਰ ਨਾਂ .... ਤੇ ਕਿੰਨੀ ਗੰਦੀ ਦਲਦਲ 'ਚ ਫਸ ਗਈ ਸੀ ਗੀਤਾ। ਦਲਦਲ, ਜਿਸ ਵਿਚ ਉਹ ਅੱਖਾਂ ਤੇ ਕੰਨਾਂ ਤਕ ਫਸੀ ਹੋਈ ਸੀ। ਅੱਖਾਂ ਦੇਖਦੀਆਂ ਸੀ ਤੇ ਕੰਨ ਸੁਣਦੇ ਸੀ ਪਰ ਉਹ ਬੋਲ ਨਹੀਂ ਸਕਦੀ ਸੀ, ਕੁਝ ਕਰ ਨਹੀਂ ਸਕਦੀ ਸੀ, ਸਿਰਫ ਦੇਖ ਸਕਦੀ ਸੀ। ਉਹ ਦਲਦਲ ਜਿਸ 'ਚ ਉਸ ਦੀ ਮਾਸੂਮ ਬੱਚੀ ਵੀ ਉਸ ਨਾਲ ਫਸੀ ਹੋਈ ਸੀ। ਕੀ ਸੋਚ ਕੇ ਘਰੋਂ ਨਿਕਲੀ ਸੀ ਕਿ ਸਹੁਰਿਆਂ ਨੂੰ ਸਬਕ ਸਿਖਾ ਦੇਵੇਗੀ ਪਰ ਜ਼ਿੰਦਗੀ ਤੇ ਹਾਲਾਤ ਉਸ ਨੂੰ ਕਿਥੇ ਲੈ ਗਏ ਸੀ...ਕਿਨ੍ਹਾਂ ਰਸਤਿਆਂ 'ਤੇ ਜਿਨ੍ਹਾਂ ਦੀ ਕੋਈ ਮੰਜ਼ਲ ਨਹੀਂ ਸੀ...ਸਿਰਫ ਰਸਤੇ ਹੀ ਰਸਤੇ ਸੀ ਲੰਮੇ....ਬੇਅੰਤ ਰਸਤੇ...। ਹਨੇਰੇ ਸੁੰਨਸਾਨ ਰਸਤੇ...ਘੁੰਮਣ ਘੇਰੀਆਂ ਤੇ ਭੁੱਲ ਭੁਲੇਖੇ। ਕੋਈ ਸਿਰਾ ਨਜ਼ਰ ਨਹੀਂ ਆ ਰਿਹਾ ਸੀ। ਪਹਿਲਾਂ ਆਦਮੀ ਮਿਲਿਆ ਪਤੀ ਬਣ ਕੇ, ਉਸ ਨੇ ਜ਼ਿੰਦਗੀ ਤਬਾਹ ਕਰ ਕੇ ਰੱਖ ਦਿਤੀ। ਇਕ ਰਾਤ ਉਸ ਨਾਲ ਸੌਂ ਕੇ ਉਸ ਨੂੰ ਕੁਆਰੀ ਤੋਂ ਵਿਆਹੀ ਬਣਾ ਦਿਤਾ ਤੇ ਨਿੱਕੀ ਜਿਹੀ ਉਮਰ ਵਿਚ ਉਹ ਮਾਂ ਬਣ ਗਈ। ਦੂਜਾ ਆਦਮੀ ਮਿਲਿਆ ਬਾਪ ਬਣ ਕੇ, ਉਸ ਨੂੰ ਵਰਤਦਾ ਰਿਹਾ ਤੇ ਅਖੀਰ 'ਚ ਬਾਜ਼ਾਰੂ ਔਰਤ ਦਾ ਠੱਪਾ ਉਸ ਦੇ ਮੱਥੇ 'ਤੇ ਲਗਾ ਦਿਤਾ। ਵਾਹ ਨੀ ਔਰਤੇ...! ਤੇਰੀ ਕਿਸਮਤ! ਮਰਦ ਦੀਆਂ ਗਲਤੀਆਂ ਦੀਆਂ ਸਜ਼ਾਵਾਂ ਵੀ ਤੂੰ ਭੁਗਤਦੀ ਹੈਂ ਤੇ ਬਦਨਾਮੀਆਂ ਵੀ ਤੇਰੇ ਸਿਰ 'ਚ ਪੈਂਦੀਆਂ ਨੇ।

ਗੀਤਾ ਦੇ ਮਨ 'ਚ ਪੂਰੀ ਮਰਦ ਜਾਤੀ ਲਈ ਘ੍ਰਿਣਾ ਜਿਹੀ ਜਾਗੀ ਤੇ ਉਸ ਨੇ ਕਾਰਪੈਟ 'ਤੇ ਹੀ 'ਥੂ' ਕਰ ਕੇ ਥੁੱਕ ਦਿਤਾ। ਨੀਤੂ ਸਕੂਲੋਂ ਆ ਗਈ ਸੀ। ਗੀਤਾ ਨੇ ਸਰਸਰੀ ਉਸ ਵਲ ਝਾਤ ਮਾਰੀ। ਪਤਾ ਨਹੀਂ ਕਿਉਂ ਉਸ ਨੂੰ ਨੀਤੂ ਅੱਜ ਇਕ ਦਮ ਵੱਡੀ ਹੋਈ ਲੱਗੀ।

ਸਵੇਰੇ ਜਦੋਂ ਉਹ ਉਸ ਨੂੰ ਸਕੂਲ ਛੱਡ ਕੇ ਆਈ ਸੀ ਤਾਂ ਉਹ ਨਿੱਕੀ ਜਿਹੀ ਬਾਲੜੀ ਸੀ। ਦੱਤੇ ਨਾਲ ਲੜਾਈ ਝਗੜੇ 'ਚ ਉਹ ਨੀਤੂ ਨੂੰ ਸਕੂਲੋਂ ਲੈਣ ਜਾਣਾ ਵੀ ਭੁੱਲ ਗਈ ਸੀ ਤੇ ਨੀਤੂ ਆਪੇ ਇਕੱਲੀ ਸਕੂਲੋਂ ਤੁਰ ਕੇ ਘਰ ਆ ਗਈ ਸੀ। ਗੀਤਾ ਨੂੰ ਲੱਗਿਆ ਜਿਵੇਂ ਨੀਤੂ ਅਚਾਨਕ ਹੀ ਜਵਾਨ ਹੋ ਗਈ ਸੀ। ਉਸ ਨੇ ਆਪਣੀ ਬੱਚੀ ਨੂੰ ਘੁੱਟ ਕੇ ਜੱਫੀ ਪਾ ਲਈ।

''ਲੋਕ ਕੱਲ ਨੂੰ ਤੇਰੀ ਧੀ 'ਤੇ ਵੀ ਅੱਖ ਰੱਖਣਗੇ...।'' ਦੱਤਾ ਦੇ ਕਹੇ ਸ਼ਬਦ ਉਸ ਦੇ ਕੰਨਾਂ ਵਿਚ ਗੂੰਜ ਗਏ।

''ਠੀਕ ਹੀ ਤਾਂ ਕਹਿੰਦਾ ਹੈ ਦੱਤਾ। ਕੌਣ ਉਸ ਦੀ ਧੀ ਨੂੰ ਆਪਣੀ ਧੀ ਸਮਝੇਗਾ। ਦੁਨੀਆਂ ਕਿੰਨੀ ਗੰਦੀ ਹੈ...। ਉਹ ਜੇ ਵਿਆਹ ਕਰਵਾ ਵੀ ਗਈ ਤਾਂ ਨੀਤੂ ਦਾ ਕੀ ਬਣੇਗਾ? ਮੇਰੀ ਬੱਚੀ ਰੁਲ ਜਾਵੇਗੀ। ਮੇਰੇ ਵਾਂਗ ਉਸ ਨੂੰ ਵੀ ਕੋਈ ਖੇਹ ਖਰਾਬ ਕਰੇਗਾ ਤੇ....ਤੇ ਬਾਜ਼ਾਰੂ ਕਹੇਗਾ....ਨਹੀਂ ਨਹੀਂ ਇਹ ਨਹੀਂ ਹੋ ਸਕਦਾ। ਦੱਤਾ ਨੇ ਦੁਨੀਆਂ ਦੇਖੀ ਹੋਈ ਹੈ...ਉਸ ਨੂੰ ਸਭ ਪਤਾ ਹੈ...ਮੈਂ ਆਪਣੀ ਜ਼ਿੰਦਗੀ ਸੈੱਟ ਕਰਨ ਲਈ ਬੱਚੀ ਦੀ ਬਲੀ ਦੇ ਦੇਵਾਂ? ਨਹੀਂ....ਨਹੀਂ।'' ਉਹ ਆਪੇ ਨਾਲ ਗੱਲਾਂ ਕਰ ਸੀ ਤੇ ਰੋ ਰਹੀ ਸੀ।

ਨੀਤੂ ਹੈਰਾਨ ਜਿਹੀ ਹੋਈ ਮਾਂ ਵੱਲ ਦੇਖ ਰਹੀ ਸੀ। ਉਸ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਅਚਾਨਕ ਉਸ ਨੂੰ ਵੇਖ ਕੇ ਮਾਂ ਨੇ ਰੋਣਾ ਕਿਉਂ ਸ਼ੁਰੂ ਕਰ ਦਿਤਾ ਸੀ। ਮੰਮੀ ਤਾਂ ਉਸ ਨੂੰ ਵੇਖ ਕੇ ਫੁੱਲ ਵਾਂਗ ਖਿੜ ਜਾਂਦੀ ਹੁੰਦੀ ਹੈ।

''ਬੇਟੇ...। ਤੇਰੀ ਮਾਂ ਇਕੱਲੀ ਹੈ, ਵੀਕ ਫੀਲ ਕਰਦੀ ਹੈ। ਤੂੰ ਸਹਾਰਾ ਬਣੇਂਗੀ ਆਪਣੀ ਮਾਂ ਦਾ?'' ਉਸ ਨੇ ਨੀਤੂ ਨੂੰ ਗੋਦੀ 'ਚ ਚੁੱਕ ਲਿਆ।

''ਯਸ ਮੰਮ। ਆਈ ਵਿਲ ਬਿਕੱਮ ਏ ਪੁਲੀਸ ਵੂਮੈਨ। ਯੂ ਡੌਂਟ ਵਰੀ ਮੰਮ। ਆਈ ਵਿਲ ਲੁਕ ਆਫਟਰ ਯੂ...।'' ਨੀਤੂ ਨੇ ਮਾਂ ਦੇ ਅੱਥਰੂ ਪੂੰਝੇ।

ਗੀਤਾ ਦੇ ਜਿਵੇਂ ਦਿਮਾਗ਼ ਤੋਂ ਬੋਝ ਉਤਰ ਗਿਆ। ਛੋਟੀ ਜਿਹੀ ਬੱਚੀ ਨੇ ਹੀ ਉਸ ਨੂੰ ਰਾਹ ਦਿਖਾ ਦਿਤਾ ਸੀ। 'ਮੈਂ ਹੁਣ ਆਪਣੀ ਜ਼ਿੰਦਗੀ ਆਪਣੀ ਬੱਚੀ ਦੇ ਨਾਂ ਲਗਾ ਦੇਵਾਂਗੀ. ਇਸ ਨੂੰ ਪੜ੍ਹਾ ਲਿਖਾ ਕੇ ਬਹੁਤ ਵੱਡੀ ਆਫੀਸਰ ਬਣਾਵਾਂਗੀ, ਤਾਂ ਕਿ ਮੇਰੇ ਵਾਂਗ ਧੱਕੇ ਨਾ ਖਾਂਦੀ ਫਿਰੇ। ਮੇਰਾ ਕੀ ਹੈ। ਅੱਧੀ ਉਮਰ ਨਿਕਲ ਗਈ ਹੈ, ਅੱਧੀ ਨਿਕਲ ਜਾਵੇਗੀ।'' ਉਹ ਹੌਂਸਲੇ ਨਾਲ ਉੱਠੀ ਤੇ ਨੀਤੂ ਦੇ ਕੱਪੜੇ ਬਦਲਣ ਲੱਗੀ।

ਸ਼ਾਮ ਨੂੰ ਹੀ ਦੱਤਾ ਫੇਰ ਮੁੜ ਆਇਆ। ਗੀਤਾ ਕੁਝ ਨਾ ਬੋਲੀ। ਬੋਲਣ ਨੂੰ ਰਹਿ ਵੀ ਕੀ ਗਿਆ ਸੀ। ਦੱਤਾ ਨੇ ਆਦਤਣ ਸ਼ਰਾਬ ਪੀਤੀ ਹੋਈ ਸੀ। ਰੋਜ਼ ਵਾਂਗ ਉਸ ਨੇ ਨੀਤੂ ਨੂੰ ਪਿਆਰ ਕੀਤਾ ਤੇ ਖਾਣਾ ਖਾਧਾ। ਗੀਤਾ ਚੁੱਪ ਚਾਪ ਉਸ ਦੀ ਸੇਵਾ 'ਚ ਲੱਗੀ ਰਹੀ।

''ਮੈਂ ਚਾਹੁੰਦੀ ਹਾਂ ਨੀਤੂ ਨੂੰ ਕਿਸੇ ਪ੍ਰਾਈਵੇਟ ਸਕੂਲ ਵਿਚ ਪੜ੍ਹਨੇ ਪਾ ਦੇਵਾਂ?'' ਉਸ ਨੇ ਹੌਲੀ ਜਿਹੀ ਦੱਤੇ ਨੂੰ ਸੰਬੋਧਨ ਕੀਤਾ।

''ਕਿਉਂ? ਫੇਰ ਤੇਰੇ ਯਾਰਾਂ ਨੂੰ ਆਉਣ ਜਾਣ ਦੀ ਖੁਲ੍ਹ ਹੋ ਜਾਵੇਗੀ। ਹੁਣ ਇਹ ਨਿਆਣੀ ਮੈਨੂੰ ਦੱਸ ਦੇਵੇਗੀ ਕਿ ਤੇਰੇ ਕੋਲ ਕੌਣ ਕੌਣ ਆਉਂਦਾ ਹੈ...?'' ਦੱਤੇ ਦਾ ਦੁਪਹਿਰ ਦਾ ਗੁੱਸਾ ਹਾਲੇ ਲੱਥਾ ਨਹੀਂ ਸੀ।

''ਨਹੀਂ...। ਮੈਂ ਫੈਸਲਾ ਕਰ ਲਿਆ ਹੈ ਕਿ ਮੈਂ ਸਾਰੀ ਉਮਰ ਵਿਆਹ ਨਹੀਂ ਕਰਵਾਵਾਂਗੀ। ਤੇਰੇ ਨਾਲ ਹੀ ਰਹਾਂਗੀ। ਪਰ ਨੀਤੂ ਹੁਣ ਵੱਡੀ ਹੋਣੀ ਸ਼ੁਰੂ ਹੋ ਗਈ ਹੈ। ਮੈਂ ਨਹੀਂ ਚਾਹੁੰਦੀ

ਮੇਰੀ ਬੱਚੀ ਦੀ ਜ਼ਿੰਦਗੀ 'ਤੇ ਮੇਰਾ ਅਸਰ ਪਵੇ...। ਧੀਆਂ ਮਾਵਾਂ ਦੇ ਪਰਛਾਵੇਂ ਹੁੰਦੀਆਂ ਨੇ, ਉਹੀ ਕਰਦੀਆਂ ਨੇ ਜੋ ਮਾਵਾਂ ਨੂੰ ਕਰਦਿਆਂ ਵੇਖਦੀਆਂ ਨੇ। ਉਹ ਚੰਗੇ ਮਾਹੌਲ 'ਚ ਰਹਿ ਕੇ ਪੜ੍ਹੇ, ਲਿਖੇ ਤੇ ਆਪਣੇ ਆਪ ਜੋਗੀ ਹੋ ਜਾਵੇ....।'' ਗੀਤਾ ਦਾ ਗਲਾ ਭਰ ਆਇਆ।

''ਬਹੁਤ ਸਮਝਦਾਰ ਹੋ ਗਈ ਹੈਂ ਇਕ ਦਿਨ ਵਿਚ ਹੀ। ਚੰਗੀ ਰਹੇਂਗੀ। ਨੀਤੂ ਦੀ ਪੜ੍ਹਾਈ ਦਾ ਤੂੰ ਫਿਕਰ ਨਾ ਕਰ। ਜਿੰਨਾ ਖਰਚਾ ਹੋਵੇਗਾ, ਮੈਂ ਦੇਵਾਂਗਾ। ਉਹ ਤੇਰੀ ਨਹੀਂ ਮੇਰੀ ਵੀ ਬੱਚੀ ਹੈ। ਤੂੰ ਮੇਰੇ ਨਾਲ ਹੇਰਾ ਫੇਰੀਆਂ ਨਾ ਕਰ। ਮੈਂ ਖੜ੍ਹਾ ਹਾਂ ਫੇਰ ਤੇਰੇ ਨਾਲ ਹਰ ਵੇਲੇ। ਤੇਰੀ ਸਾਂਰੀ ਉਮਰ ਦੀਆਂ ਰੋਟੀਆਂ ਪੱਕੀਆਂ ਨੇ...।'' ਉਹ ਬਹੁਤ ਕੁਝ ਕਹਿੰਦਾ ਰਿਹਾ ਪਰ ਗੀਤਾ ਲਈ ਹੁਣ ਸਭ ਗੱਲਾਂ ਬੇਅਰਥ ਹੋ ਗਈਆਂ ਸੀ।

ਨੀਤੂ ਬੋਰਡਿੰਗ ਸਕੂਲ 'ਚ ਪੜ੍ਹਨ ਚਲੀ ਗਈ। ਗੀਤਾ ਦੇ ਦਿਮਾਗ ਤੋਂ ਬੋਝ ਉਤਰ ਗਿਆ। ਹੁਣ ਜ਼ਿੰਦਗੀ ਫੇਰ ਆਪਣੀ ਚਾਲੇ ਪੈ ਗਈ ਸੀ। ਦਿਨ ਦੇ ਚਿੱਟੇ ਚਾਨਣ ਵਿਚ ਉਹ ਦੱਤੇ ਦੀ ਧੀ ਸੀ ਤੇ ਰਾਤ ਦੇ ਹਨੇਰੇ 'ਚ ਉਸ ਦੀ ਔਰਤ...ਬਾਜ਼ਾਰੂ ਜਾਂ ਘਰੇਲੂ...ਕੀ ਫਰਕ ਪੈਂਦਾ ਹੈ।

''ਔਰਤ ਔਰਤ ਹੀ ਹੈ ਭਾਵੇਂ ਘਰ 'ਚ ਹੋਵੇ ਭਾਵੇਂ ਬਾਜ਼ਾਰ 'ਚ। ਮਰਦ ਉਸ ਨੂੰ ਪੈਸੇ ਦਿੰਦਾ ਹੈ, ਬੱਚੇ ਦਿੰਦਾ ਹੈ ਤੇ ਬਦਲੇ 'ਚ ਉਹ ਸਾਰੀ ਉਮਰ ਉਸ ਦੀ ਗੁਲਾਮੀ ਕਰਦੀ ਹੈ। ਕਈ ਵਾਰੀ ਕਾਨੂੰਨੀ ਤੌਰ 'ਤੇ ਵਿਆਹ ਕਰਵਾ ਕੇ ਜਿਵੇਂ ਕੁਸ਼ੱਲਿਆ ਦੇਵੀ ਕਰ ਰਹੀ ਹੈ ਤੇ ਕਈ ਵਾਰੀ ਗ਼ੈਰਕਾਨੂੰਨੀ, ਬਾਜ਼ਾਰੂ ਤੌਰ 'ਤੇ ਜਿਵੇਂ ਗੀਤਾ ਕਰ ਰਹੀ ਹੈ। ਮਰਦ ਨੂੰ ਕੋਈ ਫਰਕ ਨਹੀਂ, ਉਸ ਲਈ ਦੋਵੇਂ ਦਰ ਖੁੱਲੇ ਹਨ ਕਿਉਂਕਿ ਉਸ ਕੋਲ ਤਾਕਤ ਹੈ, ਪੈਸਾ ਹੈ। ਪੈਸਾ ਜੋ ਸਭ ਕੁਝ ਕਰ ਸਕਦਾ ਹੈ, ਦਸ ਪੌਂਡ 'ਚ ਤੀਵੀਂ ਖਰੀਦ ਸਕਦਾ ਹੈ, ਗੀਤਾ ਨੂੰ ਸੜਕਾਂ ਦੀ ਖਾਕ ਛਾਣਨ 'ਤੇ ਮਜਬੂਰ ਕਰ ਸਕਦਾ ਹੈ ਜਾਂ ਫੇਰ ਜੇ ਦਿਆਲ ਹੈ ਤਾਂ ਨੀਤੂ ਨੂੰ ਬੇਹਤਰੀਨ ਸਕੂਲ 'ਚ ਪੜ੍ਹਨ ਲਈ ਭੇਜ ਸਕਦਾ ਹੈ। ਕਿੰਨੀ ਵੱਡੀ ਤਾਕਤ ਹੈ ਪੈਸਾ...।'' ਉਹ ਕਈ ਵਾਰ ਸੋਚਦੀ।

ਛੇ ਮਹੀਨੇ ਪਹਿਲਾਂ ਇਕ ਦਿਨ ਅਚਾਨਕ ਗੀਤਾ ਦੇ ਪੇਟ ਵਿਚ ਦਰਦ ਉੱਠਿਆ ਸੀ। ਉਸ ਦਾ ਹਰਨੀਆਂ ਦਾ ਆਪਰੇਸ਼ਨ ਹੋਇਆ ਤੇ ਡਾਕਟਰ ਨੇ ਕਿਹਾ ਸੀ ਕਿ ਬਿਸਤਰੇ ਤੋਂ ਨਾ ਹਿਲੇ। ਕੰਪਲੀਟ ਬੈੱਡ-ਰੈਸਟ। ਇਮਤਿਹਾਨ ਦੇ ਕੇ ਨੀਤੂ ਘਰ ਵਾਪਸ ਆ ਗਈ ਸੀ। ਹੁਣ ਨੀਤੂ ਚੌਦਾਂ ਸਾਲ ਦੀ ਹੋ ਗਈ ਸੀ ਤੇ ਮਾਂ ਦਾ ਦੁੱਖ ਦਰਦ ਸਮਝਦੀ ਸੀ। ਉਹ ਮਾਂ ਨੂੰ ਉਪਰ ਪਈ ਨੂੰ ਹੀ ਚਾਹ ਪਾਣੀ ਦੇ ਕੇ ਆਉਂਦੀ। ਸਾਰਾ ਘਰ ਸੰਭਾਲਦੀ। ਦੱਤਾ ਅੰਕਲ ਆਉਂਦਾ ਤਾਂ ਉਸ ਨੂੰ ਰੋਟੀ ਬਣਾ ਕੇ ਖਿਲਾਂਦੀ। ਬਹੁਤ ਰਾਤ ਤੱਕ ਹੇਠਾਂ ਆਪਣੇ ਕਮਰੇ ਵਿਚ ਬੈਠੀ ਪੜ੍ਹਦੀ ਰਹਿੰਦੀ।

ਗੀਤਾ ਖੁਸ਼ ਸੀ ਕਿ ਨੀਤੂ ਪੜ੍ਹਾਈ ਵਿਚ ਸਾਰਾ ਦਿਨ ਮਗਨ ਰਹਿੰਦੀ ਹੈ। ਬੀਬੀ ਕੁੜੀ ਹੈ। ਚੱਲੋ ਉਸ ਦੀ ਕੁਰਬਾਨੀ ਰੰਗ ਲਿਆ ਰਹੀ ਹੈ।

ਇਕ ਦਿਨ ਨੀਤੂ ਪਿਛੇ ਗਾਰਡਨ 'ਚ ਕੱਪੜੇ ਸੁੱਕਣੇ ਪਾਉਣ ਗਈ ਬੇਹੋਸ਼ ਹੋ ਕੇ ਡਿੱਗ ਪਈ। ਗੀਤਾ ਨੇ ਝੱਟ ਡਾਕਟਰ ਨੂੰ ਫੋਨ ਕਰ ਕੇ ਘਰ ਬੁਲਾ ਲਿਆ। ਡਾਕਟਰ ਨੇ ਨਬਜ਼ ਦੇਖੀ ਤੇ ਦੱਸਿਆ ਕਿ ਨੀਤੂ ਪਰੈੱਗਨੈਂਟ ਹੈ। ਗੀਤਾ ਦੇ ਹੋਸ਼ ਉੱਡ ਗਏ। ਉਹਨੂੰ ਹਾਰਟ ਅਟੈਕ ਹੋਣ ਵਾਲਾ ਹੋ ਗਿਆ। ਉਹ ਕਾਲਜਾ ਫੜ ਕੇ ਬੈੱਡ 'ਤੇ ਬੈਠ ਗਈ।

''ਘਬਰਾਉ ਨਾ ਗੀਤਾ ਜੀ। ਇੱਦਾਂ ਹੁੰਦਾ ਹੀ ਹੈ। ਸਾਡੇ ਕੋਲ ਰੋਜ਼ ਹੀ ਅਜਿਹੇ ਕੇਸ ਆਉਂਦੇ ਨੇ..। ਪੱਛਮੀ ਮੁਲਕਾਂ ਦੀਆਂ ਗੱਲਾਂ ਨੇ....ਤੁਹਾਨੂੰ ਖੁਦ ਹੀ ਆਪਣੀ ਬੱਚੀ ਨੂੰ ਸਮਝਾ ਦੇਣਾ ਚਾਹੀਦਾ ਸੀ ਕਿ ਉਹ ਪਿਲਜ਼ ਲਿਆ ਕਰੇ। ਬਾਹਰ ਇਕੱਲੀ ਪੜ੍ਹਦੀ ਹੈ। ਕੋਈ ਬੁਆਏ ਫਰੈਂਡ ਹੋਵੇਗਾ। ਨਿਆਣੀ ਥੋੜ੍ਹੀ ਹੈ। ਚੌਦਾਂ ਪੰਦਰਾਂ ਸਾਲਾਂ ਦੀ ਹੋ ਚੁੱਕੀ ਹੈ।'' ਡਾਕਟਰ ਉਸ ਨੂੰ ਤਸੱਲੀ ਦੇ ਕੇ ਚਲੀ ਗਈ।

ਗੀਤਾ 'ਤੇ ਜਿਵੇਂ ਪਹਾੜ ਟੁੱਟ ਪਿਆ ਸੀ। ਸ਼ਰਮ ਨਾਲ ਉਹ ਸਿਰ ਝੁਕਾਈ ਬੈਠੀ ਸੀ। ਬੱਚੀ ਨੂੰ ਕੀ ਕਹੇ। ਉਸ ਵਾਸਤੇ ਤਾਂ ਗੀਤਾ ਨੇ ਆਪਣੀ ਜ਼ਿੰਦਗੀ ਲਗਾ ਦਿਤੀ ਸੀ। ਦੱਤਾ ਨਾਲ ਗੱਲ ਕਰੇਗੀ ਤਾਂ ਉਹ ਤਾਂ ਪਹਿਲਾਂ ਹੀ ਮਾਣ ਨਹੀਂ। ਕਹੇਗਾ, ਤੂੰ ਆਪ ਇਦਾਂ ਦੀ ਹੈਂ ਤਾਂ ਹੀ ਤੇਰੀ ਧੀ ਇਹੋ ਜਿਹੀ ਨਿਕਲੀ ਹੈ। ਨੀਤੂ ਨੂੰ ਕੁਝ ਕਹੇਗੀ ਤਾਂ ਜਵਾਨ ਕੁੜੀ ਹੈ, ਬਾਗੀ ਹੋ ਕੇ ਘਰੋਂ ਨਾ ਚਲੀ ਜਾਵੇ। ਕੀ ਪਤਾ ਕਿਹੜਾ ਮੁੰਡਾ ਇਸ ਦਾ ਦੋਸਤ ਹੈ। ਗੋਰਾ ਹੈ ਕਿ ਕਾਲਾ ਜਾਂ ਕੋਈ ਇੰਡੀਅਨ। ਉਸ ਨੇ ਦੇਖਿਆ ਨੀਤੂ ਉਸ ਨਾਲ ਅੱਖ ਨਹੀਂ ਮਿਲਾ ਰਹੀ ਸੀ। ਬਗ਼ੈਰ ਕੁਝ ਦੱਸੇ ਹੀ ਗੀਤਾ ਧੀ ਦੀ ਬੇਵਸੀ ਸਮਝ ਗਈ। ਉਸ ਨੂੰ ਕੁਝ ਕਹਿ ਕੇ ਦੁਖੀ ਕਰਨਾ ਉਸ ਨੇ ਠੀਕ ਨਾ ਸਮਝਿਆ। ਚੁੱਪ ਚਾਪ ਕਲੀਨਿਕ 'ਚ ਫੋਨ ਕਰ ਕੇ ਨੀਤੂ ਲਈ ਅਪਾਇੰਟਮੈਂਟ ਲੈ ਲਈ।

ਤੇ ਅੱਜ ਉਸ ਦੀ ਬੱਚੀ ਦਾ ਏਬਾਰਸ਼ਨ ਹੋਇਆ ਸੀ। ਉਹ ਬਾਹਰ ਬੈਠੀ ਇੰਤਜ਼ਾਰ ਕਰ ਰਹੀ ਸੀ ਕਿ ਕਦੋਂ ਨੀਤੂ ਹੋਸ਼ ਵਿਚ ਆਵੇ ਤੇ ਉਸ ਦੀ ਚਿੰਤਾ ਮੁੱਕੇ, ਪਰ ਕਾਫੀ ਦੇਰ ਤੋਂ ਨਰਸ ਉਸ ਨੂੰ ਕੁਝ ਨਹੀਂ ਦੱਸ ਰਹੀ ਸੀ। ਉਹ ਹਾਰ ਕੇ ਬਾਹਰ ਆ ਕੇ ਬੈਠ ਗਈ। ਇਸ ਕਲੀਨਿਕ ਵਿਚ ਉਸ ਦਾ ਦਿਲ ਘਬਰਾ ਰਿਹਾ ਸੀ।

''ਗੀਤਾ! ...ਯੂਅਰ ਡੌਟਰ ਵਾਂਟਸ ਟੂ ਸੀ ਯੂ...।'' ਨਰਸ ਨੇ ਉਸ ਨੂੰ ਆਵਾਜ਼ ਦਿੱਤੀ।

ਗੀਤਾ ਜਿਵੇਂ ਸੁਪਨੇ 'ਚੋਂ ਜਾਗੀ ਤੇ ਅੰਦਰ ਵਲ ਨੂੰ ਭੱਜੀ।

''ਮੇਰੀ ਬੱਚੀ...।'' ਉਹ ਨੀਤੂ ਦਾ ਪੀਲਾ ਨੁਚੜਿਆ ਹੋਇਆ ਚਿਹਰਾ ਦੇਖ ਕੇ ਰੋ ਪਈ।

''ਮੰਮ....।'' ਨੀਤੂ ਦੇ ਬੁਲ੍ਹ ਕੰਬੇ ਪਰ ਉਹ ਦਰਦ ਕਾਰਨ ਬੋਲ ਨਾ ਸਕੀ।

''ਬੇਟੇ...। ਮੈਂ ਤਾਂ ਤੈਨੂੰ ਕਦੇ ਧੀ ਸਮਝਿਆ ਹੀ ਨਹੀਂ। ਆਪਣੀ ਦੋਸਤ ਸਮਝਿਆ ਹੈ...ਫੇਰ ਤੂੰ ਮੇਰੇ ਤੋਂ ਕਿਉਂ ਛੁਪਾਅ ਰੱਖਿਆ? ਮੈਂ ਤੈਨੂੰ ਕੋਈ ਸਲਾਹ ਦਿੰਦੀ...। ਤੇਰਾ ਦਰਦ ਸਮਝਦੀ ਬੇਟੇ। ਤੇਰੇ ਕੋਲ ਕੋਈ ਬੁਆਏ ਫਰੈਂਡ ਹੈ ਤਾਂ ਮੈਨੂੰ ਦੱਸ ਦੇ, ਮੈਂ ਖ਼ੁਸ਼ ਹੋਵਾਂਗੀ ਉਸ ਨੂੰ ਮਿਲ ਕੇ...।'' ਗੀਤਾ ਕਿਸੇ ਤਰੀਕੇ ਵੀ ਧੀ ਦੇ ਮੂੰਹ 'ਤੇ ਮੁਸਕਰਾਹਟ ਦੇਖਣਾ ਚਾਹੁੰਦੀ ਸੀ।

ਪਰ ਨੀਤੂ ਚੁੱਪ ਸੀ।

''ਕੀ ਗੱਲ ਬੇਟੇ। ਤੂੰ ਮੰਮ ਨਾਲ ਨਾਰਾਜ਼ ਹੈਂ? ਮੇਰੇ ਤੋਂ ਕੀ ਗਲਤ ਹੋ ਗਿਆ ਮੇਰੀ ਬੱਚੀ ਜੋ ਤੂੰ ਮੈਨੂੰ ਆਪਣੇ ਤੋਂ ਦੂਰ ਸਮਝਦੀ ਹੈਂ? ਮੈਂ ਚਾਰ ਸਾਲ ਨੂੰ ਉਸੇ ਮੁੰਡੇ ਨਾਲ ਤੇਰਾ ਵਿਆਹ ਕਰ ਦੇਵਾਂਗੀ....ਤੇਰੇ ਬੁਆਏ ਫਰੈਂਡ ਨਾਲ....ਤੇਰੀ ਪੜ੍ਹਾਈ ਪੂਰੀ ਹੋ ਲੈਣ ਦੇ...ਤੂੰ ਦੱਸ ਤਾਂ ਸਹੀ...?'' ਉਸ ਨੇ ਨੀਤੂ ਦੇ ਵਾਲਾਂ 'ਚ ਹੱਥ ਫੇਰਿਆ।

ਨੀਤੂ ਤੋਂ ਹੋਰ ਸਬਰ ਨਾ ਹੋਇਆ। ਮਾਂ ਦੀ ਮਮਤਾ ਉਸ ਦੇ ਜ਼ਖਮਾਂ 'ਤੇ ਮਲ੍ਹਮ ਵਾਂਗ ਲੱਗੀ ਤੇ ਉਹ ਫੁੱਟ ਪਈ,

''ਮੇਰੇ ਕੋਲ ਕੋਈ ਬੁਆਏ ਫਰੈਂਡ ਨਹੀਂ ਹੈ ਮੌਮ...ਆਈ ਡੋਂਟ ਲਾਈਕ ਐਨੀ ਬੌਡੀ ਐਲਸ। ਆਈ ਲਵ ਓਨਲੀ ਮਾਈ ਮੌਮ...।'' ਨੀਤੂ ਤੋਂ ਗੱਲ ਨਹੀਂ ਹੋ ਰਹੀ ਸੀ।

''ਫੇਰ...ਫੇਰ...ਇਹ ਪ੍ਰਾਬਲਮ ਕਿਥੋਂ ਆ ਗਈ ਬੇਟੇ...?'' ਗੀਤਾ ਪਰੇਸ਼ਾਨ ਹੋ ਗਈ।

''ਦੱਤਾ ਅੰਕਲ...।'' ਨੀਤੂ ਨੇ ਹੁਬਕੀ ਲਈ।

''ਦੱਤਾ ਅੰਕਲ? ਕੀ ਹੋਇਆ ਦੱਤਾ ਅੰਕਲ ਨੂੰ?''

''ਜਦੋਂ ਤੇਰਾ ਆਪਰੇਸ਼ਨ ਹੋਇਆ ਸੀ ਦੱਤਾ ਅੰਕਲ ਰਾਤ ਨੂੰ ਮੇਰੇ ਨਾਲ ਪਲੇਅ ਕਰਦਾ ਹੁੰਦਾ ਸੀ ਬੈੱਡ 'ਚ..।'' ਨੀਤੂ ਨੇ ਆਪਣੀਆਂ ਅੱਖਾਂ ਪੂੰਝੀਆਂ।

ਗੀਤਾ ਦੇ ਜਿਵੇਂ ਕੰਨਾਂ ਕੋਲ ਬੰਬ ਫਟਿਆ।

''ਪਰ...ਪਰ...ਦੱਤਾ ਅੰਕਲ ਤਾਂ ਰਾਤ ਨੂੰ ਆਪਣੇ ਘਰ ਚਲਾ ਜਾਂਦਾ ਹੁੰਦਾ ਸੀ...।'' ਗੀਤਾ ਨੂੰ ਧਰਤੀ ਹਿਲਦੀ ਜਾਪੀ।

''ਨਹੀਂ...ਉਹ ਥੋੜ੍ਹੀ ਦੇਰ ਬਾਅਦ ਵਾਪਸ ਆ ਜਾਂਦਾ ਸੀ ਤੇ ਮੈਨੂੰ ਬਹੁਤ ਸਾਰੇ ਪਰੈਜ਼ੈਂਟ ਤੇ ਪੈਸੇ ਵੀ ਦਿੰਦਾ ਸੀ, ਕਹਿੰਦਾ ਸੀ ਮੌਮ ਨੂੰ ਨਾ ਦੱਸੀਂ, ਨਹੀਂ ਤਾਂ ਕਿੱਲ ਕਰ ਦੇਵਾਂਗਾ...।'' ਬੱਚੀ ਨੇ ਸੱਚ ਉਗਲਿਆ।

''ਮੈਨੂੰ ਪਤਾ ਨਹੀਂ ਲੱਗਿਆ ਨੀਤੂ...ਮੈਂ ਤਾਂ ਕਦੇ ਰਾਤ ਨੂੰ ਪੂਰੀ ਤਰਾਂ ਸੁੱਤੀ ਵੀ ਨਹੀਂ ਹੋਣੀ...।''

''ਉਹ ਬੈਕ ਡੋਰ 'ਚੋਂ ਆਉਂਦਾ ਸੀ ਮੌਮ ਜਿਥੋਂ ਪਹਿਲਾਂ ਤੇਰੇ ਕੋਲ ਆਉਂਦਾ ਹੁੰਦਾ ਸੀ।''

''ਬੈਕ ਡੋਰ...?'' ਗੀਤਾ ਕੰਬੀ ਜਾ ਰਹੀ ਸੀ।

''ਯਸ ਬੈਕ ਡੋਰ ਮੌਮ, 'ਪਿਛਲਾ ਦਰਵਾਜ਼ਾ', ਜੋ ਆਪਣੇ ਗਾਰਡਨ ਵੱਲ ਨੂੰ ਖੁਲ੍ਹਦਾ ਹੈ।''

ਕਹਿੰਦੇ ਹੋਏ ਨੀਤੂ ਫੇਰ ਬਹੋਸ਼ ਹੋ ਗਈ।

# ਰੱਤੋ

**ਉਂਝ** ਨਾਮ ਤਾਂ ਉਸਦਾ ਰਤਨੋ ਸੀ ਪਰ ਆਮ ਲੋਕੀਂ ਉਸਨੂੰ ਰੱਤੋ ਰੱਤੋ ਕਰਕੇ ਹੀ ਸਦਦੇ ਸਨ। ਛੋਟਾ ਕੱਦ ਪਰ ਚੰਗੀ ਕਾਠੀ ਤੇ ਰਤਨੋ ਦਾ ਰੰਗ ਕਣਕ ਵੰਨਾ ਤੇ ਨੈਣ ਨਕਸ਼, ਮਿੱਠੇ ਜਿਹੇ ਹੀ ਸਨ। ਉਸਦੀਆਂ ਅੱਖਾਂ ਤਿਰਛੀਆਂ ਸਨ ਤੇ ਜਦੋਂ ਵੀ ਉਹ ਹੱਸਦੀ ਸੀ ਪਹਿਲਾਂ ਉਸਦੀਆਂ ਅੱਖਾਂ ਹੱਸਦੀਆਂ ਤੇ ਹੋਰ ਉਪਰ ਜਾ ਚੜ੍ਹਦੀਆਂ। ਗੱਲ ਗੱਲ ਤੇ ਹੱਸ ਪੈਣਾ ਉਸਦੀ ਆਦਤ ਸੀ। ਜਾਂ ਕਹਿ ਲਓ ਹੱਸਿਆਂ ਬਗੈਰ ਉਸ ਤੋਂ ਗੱਲ ਹੀ ਨਹੀਂ ਹੁੰਦੀ ਸੀ। ਜੇ ਕਦੇ ਉਸਨੇ ਉਦਾਸ ਹੋਣਾ ਤਾਂ ਸਮਝ ਲਿਆ ਜਾਂਦਾ ਸੀ ਕਿ ਜ਼ਰੂਰ ਕੋਈ ਖਾਸ ਘਟਨਾ ਹੈ ਜਾਂ ਅਣਹੋਣੀ ਹੋਈ ਹੈ। ਅਣਹੋਣੀ ਤੋਂ ਭਾਵ ਉਸਦੀ ਆਪਣੇ ਘਰਦਿਆਂ ਨਾਲ ਲੜਾਈ ਝਗੜਾ, ਜਿਸ ਦੇ ਕਾਰਨ ਉਹ ਦੋ ਦਿਨ ਰੋਟੀ ਪਾਣੀ ਛੱਡੀ ਰਖਦੀ ਸੀ। ਗੁੱਸੇ ਵਿਚ ਉਹ ਬਹੁਤ ਖਤਰਨ਼ਾਕ ਹੋ ਜਾਂਦੀ ਤੇ ਗੰਦੀਆਂ ਗਾਲ੍ਹਾਂ ਤੇ ਉਤਰ ਆਉਂਦੀ ਸੀ। ਉਹ ਸਾਡੇ ਕਾਮਿਆਂ ਦੀ ਕੁੜੀ ਸੀ ਤੇ ਗਲੀ ਮੁਹਲੇ ਵਾਲਿਆਂ ਦੇ ਘਰ ਵੀ ਕੰਮ ਕਰਨ ਜਾਂਦੀ ਰਹਿੰਦੀ ਸੀ। ਬਚਪਨ ਵਿਚ ਹੀ ਉਸਦੇ ਬਾਪ ਦੀ ਕਿਸੇ ਬੀਮਾਰੀ ਕਾਰਨ ਮੌਤ ਹੋ ਗਈ ਸੀ ਤੇ ਉਹ ਗਵਾਂਢੀਆਂ ਦੇ ਘਰ ਭਾਂਡੇ ਮਾਂਜ ਕੇ ਘਰ ਦਾ ਡੰਗ ਟੱਪਾ ਰਹੇ ਸਨ। ਉਸਦੇ ਭਰਾ ਵੀ ਇਦਾਂ ਹੀ ਮਿਹਨਤ ਮਜ਼ਦੂਰੀ ਕਰਕੇ ਪੈਸੇ ਕਮਾਉਂਦੇ ਸਨ। ਰਤਨੋ ਬਹੁਤ ਚੰਚਲ ਸੁਭਾਅ ਦੀ ਸੀ। ਫਿਲਮਾਂ ਦੇਖਣੀਆਂ, ਗਾਣੇ ਸੁਣਨੇ ਤੇ ਗੱਲਾਂ ਮਾਰ ਲੈਣੀਆਂ। ਪਰ ਉਹ ਬੜੀ ਸਖਤ ਮਿਹਨਤ ਕਰਨ ਵਾਲੀ ਮਜ਼ਦੂਰ ਕੁੜੀ ਵੀ ਸੀ। ਉਹ ਪੜ੍ਹਾਈ ਵਿੱਚ ਨਾ ਚੱਲ ਸਕੀ, ਕਿਉਂਕਿ ਜਿਥੇ ਵੀ ਪੜ੍ਹਨ ਜਾਂਦੀ ਮਾਸਟਰ ਤੇ ਮਾਸਟਰਨੀਆਂ ਉਸ ਤੋਂ ਘਰ ਦਾ ਕੰਮ ਕਰਵਾ ਛੱਡਦੇ। ਪੜ੍ਹਨ ਪੜ੍ਹਾਉਣ ਦਾ ਸਿਲਸਿਲਾ ਤਾਂ ਘੱਟ ਹੀ ਚਲਦਾ ਸੀ। ਇਸ ਤਰਾਂ ਉਸਦਾ ਬਚਪਨ ਬੀਤਿਆ ਸੀ।

ਬਚਪਨ ਤੋਂ ਹੀ ਮੈਂ ਰੱਤੋ ਨੂੰ ਜਾਣਦੀ ਸੀ ਤੇ ਉਹ ਵੀ ਮੈਨੂੰ ਬੜਾ ਪਿਆਰ ਕਰਦੀ ਸੀ। ਜੰਗਲ ਪਾਣੀ ਜਾਣ ਲੱਗੀ ਉਹ ਮੈਨੂੰ ਆਵਾਜ਼ ਮਾਰ ਲੈਂਦੀ। ਮੈਂ ਵੀ ਉਸਦੀਆਂ ਕਰਾਰੀਆਂ ਕਰਾਰੀਆਂ ਗੱਲਾਂ ਸੁਣਨ ਲਈ ਨਾਲ ਹੋ ਲੈਂਦੀ। ਉਹ ਸਾਰੇ ਪਿੰਡ ਦੇ ਮੁੰਡੇ-ਕੁੜੀਆਂ, ਧੀਆਂ-ਜੁਆਈਆਂ, ਬਹੂਆਂ-ਸੱਸਾਂ ਗੱਲ ਕੀ ਹਰ ਖੂੰਜੇ ਦੀ ਗੱਲ ਕੱਢ ਲਿਆਉਂਦੀ। ਫੇਰ ਕਈ ਵਾਰੀ ਘੰਟਾ ਘੰਟਾ ਮੇਰੇ ਵਾਲਾਂ ਵਿਚ ਤੇਲ ਦੀ ਮਾਲਿਸ਼ ਕਰਦੀ ਰਹਿੰਦੀ ਤੇ ਕਿਸੇ ਫਿਲਮ ਦੀ ਸਟੋਰੀ ਸੁਣਾਂਦੀ ਰਹਿੰਦੀ। ਮੈਨੂੰ ਵੀ ਉਸਦਾ ਸਾਥ ਬੜਾ ਚੰਗਾ ਲਗਦਾ ਸੀ

ਪਰ ਆਮ ਲੋਕੀਂ ਉਸਨੂੰ ਚੰਗੀ ਨਿਗਾਹ ਨਾਲ ਨਹੀਂ ਦੇਖਦੇ ਸੀ। ਉਸਦੇ ਚਰਿਤਰ ਬਾਰੇ ਕਈ ਅਫਵਾਹਾਂ ਉਡਣੀਆਂ ਸ਼ੁਰੂ ਹੋ ਗਈਆਂ ਤੇ ਦੱਬੀ ਜ਼ੁਬਾਨ ਵਿਚ ਲੋਕ ਉਸਦੇ ਚਾਲਚਲਣ 'ਤੇ ਉਂਗਲੀ ਉਠਾਉਣ ਲੱਗ ਪਏ ਸਨ। ਮੇਰੇ ਘਰਦਿਆਂ ਨੇ ਵੀ ਮੈਨੂੰ ਉਸ ਨਾਲ ਜ਼ਿਆਦਾ ਮੇਲ-ਮਿਲਾਪ ਰਖਣ ਤੋਂ ਮਨ੍ਹਾ ਕਰ ਦਿੱਤਾ ਪਰ ਮੈਂ ਆਪਣੇ ਆਪ ਨੂੰ ਰੋਕ ਨਹੀਂ ਸਕਦੀ ਸੀ। ਪਤਾ ਨਹੀਂ ਕਿਉਂ ਮੈਨੂੰ ਉਸਦੀਆਂ ਗੱਲਾਂ ਸੁਣੇ ਬਗੈਰ ਚੈਨ ਨਹੀਂ ਸੀ ਪੈਂਦਾ, ਹਾਲਾਂਕਿ ਸਾਡਾ ਕੋਈ ਮੇਲ ਨਹੀਂ ਸੀ। ਉਹ ਉਮਰ ਵਿਚ ਮੇਰੇ ਨਾਲੋਂ ਛੋਟੀ, ਅਨਪੜ੍ਹ ਤੇ ਵਖਰੀ ਕਿਸਮ ਦੇ ਵਿਚਾਰ ਰਖਣ ਵਾਲੀ ਸੀ।

ਹੌਲੀ ਹੌਲੀ ਉਸਦੇ ਪਿਆਰ ਦੀਆਂ ਖ਼ਬਰਾਂ ਪੂਰੇ ਪਿੰਡ ਵਿਚ ਫੈਲ ਗਈਆਂ। ਉਹ ਇਕ ਟਰੱਕ ਡਰਾਈਵਰ ਨਾਲ ਪਿਆਰ ਕਰਨ ਲੱਗ ਪਈ ਸੀ ਜੋ ਕਿ ਕਿਸੇ ਪਛੜੀ ਜਾਤੀ ਨਾਲ ਸੰਬੰਧ ਰਖਦਾ ਸੀ। ਲੋਕਾਂ ਬਹੁਤ ਰੌਲਾ ਪਾਇਆ ਪਰ ਕਹਿੰਦੇ ਨੇ 'ਇਸ਼ਕ ਨਾ ਦੇਖੇ ਜਾਤ ਕੁਜਾਤ।' ਉਸਦੇ ਘਰਦਿਆਂ ਉਸਦਾ ਬਾਹਰ ਨਿਕਲਣਾ ਬੰਦ ਕਰ ਦਿੱਤਾ ਸੀ ਪਰ ਉਹ ਫਿਰ ਵੀ ਕਿਸੇ ਨਾ ਕਿਸੇ ਢੰਗ ਨਾਲ ਆਪਣੇ ਪ੍ਰੇਮੀ ਜੱਗੇ ਨੂੰ ਮਿਲ ਹੀ ਲੈਂਦੀ ਸੀ। ਇਕ ਦੋ ਵਾਰੀ ਉਹ ਉੱਤੋਂ ਫੜੇ ਵੀ ਗਏ ਇਕਠੇ ਗੱਲਾਂ ਕਰਦੇ। ਹਾਰ ਕੇ ਉਸਦੇ ਘਰਦਿਆਂ ਉਸਦਾ ਵਿਆਹ ਇਕ ਵੱਡੇ ਸ਼ਹਿਰ ਵਿਚ ਕਰ ਦਿੱਤਾ। ਕੁਦਰਤੀ ਹੀ ਜੱਗੇ ਦਾ ਵਿਆਹ ਵੀ ਉਹਨਾਂ ਦਿਨਾਂ ਵਿਚ ਕਿਸੇ ਹੋਰ ਕੁੜੀ ਨਾਲ ਹੋ ਗਿਆ। ਦੋਹਾਂ ਦੇ ਵਿਆਹ ਇੰਨੀ ਸ਼ਾਂਤੀ ਨਾਲ ਹੋਏ ਕਿ ਕਿਸੇ ਨੂੰ ਯਕੀਨ ਹੀ ਨਹੀਂ ਆਇਆ। ਸਭ ਨੂੰ ਉਮੀਦ ਸੀ ਕਿ ਕੋਈ ਨਾ ਕੋਈ ਗੜਬੜ ਜ਼ਰੂਰ ਹੋਵੇਗੀ। ਦੋਵਾਂ ਦੇ ਵਿਆਹਾਂ ਨੂੰ ਸਾਲ ਭਰ ਹੋ ਗਿਆ। ਦੋਹਾਂ ਦੇ ਘਰ ਇਕ-ਇਕ ਲੜਕਾ ਹੋ ਗਿਆ। ਹੁਣ ਜਦੋਂ ਰੱਤੋ ਨੇ ਪਿੰਡ ਆਉਣਾ ਜੱਗਾ ਵੀ ਟਰੱਕ ਲੈ ਕੇ ਗੇੜੇ ਮਾਰਨ ਆ ਜਾਂਦਾ। ਸਾਰੇ ਮੁਹੱਲੇ ਦੀਆਂ ਅੱਖਾਂ ਗਲੀ 'ਚ ਹੀ ਰਹਿੰਦੀਆਂ। ਰੱਤੋ ਨੇ ਚਲੇ ਜਾਣਾ ਤਾਂ ਜੱਗੇ ਨੇ ਵੀ ਆਉਣਾ ਬੰਦ ਕਰ ਦੇਣਾ। ਦੋਵੇਂ ਅੱਖਾਂ ਹੀ ਅੱਖਾਂ ਵਿਚ ਇਕ ਦੂਜੇ ਵੱਲ ਤੱਕਦੇ ਸਨ ਪਰ ਮੈਂ ਕਦੇ ਵੀ ਰੱਤੋ ਨਾਲ ਇਸ ਵਿਸ਼ੇ ਤੇ ਗੱਲ ਨਾ ਕੀਤੀ।

ਕਈ ਸਾਲ ਗੁਜ਼ਰ ਗਏ। ਹੁਣ ਰੱਤੋ ਦੇ ਤਿੰਨ ਬੱਚੇ ਹੋ ਗਏ ਸਨ ਤੇ ਸ਼ਾਇਦ ਜੱਗੇ ਦੇ ਵੀ ਤਿੰਨ ਹੀ ਬੱਚੇ ਸਨ। ਉਹ ਹੱਸ ਹੱਸ ਕੇ ਇਹ ਗੱਲ ਕੁੜੀਆਂ ਨੂੰ ਦੱਸਦੀ ਕਿ ਸਾਡੇ ਵਿਆਹ ਵੀ ਇਕਠਿਆਂ ਦੇ ਹੋਏ ਤੇ ਬੱਚੇ ਵੀ ਇਕੋ ਹੀ ਸਮੇਂ ਇਕੋ ਹੀ ਗਿਣਤੀ ਵਿਚ। ਮੈਨੂੰ ਸ਼ਰਮ ਆਉਂਦੀ, ਉਸਦਾ ਹੌਂਸਲਾ ਦੇਖਕੇ। ਪਰ ਹੁਣ ਉਹ ਪੂਰੀ ਤਰ੍ਹਾਂ ਬਦਲ ਗਈ ਸੀ। ਮੁੜ ਫੇਰ ਉਸਦੇ ਇਸ਼ਕ ਦੇ ਚਰਚੇ ਹੋਣ ਲੱਗ ਪਏ। ਸੱਤ ਅੱਠ ਸਾਲਾਂ ਬਾਦ ਵੀ ਉਸਦੀਆਂ ਤੇ ਜੱਗੇ ਦੀਆਂ ਪ੍ਰੇਮ ਕਹਾਣੀਆਂ ਚਰਚਾ ਦਾ ਵਿਸ਼ਾ ਬਣ ਗਈਆਂ ਸੀ। ਉਹ ਸ਼ਾਇਦ ਫਿਰ ਉਸਨੂੰ ਮਿਲਣ ਜਾਣ ਲੱਗ ਪਈ ਸੀ। ਹਨੇਰੇ ਸਵੇਰੇ, ਇਧਰ-ਉਧਰ ਕੋਈ ਨਾ ਕੋਈ ਉਹਨਾਂ ਨੂੰ ਗੱਲਾਂ ਕਰਦਿਆਂ ਦੇਖ ਹੀ ਲੈਂਦਾ ਸੀ ਪਰ ਮੈਨੂੰ ਝੱਕ ਪਈ ਹੋਈ ਸੀ। ਮੈਂ ਕਦੇ ਰੱਤੋ ਤੇ ਇਸ ਬਾਰੇ ਨਾ ਪੁਛਿਆ। ਇਕ ਦਿਨ ਮੈਂ ਉਸ ਨਾਲ ਬਾਹਰ ਖੇਤਾਂ ਵਿਚ ਸ਼ਾਮ ਨੂੰ ਜੰਗਲ ਪਾਣੀ ਗਈ। ਉਹ ਪਾਣੀ ਦੀ ਗੜਵੀ ਚੁੱਕੀ ਮੇਰੇ ਤੋਂ ਵਲੈਤ ਦੀਆਂ ਗੱਲਾਂ ਚਟਕਾਰੇ ਲੈ ਕੇ ਸੁਣ ਰਹੀ ਸੀ। ਸਾਹਮਣੇ ਖਾਲ ਦੇ ਕੰਢੇ ਨਾਲ ਜੱਗਾ ਖੜ੍ਹਾ ਰੁਮਾਲ ਹਿਲਾ ਰਿਹਾ ਸੀ। ਦੇਖਦਿਆਂ ਹੀ ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਮੈਂ ਕੰਬਦੀ ਆਵਾਜ਼ ਵਿਚ ਕਿਹਾ,

''ਰੱਤੋ ਜੱਗਾ, ਆ ਜਾ ਆਪਾਂ ਦੂਜੇ ਪਾਸੇ ਚਲੀਏ. . .।''

''ਕਿਉਂ?'' ਉਹ ਕੜਕੀ। ''ਉਹ ਮੇਰੇ ਵਾਸਤੇ ਖੜ੍ਹਾ ਹੈ ਤੂੰ ਕਿਉਂ ਡਰਦੀ ਐਂ? ਤੈਨੂੰ ਖਾਣ ਲੱਗਾ ਐ ਉਹ?''

''ਪਰ ਰੱਤੋ. . .।'' ਮੈਂ ਕੁਝ ਕਹਿਣ ਦੀ ਕੋਸ਼ਿਸ਼ ਕੀਤੀ।

''ਤੂੰ ਇਥੇ ਰੁੱਕ ਪੰਜ ਮਿੰਟ. . . ਮੈਂ ਹੁਣੇ ਆਈ ਉਹਦੇ ਨਾਲ ਗੱਲ ਕਰਕੇ. . .।'' ਛਾਲ ਮਾਰ ਕੇ ਉਹ ਆਹ ਜਾ ਔਹ ਜਾ ਕਰਦੀ ਹਵਾ ਨਾਲ ਜਾ ਰਲੀ। ਮੇਰੇ ਹੱਥਾਂ ਪੈਰਾਂ ਨੂੰ ਠੰਡੀਆਂ ਤ੍ਰੇਲੀਆਂ ਆ ਗਈਆਂ – ਅੱਜ ਤੇਰੀ ਵੀ ਖੈਰ ਨਹੀਂ। ਜੇ ਕਿਸੇ ਨੇ ਇਹਨਾਂ ਨੂੰ ਗੱਲਾਂ ਕਰਦਿਆਂ ਦੇਖ ਲਿਆ ਤਾਂ ਤੇਰਾ ਨਾਮ ਵਿਚ ਜ਼ਰੂਰ ਆਵੇਗਾ। ਲੋਕ ਕਹਿਣਗੇ ਕਿ ਵਿਆਹੀਆਂ ਵਰੀਆਂ ਕਿਹੋ ਜਿਹੇ ਕੰਮ ਕਰਦੀਆਂ ਫਿਰਦੀਆਂ ਨੇ। ਮੈਂ ਦਸ ਮਿੰਟ ਉਥੇ ਬੈਠੀ ਪਛਤਾਂਦੀ ਰਹੀ ਕਿ ਕਿਉਂ ਇਹਦੇ ਨਾਲ ਆਈ। ਰੱਤੋ ਵਾਪਿਸ ਆ ਗਈ ਤੇ ਉਹਦੇ ਹੱਥ ਵਿਚ ਇਕ ਪੈਕਿਟ ਸੀ।

''ਆਹ ਕੀ ਐ?'' ਮੈਂ ਉਤਸੁਕਤਾ ਨਾਲ ਪੁਛਿਆ।

''ਦੇਖ ਭੈਣ ਬਣ ਕੇ, ਆਹ ਜੱਗੇ ਨੇ ਮੈਨੂੰ ਸੂਟ ਲੈ ਕੇ ਦਿੱਤੈ ਤੀਆਂ ਦਾ। ਜੇ ਮੈਂ ਸਿੱਧੀ ਘਰ ਲੈ ਕੇ ਗਈ ਤਾਂ ਸਾਰੇ ਸ਼ੱਕ ਕਰਨਗੇ, ਤੂੰ ਇਹ ਆਪਣੇ ਨਾਲ ਘਰ ਲੈ ਜਾ। ਮੇਰੀ ਮਾਂ ਸਾਹਮਣੇ ਮੈਨੂੰ ਦੇ ਦਈਂ ਤੇ ਕਹੀਂ ਤੂੰ ਇਹ ਸੂਟ ਲੈ ਕੇ ਦਿਤੈ।'' ਉਹ ਮੇਰੇ ਤਰਲੇ ਕਰ ਰਹੀ ਸੀ।

ਮੈਂ ਦੋ ਪਲ ਲਈ ਸੁੰਨ ਹੋ ਗਈ। ਉਹ ਮੈਨੂੰ ਜ਼ਬਰਦਸਤੀ ਪੈਕਿਟ ਪਕੜਾ ਰਹੀ ਸੀ। ਮੈਂ ਨਾਂਹ ਨਾ ਕਰ ਸਕੀ।

ਫਿਰ ਤਾਂ ਇਹ ਸਿਲਸਿਲਾ ਰੋਜ਼ ਹੀ ਚੱਲ ਪਿਆ। ਉਹ ਕਦੇ ਕੋਈ ਚੀਜ਼ ਬੱਚਿਆਂ ਲਈ ਲਿਆਉਂਦੀ ਤੇ ਘਰਦਿਆਂ ਸਾਹਮਣੇ ਮੈਨੂੰ ਅੱਗੇ ਕਰ ਦਿੰਦੀ। ਕਦੇ ਉਹ ਮੇਕਅੱਪ ਦਾ ਸਾਮਾਨ ਖਰੀਦਦੀ, ਕਦੇ ਸੂਟ ਕਦੇ ਸਾੜ੍ਹੀ, ਕਦੇ ਬੱਚਿਆਂ ਦੇ ਰੰਗ ਬਿਰੰਗੇ ਕੱਪੜੇ। ਮੇਰੀ ਅੰਤਰ ਆਤਮਾ ਇਸ ਝੂਠ ਵਿਚ ਉਸਦਾ ਸਾਥ ਦੇਣ ਲਈ ਮੈਨੂੰ ਟੋਕਦੀ ਸੀ ਪਰ ਮੈਂ ਇਕ ਵਾਰੀ ਝੂਠ ਬੋਲ ਕੇ ਵਾਰੀ ਵਾਰੀ ਝੂਠ ਬੋਲਣ ਤੇ ਮਜਬੂਰ ਸੀ। ਆਖਿਰ ਇਕ ਦਿਨ ਮੌਕਾ ਦੇਖ ਕੇ ਮੈਂ ਕਹਿ ਹੀ ਦਿੱਤਾ,

''ਰੱਤੋ ਤੂੰ ਮੇਰੇ ਤੋਂ ਕਿਉਂ ਪਾਪ ਕਰਵਾਉਂਦੀ ਹੈਂ, ਨਾਲੇ ਖੁਦ ਪਾਪਾਂ ਦੀ ਭਾਗੀਦਾਰ ਬਣਦੀ ਐਂ। ਤੂੰ ਤਾਂ ਵਿਆਹੀ ਵਰੀ ਹੈਂ ਤੇ ਉਹ ਵੀ ਤਿੰਨ ਬੱਚਿਆਂ ਦਾ ਪਿਓ ਹੈ, ਤੁਸੀਂ ਅਜਿਹੇ ਕੰਮ ਕਰਦੇ ਕੀ ਚੰਗੇ ਲਗਦੇ ਹੋ?''

''ਕਿਉਂ ਬੱਚੇ ਜੰਮ ਕੇ ਪਿਆਰ ਮਰ ਜਾਂਦੈ? ਵਿਆਹ ਕਰਵਾ ਕੇ ਕੀ ਯਾਰ ਭੁੱਲ ਜਾਂਦੈ? ਦਸ ਖਸਮ ਮਿਲ ਕੇ ਵੀ ਯਾਰ ਨੂੰ ਨਹੀਂ ਭੁਲਾ ਸਕਦੇ। ਮੈਂ ਜੱਗੇ ਨੂੰ ਪਿਆਰ ਕਰਦੀ ਹਾਂ ਤੇ ਉਹ ਵੀ ਮੇਰੇ ਨਾਲ. . .।'' ਉਹ ਅੱਗੇ ਬੋਲ ਨਾ ਸਕੀ ਸ਼ਾਇਦ ਉਸਦਾ ਗਲਾ ਭਰ ਆਇਆ ਸੀ।

''ਮੇਰਾ ਮਤਲਬ ਹੈ ਜੇ ਤੇਰੇ ਆਦਮੀ ਨੂੰ ਪਤਾ ਲੱਗ ਗਿਆ ਤਾਂ. . .।'' ਮੈਂ ਆਪਣੀ ਸਫਾਈ ਦਿੱਤੀ।

''ਲੱਗ ਗਿਆ ਤਾਂ ਲੱਗ ਜਾਵੇ। ਤੈਨੂੰ ਨਹੀਂ ਪਤਾ. . ਮੈਂ ਕਿੰਨੇ ਸਾਲ ਉਸ ਆਦਮੀ ਦੀ

ਪੂਜਾ ਚ ਕੱਟੇ ਐ। ਉਹ ਕਮਾ ਕੇ ਕਦੇ ਪੈਸਾ ਨਹੀਂ ਲੈ ਕੇ ਆਇਆ ਤੇ ਕਦੇ ਕਮਾਇਆ ਵੀ ਹੋਊ ਤਾਂ ਬਾਹਰ ਹੀ ਪੂਰਾ ਕਰ ਆਉਂਦੈ। ਮੇਰੇ ਬੱਚੇ ਤਰਸਦੇ ਐ ਘੁੱਟ ਦੁਧ ਨੂੰ ਤੇ ਉਹ ਬਾਹਰ ਲੱਚਪੁਣੇ ਕਰਦਾ ਫਿਰਦੈ. . .। ਇਹੀ ਹੈ ਨਾ ਜੋ ਉਹ ਮੈਨੂੰ ਦਿੰਦਾ ਰਿਹਾ। ਮੈਂ ਜੱਗੇ ਨੂੰ ਪਿਆਰ ਕਰਦੀ ਸੀ ਪਰ ਕਦੇ ਉਸਨੇ ਮੇਰੇ ਤੋਂ ਕੋਈ ਗੰਦੀ ਮੰਗ ਨਹੀਂ ਕੀਤੀ ਸਾਡਾ ਪਿਆਰ ਸੱਚਾ ਸੀ ਗੰਗਾ ਜਲ ਵਰਗਾ। ਪਰ ਹੁਣ ਮੈਂ ਉਸਨੂੰ ਸਭ ਕੁਝ ਦੇ ਦਿਤੈ ਤਨ, ਮਨ. . .।'' ਉਹ ਰੋ ਪਈ।

ਮੇਰਾ ਮੂੰਹ ਖੁਲ੍ਹੇ ਦਾ ਖੁਲ੍ਹਾ ਹੀ ਰਹਿ ਗਿਆ।

''ਹੈਂ! ਇਹ ਤੂੰ ਕੀ ਕਹਿ ਰਹੀ ਹੈਂ ਰੱਤੋ. . .? ਤੂੰ ਕਿਸੇ ਦੀ ਅਮਾਨਤ ਹੈਂ. .. ਔਰਤ ਇਕ ਆਦਮੀ ਦੀ ਹੋ ਰਹੇ ਤਾਂ ਹੀ ਉਹਦੀ ਇਜ਼ੱਤ ਐ. . .ਵਰਨਾ ਤਾਂ ਉਹ ਵੇਸਵਾ ਤੁਲ ਹੈ. . .?'' ਮੈਂ ਉਹਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ।

''ਨਹੀਂ? ਜੇ ਆਦਮੀ ਕਰਦੈ ਤਾਂ 'ਐਸ਼' ਕਰਦੈ ਤੇ ਤੀਵੀ ਕਰੇ ਤਾਂ 'ਪਾਪ' ਕਰਦੀ ਐ। ਤੂੰ ਵਲੈਤ ਜਾ ਕੇ ਇਹੀ ਕੁਝ ਸਿਖਿਐ? ਕਹਿੰਦੇ ਐ ਉਥੇ ਤਾਂ ਔਰਤਾਂ ਜਦ ਜੀਅ ਕਰੇ ਮਰਦ ਬਦਲ ਲੈਂਦੀਆਂ ਨੇ। ਨਾਲੇ ਉਥੇ ਜਾਤ ਪਾਤ ਕੋਈ ਨਹੀਂ ਜਿਹੜਾ ਜਿਹਨੂੰ ਪਿਆਰ ਕਰਦੈ ਉਸੇ ਨਾਲ ਵਿਆਹ ਹੋ ਜਾਂਦੈ। ਉਥੇ ਤਾਂ ਕਹਿੰਦੇ ਐ ਕੋਈ ਗੁਲਾਮੀ ਨਹੀਂ ਕਿਸੇ ਦੀ। ਤੇ ਤੂੰ ਹਾਲੇ ਵੀ ਪਿੰਡਾਂ ਵਾਲੀਆਂ ਗੱਲਾਂ ਕਰਦੀ ਪਈ ਐਂ। ਜੇ ਮੈਂ ਤੇਰੀ ਥਾਂ 'ਤੇ ਵਲੈਤ ਜਾਂਦੀ ਤਾਂ ਕਦੋਂ ਦੀ ਜੱਗੇ ਨਾਲ ਵਿਆਹ ਕਰਵਾ ਲੈਂਦੀ। ਐਵੇਂ ਘੁਟ ਘੁਟ ਕੇ ਮਰੀ ਜਾਓ. . .।'' ਉਹ ਇਕੋ ਸਾਹ ਬੋਲਦੀ ਗਈ।

ਮੈਂ ਚੁੱਪ ਕਰ ਗਈ। ਮੇਰੀ ਜ਼ੁਬਾਨ ਨੂੰ ਕਾਠ ਮਾਰ ਗਿਆ ਸੀ। ਮੈਂ ਮੁੜ ਫਿਰ ਉਸ ਨਾਲ ਇਸ ਵਿਸ਼ੇ 'ਤੇ ਗੱਲ ਨਾ ਕੀਤੀ। ਉਹ ਆਪਣੇ ਸਹੁਰੇ ਚਲੀ ਗਈ ਤੇ ਗੱਲ ਮੇਰੇ ਦਿਮਾਗ ਵਿਚੋਂ ਨਿਕਲ ਗਈ। ਮਹੀਨਾ ਦੋ ਮਹੀਨੇ ਲਗਾ ਕੇ ਉਹ ਫਿਰ ਵਾਪਸ ਆ ਗਈ ਤੇ ਜੱਗੇ ਨੇ ਗਲੀਆਂ 'ਚ ਚੱਕਰ ਲਾਉਣੇ ਸ਼ੁਰੂ ਕਰ ਦਿੱਤੇ। ਪਰ ਇਸ ਵਾਰ ਮੈਂ ਉਸਨੂੰ ਮੂੰਹ ਨਾ ਲਾਇਆ। ਮੈਂ ਹਮੇਸ਼ਾਂ ਉਸ ਤੋਂ ਕਤਰਾਂਦੀ ਰਹੀ।

ਦਸੰਬਰ ਦਾ ਮਹੀਨਾ ਸੀ ਤੇ ਮੈਂ ਛੱਤ 'ਤੇ ਬੈਠੀ ਚਾਹ ਦਾ ਸੁਆਦ ਲੈ ਰਹੀ ਸੀ। ਸੂਰਜ ਆਪਣੇ ਘਰ ਜਾਣ ਲਈ ਕਾਹਲਾ ਸੀ ਤੇ ਮੈਨੂੰ ਜਲਦੀ ਸੀ ਆਪਣੀ ਹੱਥ ਵਾਲੀ ਕਹਾਣੀ ਪੂਰੀ ਕਰਨ ਦੀ। ਮੈਂ ਫਟਾਫਟ ਚਾਹ ਪੀਤੀ ਤੇ ਕਲਮ ਚੁੱਕੀ। ਪਰ ਇੰਨੇ ਨੂੰ ਪੌੜੀਆਂ 'ਚੋਂ ਛਮ ਛਮ ਦੀ ਆਵਾਜ਼ ਆਈ। ਮੈਂ ਸਮਝ ਗਈ ਕਿ ਰੱਤੋ ਆ ਰਹੀ ਹੈ। ਮੈਂ ਅੱਖਾਂ ਕਾਗਜ਼ ਵਿਚ ਗੱਡ ਲਈਆਂ।

''ਕੀ ਕਰਦੀ ਐਂ. . . ਬੜੀ ਆਕੜ ਆ ਗਈ। ਹੁਣ ਤਾਂ ਗੱਲ ਵੀ ਨਹੀਂ ਕਰਦੀ. . .?'' ਉਹ ਸ਼ਿਕਵਾ ਕਰ ਰਹੀ ਸੀ।

''ਦਰਅਸਲ, ਰੱਤੋ ਮੈਂ ਇਕ ਕਹਾਣੀ ਲਿਖ ਰਹੀ ਸੀ. . .।'' ਮੈਂ ਹੌਲੀ ਜਿਹੀ ਹੱਸਦਿਆਂ ਜੁਆਬ ਦਿੱਤਾ।

''ਕਹਾਣੀ? ਤੂੰ ਕਹਾਣੀਆਂ ਵੀ ਲਿਖਦੀ ਐਂ? ਕੀ ਕਹਾਣੀਆਂ ਲਿਖਦੀ ਐਂ. . .?'' ਉਹ ਹਦੋਂ ਵੱਧ ਹੈਰਾਨ ਸੀ, ''ਕਿਸ ਦੀ ਕਹਾਣੀ ਐਂ?''

''ਕਹਾਣੀ ਤਾਂ ਕਿਸੇ ਦੀ ਹੋ ਸਕਦੀ ਹੈ. . .ਤੇਰੀ ਵੀ ਕਹਾਣੀ ਲਿਖੀ ਜਾ ਸਕਦੀ ਐ,''

ਮੈਂ ਉਸਦੀਆਂ ਅੱਖਾਂ 'ਚ ਦੇਖਦਿਆਂ ਕਿਹਾ।

''ਮੇਰੀ ਕਹਾਣੀ?'' ਉਸ ਅੱਖਾਂ ਉਪਰ ਚੜ੍ਹਾ ਲਈਆਂ ਤੇ ਜ਼ੋਰ ਦੀ ਖਿੜਖਿੜਾ ਕੇ ਹੱਸ ਪਈ, ''ਕਹਾਣੀਆਂ ਤਾਂ ਰਾਜੇ ਰਾਣੀਆਂ ਦੀਆਂ ਹੁੰਦੀਆਂ ਨੇ ਜਾਂ ਹੀਰ ਰਾਂਝਿਆਂ ਦੀਆਂ,. . .ਮੇਰੇ ਵਰਗਿਆਂ ਦੀਆਂ ਕੀ ਕਹਾਣੀਆਂ ਹੋਣਗੀਆਂ।''

''ਨਹੀਂ ਰੱਤੋ ਹਰ ਆਦਮੀ ਦੀ ਕਹਾਣੀ ਹੁੰਦੀ ਐ. . ,'' ਮੈਂ ਸਮਝਾਉਣ ਦੀ ਕੋਸ਼ਿਸ਼ ਕੀਤੀ।

''ਮੇਰੀ ਕਹਾਣੀ ਤਾਂ ਜੱਗੇ ਬਗੈਰ ਬਣਦੀ ਹੀ ਨਹੀਂ. . ,'' ਉਹ ਭੇਦ ਭਰੇ ਲਹਿਜੇ ਨਾਲ ਬੋਲੀ।

''ਤਾਂ ਕੀ ਹੈ. . .ਮੈਂ ਜੱਗੇ ਦਾ ਵੀ ਜ਼ਿਕਰ ਕਰ ਦੇਵਾਂਗੀ. . ,'' ਮੈਂ ਕਿਹਾ।

''ਸੱਚੀਂ, ਕੀ ਲਿਖੇਂਗੀ. . .?'' ਉਹ ਹੋਰ ਲਿਸ਼ਕੀ।

''ਮੈਂ ਲਿਖਾਂਗੀ ਕਿ ਰੱਤੋ ਤੇ ਜੱਗਾ ਤਿੰਨ ਤਿੰਨ ਬੱਚੇ ਪੈਦਾ ਕਰਕੇ ਵੀ. . .। ਖੈਰ ਤੂੰ ਇਕ ਗੱਲ ਦੱਸ, ਤੁਸੀਂ ਸਿਰਫ ਗੱਲਾਂ ਬਾਤਾਂ ਰਾਹੀਂ ਹੀ ਪਿਆਰ ਕਿਉਂ ਨਹੀਂ ਕਰਦੇ। ਮੇਰਾ ਮਤਲਬ ਹੈ, ਫੇਰ ਤੁਹਾਡੀ ਕਹਾਣੀ ਜ਼ਿਆਦਾ ਸਾਫ ਸੁਥਰੀ ਬਣ ਜਾਂਦੀ।''

''ਲੈ ਇਹ ਤਾਂ ਤੁਹਾਡੀਆਂ ਪੜ੍ਹਾਕੂਆਂ ਦੀਆਂ ਗੱਲਾਂ ਨੇ। ਪਹਿਲਾਂ ਮੈਂ ਵੀ ਇਦਾਂ ਹੀ ਸੋਚਦੀ ਸੀ ਤੇ ਮੈਂ ਕਦੇ ਜੱਗੇ ਦਾ ਹੱਥ ਵੀ ਨਹੀਂ ਫੜਿਆ ਸੀ। ਪਰ ਜਦ ਮੇਰਾ ਵਿਆਹ ਹੋ ਗਿਆ. . .ਤੇ ਮੈਂ ਪੰਜ ਸਾਲ ਆਪਣੇ ਮਰਦ ਨਾਲ ਖੇਹ ਖਾਂਦੀ ਰਹੀ ਤੇ ਬੱਚੇ ਪੈਦਾ ਕਰਦੀ ਰਹੀ ਤਾਂ ਪਤਾ ਲੱਗਿਆ ਕਿ ਕੀ ਖਾਸ ਗੱਲ ਸੀ, ਮੈਂ ਦੁਨੀਆਂ ਮਗਰ ਲੱਗ ਕੇ ਜੱਗੇ ਨੂੰ ਛੱਡਿਆ। ਦੁਨੀਆਂ ਨੇ ਮੈਨੂੰ ਕੀ ਦਿੱਤਾ। ਇਹ ਨਾਸਵਾਨ ਸਰੀਰ ਜੋ ਗੈਰ ਦਾ ਹੋ ਗਿਆ, ਇਕ ਦਿਨ ਮਿੱਟੀ 'ਚ ਮਿਲ ਜਾਵੇਗਾ। ਤੇ ਜੱਗਾ ਜਿਸਨੂੰ ਮੈਂ ਆਪਣੀ ਆਤਮਾ 'ਚੋਂ ਪਿਆਰ ਕਰਦੀ ਰਹੀ ਉਹ ਮੈਨੂੰ ਛੋਹ ਵੀ ਨਾ ਸਕਿਆ। ਮੈਂ ਆਪਣੇ ਆਪ ਨੂੰ ਰੋਕ ਨਹੀਂ ਸਕੀ। ਮੇਰੇ ਆਦਮੀ ਨੇ ਮੈਨੂੰ ਕਮਾ ਕੇ ਕਦੇ ਪੈਸਾ ਨਾ ਦਿੱਤਾ। ਜੱਗਾ ਮੇਰੇ ਬੱਚਿਆਂ ਦਾ ਖਰਚ ਦਿੰਦੈ। ਜੇ ਬਦਲੇ 'ਚ ਮੈਂ ਉਸਨੂੰ ਕੁਝ ਦਿੱਤਾ, ਕੀ ਪਾਪ ਕੀਤੈ?'' ਉਹ ਫਿਲਾਸਫਰਾਂ ਵਾਂਗ ਬੋਲਦੀ ਜਾ ਰਹੀ ਸੀ।

''ਜੇ ਤੂੰ ਮੇਰੀ ਝੂਠੀ ਕਹਾਣੀ ਲਿਖਣੀ ਐ ਤਾਂ ਲਿਖਦੇ। ਜੇ ਸੱਚੀ ਲਿਖਣੀ ਐ ਤਾਂ ਜੱਗੇ ਦਾ ਨਾਂ ਜ਼ਰੂਰ ਲਿਖੀਂ,'' ਕਹਿੰਦੀ ਹੋਈ ਉਹ ਗੁੱਸੇ 'ਚ ਭਰੀ ਨੀਚੇ ਚਲੀ ਗਈ।

ਕੁਝ ਦਿਨਾਂ ਬਾਅਦ ਰੱਤੋ ਦਾ ਘਰ ਵਾਲਾ ਉਸਨੂੰ ਲੈਣ ਆ ਗਿਆ। ਉਸ ਨੇ ਹੱਸ ਹੱਸ ਕੇ ਤਿਆਰੀਆਂ ਕੀਤੀਆਂ ਤੇ ਦੂਜੇ ਦਿਨ ਅੱਠ ਵਾਲੀ ਗੱਡੀ ਉਹਨਾਂ ਜਾਣਾ ਸੀ।

ਸਰਦੀਆਂ ਦੇ ਦਿਨ ਸੀ ਤੇ ਸੱਭ ਆਪਣੇ ਆਪਣੇ ਘਰਾਂ ਵਿਚ ਰਜ਼ਾਈਆਂ ਵਿਚ ਦੁਬਕੇ ਪਏ ਨਿੱਘ ਮਾਣ ਰਹੇ ਸਨ। ਪਤਾ ਨਹੀਂ ਕਦੋਂ ਰੌਲਾ ਪੈ ਗਿਆ ਕਿ ਰੱਤੋ ਘਰੋਂ ਭੱਜ ਗਈ ਹੈ। ਸਾਰੀ ਰਾਤ ਉਸਦੇ ਘਰ ਦੇ, ਗਲੀ ਮੁਹਲੇ ਵਾਲੇ ਉਸਨੂੰ ਲਭਦੇ ਫਿਰਦੇ ਰਹੇ, ਉਹ ਕਿਤੋਂ ਨਾ ਮਿਲੀ। ਰੇਲਵੇ ਸਟੇਸ਼ਨ ਛਾਣ ਮਾਰਿਆ। ਜੱਗੇ ਦਾ ਘਰ ਵੀ ਫਰੋਲਿਆ। ਪਰ ਉਹ ਉਥੇ ਨਹੀਂ ਮਿਲੀ। ਥੱਕ ਹਾਰ ਕੇ ਸਭ ਘਰ ਆ ਬੈਠੇ।

ਦਿਨ ਚੜ੍ਹਿਆ, ਲੋਕਾਂ ਅੱਡੀਆਂ ਅੱਖਾਂ ਨਾਲ ਦੇਖਿਆ ਕਿ ਰੱਤੋ ਖੇਤਾਂ ਵਲੋਂ ਆਉਂਦੀ ਪਗਡੰਡੀ 'ਤੇ ਹੌਲੀ ਹੌਲੀ ਤੁਰਦੀ ਆ ਰਹੀ ਸੀ। ਉਸਦੀ ਮਾਂ ਭੱਜ ਕੇ ਉਸਦੇ ਗਲ ਨਾਲ

ਟਿੰਬੜ ਗਈ। ਸਾਰਾ ਮਹੱਲਾ ਇਕੱਠਾ ਹੋ ਗਿਆ।

''ਕਿਥੇ ਗਈ ਸੀ ਧੀਏ. . .ਤੈਨੂੰ ਕੌਣ ਚੁਕ ਕੇ ਲੈ ਗਿਆ ਸੀ?'' ਉਸ ਦੀ ਮਾਂ ਲੋਕਾਂ ਸਾਹਮਣੇ ਧੀ ਨੂੰ ਸੱਚਾ ਬਣਾ ਰਹੀ ਸੀ।

''ਮੈਨੂੰ ਕੋਈ ਚੁੱਕ ਕੇ ਲੈ ਕੇ ਨਹੀਂ ਗਿਆ ਸੀ। ਮੈਂ ਜੱਗੇ ਨੂੰ ਮਿਲਣ ਗਈ ਸੀ, ਉਹਨੂੰ ਭੱਠ ਜਿੰਨਾ ਤਾਪ ਚੜ੍ਹਿਆ ਹੋਇਆ ਸੀ। ਮੈਂ ਛੱਡ ਕੇ ਨਹੀਂ ਆ ਸਕੀ। ਸਾਰੀ ਰਾਤ ਉਸੇ ਕੋਲ ਰਹੀ, ਬੇਰੀ ਆਲੇ ਖੇਤ 'ਚ।'' ਉਹ ਬਿਨਾਂ ਕਿਸੇ ਡਰ ਦੇ ਬੋਲ ਰਹੀ ਸੀ।

ਸੱਭ ਚੁਪ ਚਾਪ ਪਿਛੇ ਹਟ ਗਏ ਤੇ ਮੂੰਹ ਲੁਕੋ ਆਪੋ ਆਪਣੇ ਘਰੀਂ ਜਾ ਵੜੇ। ਤੇ ਰੱਤੋ ਨੇ ਗੋਦੀ ਵਾਲਾ ਮੁੰਡਾ ਕੁੱਛੜ ਚੱਕਿਆ ਤੇ ਆਪਣੇ ਆਦਮੀ ਨੂੰ ਬੋਲੀ,

''ਚੱਲ ਲਿਆ ਟਰੰਕ, ਚੱਲੀਏ, ਗੱਡੀ ਦਾ ਟੈਮ ਹੋ ਗਿਆ ਐ।'' ਤੇ ਉਹ ਚੁਪ ਚਾਪ ਟਰੰਕ ਚੁੱਕ ਕੇ ਉਹਦੇ ਨਾਲ ਤੁਰ ਪਿਆ।

ਮੈਂ ਛੱਤ ਤੇ ਖੜ੍ਹੀ ਦੇਖ ਰਹੀ ਸੀ ਕਿ ਰੱਤੋ ਆਪਣੇ ਆਦਮੀ ਤੇ ਬੱਚਿਆਂ ਨਾਲ ਹੌਲੀ ਹੌਲੀ ਤੁਰਦੀ ਰੇਲਵੇ ਸਟੇਸ਼ਨ ਵੱਲ ਜਾ ਰਹੀ ਸੀ ਜੋ ਕਿ ਸਾਡੇ ਪਿੰਡੋਂ ਬਾਹਰਵਾਰ ਸੀ।

# ਮਰਿਆ ਚੂਹਾ

**ਉਹ** ਸ਼ੀਸ਼ੇ ਮੂਹਰੇ ਨੰਗੀ ਖੜ੍ਹੀ ਹੋ ਜਾਂਦੀ। ਅਲਫ ਨੰਗੀ। ਵਾਲ ਵਿਖਰੇ ਹੋਏ, ਹੱਥ 'ਚ ਸਿਗਰਟ ਤੇ ਅੱਖਾਂ 'ਚ ਅਜੀਬ ਜਿਹਾ ਵਹਿਸ਼ੀਪਣ।

ਰੰਗ ਉਸ ਦਾ ਸਾਂਵਲਾ ਸੀ ਪਰ ਜਦੋਂ ਗੁੱਸੇ 'ਚ ਹੁੰਦੀ ਤਾਂ ਉਸ ਦਾ ਮੂੰਹ ਲਾਲ ਹੋ ਜਾਂਦਾ ਤੇ ਸੋਨੇ ਦੀ ਭਾਅ ਮਾਰਦਾ ਜਿਵੇਂ ਸੋਨੇ 'ਚ ਤਾਂਬਾ ਮਿਲਾ ਦਿਤਾ ਗਿਆ ਹੋਵੇ। ਤੇ ਹੇਠਲਾ ਹੋਂਠ ਗੁੱਸੇ ਨਾਲ ਥੋਹੜਾ ਬਾਹਰ ਨੂੰ ਕੱਢ ਕੇ ਰੱਖਦੀ ਜਿਵੇਂ ਦੂਜਿਆਂ ਨੂੰ ਟਿੱਚ ਸਮਝਦੀ ਹੋਵੇ। ਝਾਕਣੀ ਵਿਚ ਨਫਰਤ ਹੀ ਨਫਰਤ। ਜਿਵੇਂ ਕਹਿ ਰਹੀ ਹੋਵੇ, ''ਮੈਂ ਤੁਹਾਨੂੰ ਸਭ ਨੂੰ ਨਫਰਤ ਕਰਦੀ ਹਾਂ।''

ਬਹੁਤ ਘੱਟ ਬੋਲਦੀ ਸੀ। ਦਸ ਵਾਰ ਸੁਆਲ ਕੀਤੇ ਤੋਂ ਇਕ ਵਾਰ ਜੁਆਬ ਦਿੰਦੀ। ਜੀਅ ਕਰਦਾ ਤਾਂ ਰੱਜ ਕੇ ਖਾਂਦੀ, ਨਹਾਂਦੀ ਧੋਂਦੀ ਤੇ ਸਜ ਧਜ ਕੇ ਰਹਿੰਦੀ। ਜੇ ਦਿਲ ਨਹੀਂ ਰਾਜ਼ੀ ਤਾਂ ਤਿੰਨ ਤਿੰਨ ਦਿਨ ਤਕ ਕੱਪੜੇ ਨਾ ਬਦਲਦੀ, ਅੰਨ ਦਾ ਦਾਣਾ ਤੱਕ ਮੂੰਹ 'ਚ ਨਾ ਜਾਣ ਦਿੰਦੀ ਤੇ ਆਪਣੇ ਕਮਰੇ ਵਿਚ ਲੇਟੀ ਰਹਿੰਦੀ। ਛੱਤ ਵੱਲ ਦੇਖਦੀ ਸਿਗਰਟਾਂ ਫੂਕਦੀ ਰਹਿੰਦੀ। ਸਿਗਰਟ ਬੁਝਣ ਨਾ ਦਿੰਦੀ। ਨਰਸਾਂ ਉਸ ਨੂੰ ਵਾਰ ਵਾਰ ਆ ਕੇ ਖਾਣ ਪੀਣ ਲਈ ਪੁੱਛਦੀਆਂ, ਦਵਾਈ ਲੈਣ ਲਈ ਆਖਦੀਆਂ ਪਰ ਉਹ ਦਵਾਈ ਕੰਧ ਨਾਲ ਵਗਾਹ ਕੇ ਮਾਰਦੀ ਤੇ ਨਰਸਾਂ ਨਾਲ ਹੱਥੋਪਾਈ ਕਰਦੀ। ਕਦੇ ਕੋਈ ਨਰਸ ਪੁੱਛ ਬੈਠਦੀ:

''ਹੈਲੋ ਮਿਸਜ਼ ਅਖਤਰ! ਅੱਜ ਕਿਵੇਂ ਫੀਲ ਕਰ ਰਹੀ ਹੈਂ। ਸਿਹਤ ਤਾਂ ਠੀਕ ਹੈ ਨਾ?''

''ਸਿਹਤ ਠੀਕ ਹੋਣ ਨੂੰ ਮੈਂ ਬੀਮਾਰ ਹਾਂ?'' ਉਹ ਅੱਗੋਂ ਸੂਈ ਕੁੱਤੀ ਵਾਂਗ ਕੂੰਦ ਕੇ ਪੈਂਦੀ।

''ਨਹੀਂ, ਮਤਲਬ ਮਾਨਸਿਕ ਤੌਰ ਤੇ ਕਿਵੇਂ ਫੀਲ ਕਰਦੀ ਏਂ। ਕੋਈ ਸ਼ਿਕਾਇਤ ਏ ਤਾਂ ਦੱਸ ਸਾਨੂੰ? ਤੂੰ ਹਸਪਤਾਲ ਵਿਚ ਹੈਂ ਤੇ ਅਸੀਂ ਸਭ ਤੇਰੀ ਮਦਦ ਲਈ ਹਾਂ, ਤੇਰੀ ਦੇਖ ਭਾਲ ਕਰਦੇਂ ਹਾਂ। ਤੂੰ ਦਿਮਾਗੀ ਤੌਰ ਤੇ ਡਿਸਟਰਬ ਹੈਂ। ਤੇਰੇ ਇਲਾਜ ਲਈ ਤੈਨੂੰ ਹਸਪਤਾਲ ਵਿਚ ਲਿਆਂਦਾ ਗਿਆ ਹੈ। ਅਸੀਂ ਤੇਰਾ ਭਲਾ ਚਾਹੁੰਦੇ ਹਾਂ।'' ਨਰਸਾਂ ਉਸ ਨੂੰ ਪੜ੍ਹਨ ਦੀ ਕੋਸ਼ਿਸ਼ ਕਰਦੀਆਂ।

''ਮੇਰੇ ਭਲੇ ਲਈ? ਫੇਰ ਮੈਨੂੰ ਹਸਪਤਾਲ 'ਚ ਕਿਉਂ ਲਿਆਂਦਾ ਏ? ਤੁਸੀਂ ਸਮਝਦੇ ਓ ਮੈਂ ਪਾਗਲ ਹੋ ਗਈ ਹਾਂ। ਮੈਂ ਪਾਗਲ ਨਹੀਂ ਹਾਂ ਪਰ ਤੁਸੀਂ ਮੈਨੂੰ ਪਾਗਲ ਕਰ ਕੇ

ਛੱਡੋਗੇ। ਜਹਾਲਤ ਦੀ ਵੀ ਕੋਈ ਹੱਦ ਹੁੰਦੀ ਏ। ਹਰ ਵਕਤ ਮੇਰੇ ਤੇ ਨਜ਼ਰ ਰੱਖਦੇ ਓ, ਜਿਵੇਂ ਮੈਂ ਜੇਲ੍ਹ 'ਚ ਹੋਵਾਂ। ਮਰ ਕਿਉਂ ਨਹੀਂ ਜਾਣ ਦਿੰਦੇ ਮੈਨੂੰ। ਮੈਂ ਮਰ ਜਾਣਾ ਚਾਹੁੰਦੀ ਹਾਂ. . .।'' ਤੇ ਫੇਰ ਉਹ ਉਚੀ ਉਚੀ ਚੀਕਾਂ ਮਾਰਨ ਲੱਗ ਪੈਂਦੀ।

ਡਾਕਟਰ, ਸੋਸ਼ਲ ਵਰਕਰ ਤੇ ਨਰਸਾਂ ਮਿਲ ਕੇ ਜ਼ੋਰ ਲਗਾ ਰਹੇ ਸੀ ਕਿ ਮਿਸਜ਼ ਰਜ਼ੀਆ ਬੇਗ ਅਖਤਰ ਖ਼ੁਦਕਸ਼ੀ ਦਾ ਖਿਆਲ ਛੱਡ ਦੇਵੇ ਤੇ ਜੀਣਾ ਸਿੱਖੇ। ਉਹ ਕਈ ਵਾਰ ਖ਼ੁਦਕਸ਼ੀ ਕਰਨ ਦੀ ਨਾਕਾਮ ਕੋਸ਼ਿਸ਼ ਕਰ ਚੁੱਕੀ ਸੀ ਪਰ ਹਰ ਵਾਰ ਬਚਾ ਲਈ ਗਈ। ਤਿੰਨ ਮਹੀਨੇ ਹੋ ਗਏ ਸੀ ਉਸ ਨੂੰ ਸਾਇਆਕੈਟਰਿਕ ਯੂਨਿਟ ਵਿਚ ਦਾਖਲ ਹੋਈ ਨੂੰ ਪਰ ਉਸ ਦੀ ਹਾਲਤ ਵਿਚ ਕੋਈ ਫਰਕ ਨਹੀਂ ਆਇਆ ਸੀ। ਉਸ ਦੇ ਦਿਮਾਗ ਦੇ ਟੈਸਟ, ਸਕੈਨ, ਈ.ਸੀ.ਟੀ., ਈ.ਸੀ.ਜੀ. ਸਭ ਹੋ ਚੁੱਕੇ ਸੀ। ਕਿਤੇ ਕੋਈ ਖਰਾਬੀ ਨਹੀਂ ਸੀ। ਹਾਰ ਕੇ ਡਾਕਟਰਾਂ ਨੇ ਕਹਿ ਦਿਤਾ ਸੀ ਕਿ ਉਸ ਨੂੰ ਵਾਪਸ ਘਰ ਭੇਜ ਦਿਤਾ ਜਾਵੇਗਾ। ਪਰ ਘਰ ਦਾ ਨਾਮ ਸੁਣ ਕੇ ਉਸ ਨੇ ਫੇਰ ਕੱਪੜੇ ਫਾੜ ਸੁੱਟੇ ਅਤੇ ਉੱਚੀ ਉੱਚੀ ਚੀਕਾਂ ਮਾਰਦੀ ਕੁਰਸੀਆਂ ਮੇਜ਼ ਤੋੜਣ ਲੱਗੀ।

ਡਾਕਟਰ ਨੇ ਪਾਕਿਸਤਾਨ ਤੋਂ ਆਈ ਹਸਪਤਾਲ ਵਿਚ ਕੰਮ ਕਰਦੀ 'ਕੀ ਵਰਕਰ' ਦੁਭਾਸ਼ਣ ਕੁੜੀ ਹਸੀਬਾ ਨੂੰ ਕਿਹਾ ਸੀ ਕਿ ਉਹ ਆਪਣੀ ਬੋਲੀ ਬੋਲ ਕੇ ਰਜ਼ੀਆ ਨਾਲ ਗੱਲ ਕਰੇ ਤੇ ਜਾਣਨ ਦੀ ਕੋਸ਼ਿਸ਼ ਕਰੇ ਕਿ ਮਰੀਜ਼ ਦੇ ਮਨ 'ਚ ਕੀ ਹੈ। ਉਸ ਦੀ ਅਸੈਸਮੈਂਟ ਤਿਆਰ ਕਰੇ ਤਾਂ ਕਿ ਕੇਸ ਨੂੰ ਅੱਗੇ ਚਲਾਇਆ ਜਾ ਸਕੇ। ਹਸੀਬਾ ਨੇ ਰਜ਼ੀਆ ਦੀ ਫਾਈਲ ਕੱਢ ਕੇ ਪੜ੍ਹੀ। ਰਜ਼ੀਆ ਚੌਵੀ ਪੱਚੀ ਕੁ ਸਾਲ ਦੀ, ਦਰਮਿਆਨੇ ਕੱਦ ਕਾਠ ਦੀ ਕੁੜੀ ਸੀ। ਪਾਕਿਸਤਾਨ ਤੋਂ ਕਈ ਸਾਲ ਪਹਿਲਾਂ ਵਿਆਹ ਕਰਵਾ ਕੇ ਇੰਗਲੈਂਡ ਆਈ ਸੀ। ਉਸ ਦਾ ਖਾਵੰਦ ਚੌਧਰੀ ਰਹਿਮਤ ਬੇਗ ਅਖਤਰ ਲੰਡਨ ਦਾ ਕਾਫੀ ਵੱਡਾ ਵਪਾਰੀ ਸੀ, ਜਿਸ ਦੀ ਪਹਿਲੀ ਬੀਵੀ ਫੌਤ ਹੋ ਚੁੱਕੀ ਸੀ। ਪੰਜਾਹ ਸਾਲ ਦੀ ਉਮਰ ਵਿਚ ਉਹ ਪਾਕਿਸਤਾਨ ਜਾ ਕੇ ਸੋਲਾਂ ਸਾਲਾਂ ਦੀ ਰਜ਼ੀਆ ਨਾਲ ਨਿਕਾਹ ਕਰਵਾ ਆਇਆ ਸੀ। ਰਜ਼ੀਆ ਦੀ ਸਿਹਤ ਸ਼ੁਰੂ ਤੋਂ ਹੀ ਖਰਾਬ ਰਹਿਣੀ ਸ਼ੁਰੂ ਹੋ ਗਈ ਸੀ। ਸ਼ਾਇਦ ਉਸ ਨੂੰ ਇੰਗਲੈਂਡ ਦੀ ਆਬੋ-ਹਵਾ ਰਾਸ ਨਹੀਂ ਆਂਈ ਸੀ। ਤੇ ਆਹਿਸਤਾ ਆਹਿਸਤਾ ਬੀਮਾਰੀ ਏਨੀ ਵਧ ਗਈ ਸੀ ਕਿ ਅੱਜ ਉਹ ਹਸਪਤਾਲ ਦੇ ਸਾਇਆਕੈਟਰਿਕ ਯੂਨਿਟ ਵਿਚ ਦਾਖਲ ਸੀ।

ਹਸੀਬਾ ਨੇ ਰਜ਼ੀਆ ਦੇ ਕਮਰੇ ਦਾ ਬੂਹਾ ਖੋਲ੍ਹਿਆ। ਉਸ ਨੂੰ ਰਜ਼ੀਆ ਤੇ ਤਰਸ ਆਇਆ। ਬਿਸਤਰਾ ਉਲਟ ਪੁਲਟ, ਕੱਪੜੇ ਅਲਮਾਰੀ 'ਚੋਂ ਕੱਢ ਕੇ ਬਾਹਰ ਸੁੱਟੇ ਹੋਏ ਤੇ ਨੰਗ ਧੜੰਗੀ ਉਹ ਫਰਸ਼ ਤੇ ਲੰਮੀ ਪਈ ਸੀ। ਹਸੀਬਾ ਨੇ ਉਸ ਦਾ ਗਾਊਨ ਚੁੱਕ ਕੇ ਉਸ ਦੇ ਸਰੀਰ ਤੇ ਪਾ ਦਿਤਾ ਤੇ ਫਰਸ਼ 'ਤੇ ਹੀ ਉਸ ਦੇ ਕੋਲ ਭੁੰਜੇ ਬੈਠ ਗਈ। ਹੌਲੀ ਜਿਹੀ ਉਸ ਦਾ ਹੱਥ ਫੜਿਆ।

''ਕੱਪੜੇ ਪਾ ਲੈ ਰਜ਼ੀਆ, ਤੈਨੂੰ ਠੰਡ ਲੱਗ ਜਾਵੇਗੀ. . .।'' ਉਸ ਨੇ ਆਵਾਜ਼ 'ਚ ਗੁੜ ਘੋਲ ਕੇ ਕਿਹਾ।

ਰਜ਼ੀਆ ਨੇ ਕੋਈ ਜੁਆਬ ਨਾ ਦਿਤਾ। ਚੁੱਪਚਾਪ ਅੱਖਾਂ ਬੰਦ ਕਰੀ ਪਈ ਰਹੀ। ਹਸੀਬਾ ਨੇ ਕਈ ਵਾਰ ਆਪਣਾ ਸਵਾਲ ਦੁਹਰਾਇਆ ਪਰ ਰਜ਼ੀਆ ਟੱਸ ਤੋਂ ਮੱਸ ਨਾ ਹੋਈ। 'ਬੜੀ ਜ਼ਿੱਦੀ ਲੜਕੀ ਏ।' ਹਸੀਬਾ ਨੇ ਮਨ 'ਚ ਸੋਚਿਆ ਤੇ ਉਸ ਨੂੰ ਉਥੇ ਹੀ ਛੱਡ ਕੇ

ਬਾਹਰ ਚਲੀ ਗਈ। ਅੱਧ ਘੰਟੇ ਬਾਅਦ ਵਾਪਸ ਆਈ ਤਾਂ ਵੇਖਿਆ ਰਜ਼ੀਆ ਗਾਊਨ ਬਦਨ ਤੇ ਲਪੇਟੀ ਕੁਰਸੀ 'ਤੇ ਬੈਠੀ ਸਿਗਰਟ ਪੀ ਰਹੀ ਸੀ। ਹਸੀਬਾ ਨੂੰ ਥੋੜ੍ਹਾ ਹੌਸਲਾ ਹੋਇਆ।

''ਤੂੰ ਦੋ ਦਿਨਾਂ ਤੋਂ ਕੁਝ ਨਹੀਂ ਖਾਧਾ ਰੱਜੋ। ਆ ਜਾ ਕੁਝ ਖਾ ਲੈ। ਦੇਖ ਤੇਰੀ ਸਿਹਤ ਕਿੰਨੀ ਡਾਊਨ ਹੋ ਗਈ ਏ। ਕੁਝ. . .।'' ਉਸ ਨੇ ਹਮਦਰਦੀ ਨਾਲ ਮਰੀਜ਼ ਨੂੰ ਅਪਰੋਚ ਕੀਤਾ।

''ਤੂੰ ਡਾਕਟਰ ਏਂ?'' ਰਜ਼ੀਆ ਨੇ ਅਚਾਨਕ ਮੂੰਹ ਖੋਲ੍ਹਿਆ।

''ਨਹੀਂ।''

''ਸੋਸ਼ਲ ਵਰਕਰ ਏਂ?''

''ਨਹੀਂ।''

''ਨਰਸ ਏਂ?''

''ਨਹੀਂ?''

''ਤਾਂ ਫੇਰ ਪਾਗਲ ਏਂ? ਇਥੇ ਕੀ ਕਰਦੀ ਏਂ? ਰੋਜ਼ ਮੇਰਾ ਸਿਰ ਖਾਣ ਕੋਈ ਨਾ ਕੋਈ ਤੁਰਿਆ ਰਹਿੰਦਾ ਏ।'' ਉਸ ਦੀਆਂ ਅੱਖਾਂ 'ਚ ਫੇਰ ਉਹੀ ਵਹਿਸ਼ੀਪਣ ਜਾਗਿਆ।

''ਮੈਂ ਦੁਭਾਸ਼ਣ ਹਾਂ। ਤੇਰੀਆਂ ਗੱਲਾਂ ਡਾਕਟਰ ਨੂੰ ਦੱਸਦੀ ਹਾਂ ਤੇ ਡਾਕਟਰ ਦੀਆਂ ਤੈਨੂੰ। ਕਿਉਂਕਿ ਤੈਨੂੰ ਇੰਗਲਿਸ਼ ਨਹੀਂ ਆਉਂਦੀ ਤੇ ਗੋਰੇ ਡਾਕਟਰ ਨੂੰ ਉਰਦੂ ਨਹੀਂ ਆਉਂਦਾ।'' ਹਸੀਬਾ ਨੇ ਰਜ਼ੀਆ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ। ਰਜ਼ੀਆ ਚੁੱਪ ਹੋ ਗਈ।

''ਕੀ ਦੱਸੇਂਗੀ ਡਾਕਟਰ ਨੂੰ? ਮੈਂ ਪਹਿਲਾਂ ਹੀ ਸਭ ਕੁਝ ਦੱਸ ਚੁੱਕੀ ਹਾਂ ਕਿ ਮੈਂ ਪਾਗਲ ਨਹੀਂ ਹਾਂ। ਮੈਨੂੰ ਕਿਸੇ ਦਵਾ ਦੀ ਜ਼ਰੂਰਤ ਨਹੀਂ ਏ. . .।'' ਉਹ ਬੇਵੱਸੀ 'ਚ ਬੋਲੀ।

''ਸਾਨੂੰ ਪਤਾ ਹੈ ਤੂੰ ਪਾਗਲ ਨਹੀਂ ਹੈਂ, ਪਰ ਤੇਰਾ. . .।'' ਹਸੀਬਾ ਨੇ ਆਪਣੀ ਗੱਲ ਤੇ ਜ਼ੋਰ ਦੇਣਾ ਚਾਹਿਆ।

''ਫੇਰ ਮੈਨੂੰ ਇਥੇ ਕਿਉਂ ਲਿਆਂਦਾ ਗਿਆ ਏ। ਅੱਲਾਹ ਦੀ ਮਾਰ ਪਵੇ ਇਨ੍ਹਾਂ ਡਾਕਟਰਾਂ ਨੂੰ।'' ਉਹ ਗੁੱਸੇ 'ਚ ਲਾਲ ਪੀਲੀ ਹੋ ਗਈ।

''ਚੱਲ ਦਫਾ ਕਰ ਇਸ ਗੱਲ ਨੂੰ। ਚੱਲ ਕੇ ਕੁਝ ਖਾ ਲੈ।'' ਹਸੀਬਾ ਉਸ ਨੂੰ ਕੁਝ ਖਿਲਾ ਦੇਣਾ ਚਾਹੁੰਦੀ ਸੀ।

''ਮੈਂ ਨਹੀਂ ਖਾਣਾ। ਮੈਨੂੰ ਭੁੱਖ ਨਹੀਂ ਏ। ਤੂੰ ਖਾ ਲੈ. . .।'' ਉਸ ਨੇ ਪਹਿਲੀ ਸਿਗਰਟ ਤੋਂ ਦੂਜੀ ਸਿਗਰਟ ਲਗਾਈ।

''ਜੇ ਤੂੰ ਨਹੀਂ ਖਾਵੇਂਗੀ ਤਾਂ ਅੱਜ ਮੈਂ ਵੀ ਕੁਝ ਨਹੀਂ ਖਾਵਾਂਗੀ।'' ਹਸੀਬਾ ਨੇ ਸਹਿਜੇ ਹੀ ਕਿਹਾ।

ਰਜ਼ੀਆ ਨੇ ਇਕ ਭਰਪੂਰ ਨਜ਼ਰ ਹਸੀਬਾ ਦੇ ਚੇਹਰੇ ਤੇ ਸੁੱਟੀ। ਉਸ ਦੀਆਂ ਅੱਖਾਂ 'ਚ ਬੱਦਲ ਜਿਹੇ ਤੈਰੇ ਤੇ ਉਹ ਹਲਕਾ ਜਿਹਾ ਮੁਸਕਰਾਈ। ਸਿਗਰਟ ਦਾ ਲੰਮਾ ਕਸ਼ ਖਿੱਚਿਆ ਤੇ ਧੂੰਆਂ ਮੂੰਹ 'ਚੋਂ ਕੱਢਣ ਲੱਗੀ ਉਹ ਹੁਬਕੀਆਂ ਰੋ ਪਈ। ਫੇਰ ਬਹੁਤ ਦੇਰ ਤੱਕ ਰੋਂਦੀ ਰਹੀ। ਹਸੀਬਾ ਨੇ ਉਸ ਦੇ ਮੋਢੇ ਤੇ ਹੱਥ ਰੱਖਿਆ ਤੇ ਹੌਲੀ ਹੌਲੀ ਉਸ ਦੇ ਵਾਲਾਂ 'ਚ ਹੱਥ ਫੇਰਨ ਲੱਗੀ। ਉਸ ਨੇ ਰਜ਼ੀਆ ਦਾ ਸਿਰ ਆਪਣੀ ਛਾਤੀ ਨਾਲ ਲਗਾ ਲਿਆ ਜਿਵੇਂ ਕੋਈ ਮਾਂ ਕਿਸੇ ਰੋਂਦੇ ਬੱਚੇ ਨੂੰ ਤਸੱਲੀ ਦਿੰਦੀ ਹੋਵੇ।

"ਕੀ ਗੱਲ ਹੈ ਰੱਜੋ? ਮੈਂ ਕੋਈ ਗੁਸਤਾਖੀ ਕਰ ਬੈਠੀ ਹਾਂ? ਮੈਨੂੰ ਮਾਫ ਕਰ ਦੇ, ਮੇਰਾ ਮਤਲਬ ਤੈਨੂੰ ਰੁਆਉਣਾ ਨਹੀਂ ਸੀ। . .ਕੋਈ ਗ਼ਲਤ ਗੱਲ. . .।" ਉਸ ਨੇ ਮਾਫ਼ੀ ਮੰਗੀ।

"ਨਹੀਂ, ਗ਼ਲਤ ਗੱਲ ਨਹੀਂ ਆਖੀ ਸਿਸਟਰ; ਤੂੰ ਬੜੀ ਅੱਛੀ ਗੱਲ ਆਖੀ ਏ। ਬੜੀ ਪਿਆਰੀ ਗੱਲ। ਇਹੀ ਗੱਲ ਕਦੇ ਬਸ਼ੀਰੇ ਨੇ ਆਖੀ ਸੀ ਤੇ ਅੱਜ ਸਾਲਾਂ ਬਾਅਦ ਤੂੰ ਆਖੀ ਏ. . .।" ਉਹ ਅੱਖਾਂ ਪੂੰਝਦੀ ਹੋਈ ਬੋਲੀ।

"ਬਸ਼ੀਰਾ? ਕੌਣ ਬਸ਼ੀਰਾ?" ਹਸੀਬਾ ਨੇ ਪੁੱਛਿਆ।

"ਮੇਰੇ ਪੜੋਸੀਆਂ ਦਾ ਲੜਕਾ ਸੀ. . .ਮੇਰਾ ਦੋਸਤ। ਜਦੋਂ ਵੀ ਮੈਂ ਉਸ ਨਾਲ ਕਦੇ ਖਫਾ ਹੋ ਜਾਂਦੀ ਤਾਂ ਖਾਣਾ ਪੀਣਾ ਛੱਡ ਦਿੰਦੀ, ਤੇ ਉਹ ਮੈਨੂੰ ਮਨਾਉਣ ਲਈ ਕਹਿੰਦਾ ਹੁੰਦਾ ਸੀ, 'ਜੇ ਤੂੰ ਨਹੀਂ ਖਾਣਾ ਤਾਂ ਮੈਂ ਵੀ ਨਹੀਂ ਖਾਵਾਂਗਾ।'' ਉਸ ਦੀਆਂ ਅੱਖਾਂ ਵਿਚ ਅੱਥਰੂ ਮੁਸਕਰਾਏ।

"ਫੇਰ ਤੂੰ ਖਾ ਲੈਂਦੀ ਹੋਵੇਂਗੀ?" ਹਸੀਬਾ ਨੇ ਜਿਵੇਂ ਉਸ ਮਜ਼ਬੂਤ ਕਿਲ੍ਹੇ 'ਚ ਦਾਖਲ ਹੋਣ ਲਈ ਇੱਕ ਇੱਟ ਕੱਢ ਲਈ ਸੀ ਜੋ ਰਜ਼ੀਆ ਨੇ ਆਪਣੇ ਆਸੇ ਪਾਸੇ ਬਣਾਇਆ ਹੋਇਆ ਸੀ। ਚੁੱਪ ਤੇ ਜ਼ਿੱਦ ਦਾ ਕਿਲ੍ਹਾ।

"ਹਾਂ ਮੈਂ ਖਾ ਲੈਂਦੀ ਸੀ। ਹੋਰ ਕਰਦੀ ਵੀ ਕੀ? ਕਮਬਖਤ ਬਹੁਤ ਪਿਆਰ ਕਰਦਾ ਸੀ ਮੈਨੂੰ। ਮੇਰੇ ਬਗੈਰ ਇਕ ਪਲ ਵੀ ਨਹੀਂ ਸੀ ਰਹਿੰਦਾ। ਕਮਬਖਤ ਬਹੁਤ ਪਿਆਰ ਕਰਦਾ ਸੀ. . .।" ਉਹ ਕਿਤੇ ਦੂਰ ਗੁਆਚ ਗਈ।

"ਫੇਰ ਤੂੰ ਬਸ਼ੀਰੇ ਨੂੰ ਛੱਡ ਕੇ ਇੰਗਲੈਂਡ ਕਿਵੇਂ ਆ ਗਈ ਰੱਜੋ?" ਹਸੀਬਾ ਨੇ ਉਸ ਨੂੰ ਹੋਰ ਕੁਰੇਦਿਆ।

"ਸੌਦਾ। ਮੇਰੀ ਸੌਤੇਲੀ ਮਾਂ ਨੇ ਮੇਰਾ ਸੌਦਾ ਚੌਧਰੀ ਰਹਿਮਤ ਬੇਗ ਅਖਤਰ ਨਾਲ ਕਰ ਦਿਤਾ ਸੀ। ਸਕੂਲ 'ਚ ਪੜ੍ਹਦੀ ਸੀ ਮੈਂ ਉਦੋਂ, ਨਿੱਕੀ ਜਿਹੀ ਹੁੰਦੀ ਸੀ, ਜਦੋਂ ਮੇਰਾ ਨਿਕਾਹ ਕਰ ਕੇ ਮੈਨੂੰ ਇੰਗਲੈਂਡ ਪਾਰਸਲ ਕਰ ਦਿਤਾ ਗਿਆ ਸੀ। ਤੇ ਬਸ਼ੀਰਾ. . .ਰੋਂਦਾ ਰਹਿ ਗਿਆ ਹੋਣਾ ਵਿਚਾਰਾ। ਹੁਣ ਤਾਂ ਮਾਸ਼ਾ ਅਲਾਹ ਸਹੁਣਾ ਜਵਾਨ ਹੋ ਗਿਆ ਹੋਵੇਗਾ। ਕਈ ਸਾਲ ਹੋ ਗਏ ਪਰ ਮੈਨੂੰ ਨਹੀਂ ਭੁੱਲਿਆ ਹੋਣਾ। ਬਹੁਤ ਪਿਆਰ ਕਰਦਾ ਸੀ ਕਮਬਖਤ। ਮੇਰੇ ਮੱਥੇ 'ਤੇ ਇਹ ਚੋਟ ਦਾ ਨਿਸ਼ਾਨ ਦੇਖ ਰਹੀ ਏਂ ਨਾ? ਇਹ ਉਸੇ ਦੀ ਨਿਸ਼ਾਨੀ ਏ। ਇਕ ਦਿਨ ਖੇਲਦੇ ਵਕਤ ਉਸ ਨੇ ਮੈਨੂੰ ਚਬੂਤਰੇ ਤੋਂ ਧੱਕਾ ਦਿਤਾ ਸੀ ਤੇ ਮੇਰਾ ਮੱਥਾ ਫਟ ਗਿਆ ਸੀ। ਕਈ ਟਾਂਕੇ ਲੱਗੇ ਤੇ ਹਮੇਸ਼ਾ ਲਈ ਉਸ ਦੀ ਨਿਸ਼ਾਨੀ ਮੇਰੇ ਮੱਥੇ 'ਤੇ ਛਪ ਗਈ। "ਚੌਧਰੀ ਸਾਹਬ ਨੇ ਕਈ ਵਾਰੀ ਕਿਹਾ ਏ ਕਿ ਪਲਾਸਟਿਕ ਸਰਜਰੀ ਕਰਵਾ ਦਿੰਨਾ, ਪਰ ਮੈਨੂੰ ਇਹ ਚੋਟ ਬੜੀ ਪਿਆਰੀ ਏ। ਮੇਰੇ ਜਿਸਮ ਦਾ ਸਭ ਤੋਂ ਪਿਆਰਾ ਹਿੱਸਾ ਏ ਇਹ। ਮੇਰੇ ਬਸ਼ੀਰੇ ਦੀ ਯਾਦ। ਜਿਵੇਂ ਸਾਰਾ ਸਰੀਰ ਮਰ ਚੁੱਕਿਆ ਏ ਪਰ ਇਹ ਹਿੱਸਾ ਹਾਲੇ ਵੀ ਜੀਂਦਾ ਏ। ਉਸ ਦੇ ਹੋਠਾਂ ਦੀ ਗਰਮੀ ਅੱਜ ਵੀ ਮੈਂ ਇਸ ਥਾਂ ਤੇ ਮਹਿਸੂਸ ਕਰਦੀ ਹਾਂ। ਉਹ ਗਰਮੀ ਜੋ ਉਸ ਨੇ ਮੇਰਾ ਮੱਥਾ ਚੁੰਮ ਕੇ ਕਦੇ ਮੈਨੂੰ ਬਖਸ਼ੀ ਸੀ, 'ਰੱਜੋ ਮੈਂ ਜਦੋਂ ਵੱਡਾ ਹੋ ਗਿਆ ਤਾਂ ਡਾਕਟਰ ਬਣਾਗਾ ਤੇ ਤੇਰਾ ਮੱਥਾ ਠੀਕ ਕਰ ਦੇਵਾਂਗਾ।" ਰੱਜੋ ਨੇ ਫੇਰ ਅੱਖਾਂ ਭਰ ਲਈਆਂ।"

"ਫੇਰ ਬਸ਼ੀਰਾ ਡਾਕਟਰ ਬਣਿਆ?" ਹਸੀਬਾ ਗੱਲ ਦੀ ਡੋਰ ਹੱਥੋਂ ਛੱਡਣਾ ਨਹੀਂ ਚਾਹੁੰਦੀ

ਸੀ।

''ਪਤਾ ਨਹੀਂ। ਮੈਂ ਤਾਂ ਇੰਗਲੈਂਡ ਆ ਗਈ ਸੀ। ਉਸ ਨੇ ਕਿਹਾ ਸੀ ਕਿ ਈਦ ਵਾਲੇ ਦਿਨ ਉਸ ਨੂੰ ਮਿਲਾਂ। ਇਸ ਦਿਨ ਯਾਰ ਯਾਰਾਂ ਨੂੰ ਗਲੇ ਮਿਲਦੇ ਨੇ, ਪਰ ਮੈਂ ਮਿਲ ਨਾ ਸਕੀ। ਦੂਜੇ ਦਿਨ ਰਾਹ ਜਾਂਦੀ ਨੂੰ ਉਸ ਨੇ ਆ ਘੇਰਿਆ।

''ਕਲ੍ਹ ਕਿਉਂ ਨਹੀਂ ਆਈ?''

''ਮੈਂ ਮਜਬੂਰ ਸੀ?'' ਮੈਂ ਉਸ ਨੂੰ ਅਚਾਨਕ ਸਾਹਮਣੇ ਦੇਖ ਕੇ ਹੜਬੜਾ ਗਈ।

''ਕਿਉਂ ਮਜਬੂਰ ਨੂੰ ਤੇਰੀ ਮਾਂ ਮਰ ਗਈ ਸੀ?'' ਉਸ ਨੇ ਗੁੱਸੇ ਨਾਲ ਕਿਹਾ ਤੇ ਇਨੇ ਉਦਾਸ ਆਲਮ 'ਚ ਵੀ ਮੈਂ ਹੱਸ ਪਈ।

''ਮਾਂ ਤਾਂ ਪਹਿਲਾਂ ਹੀ ਮਰੀ ਹੋਈ ਏ ਬਸ਼ੀਰਿਆ, ਹੁਣ ਤਾਂ ਮੈਂ ਵੀ ਮਰ ਚੱਲੀ ਹਾਂ। ਮੇਰੀ ਅੰਮੀ ਨੇ ਮੇਰਾ ਰਿਸ਼ਤਾ ਪੱਕਾ ਕਰ ਦਿਤਾ ਏ ਚੌਧਰੀ ਰਹਿਮਤ ਬੇਗ ਅਖਤਰ ਨਾਲ। ਮੈਂ ਇੰਗਲੈਂਡ ਜਾ ਰਹੀ ਹਾਂ।'' ਮੈਂ ਅੱਖਾਂ ਭਰ ਕੇ ਕਿਹਾ।

''ਇੰਗਲੈਂਡ ਜਾ ਰਹੀ ਏਂ। ਮੁਹੱਬਤਾਂ ਤੋੜ ਕੇ. . .ਆਪਣੇ ਬਸ਼ੀਰੇ ਨੂੰ ਛੋੜ ਕੇ. . .?'' ਉਸ ਨੂੰ ਏਤਬਾਰ ਨਾ ਆਇਆ।

''ਮੈਂ ਤਾਂ ਹੀ ਤੇਰੇ ਕੋਲ ਆ ਗਈ ਹਾਂ ਬਸ਼ੀਰਿਆ। ਚੱਲ ਮੈਨੂੰ ਕਿਤੇ ਕੱਢ ਕੇ ਲੈ ਜਾ। ਮੈਂ ਤੇਰੀ ਹਾਂ ਬਸ਼ੀਰਿਆ ਸਿਰਫ ਤੇਰੀ। ਮੈਨੂੰ ਸੰਭਾਲ ਲੈ। ਕਿਤੇ ਦੂਰ ਲੈ ਜਾ. . .ਲਾਹੌਰ ਤੋਂ ਦੂਰ. . .ਦੁਨੀਆਂ ਤੋਂ ਦੂਰ। ਮੇਰੇ ਅੰਮੀ ਅੱਬੂ ਤੋਂ ਦੂਰ. . .ਜਿਥੇ ਕੋਈ ਰਹਿਮਤ ਬੇਗ ਅਖਤਰ ਨਾ ਹੋਵੇ. . .।'' ਮੈਂ ਭਰੇ ਬਾਜ਼ਾਰ 'ਚ ਉਸ ਨਾਲ ਚੰਬੜ ਗਈ। ਬਸ਼ੀਰਾ ਬਰਫ ਹੋ ਗਿਆ, ਜਿਵੇਂ ਬਲਦੀ ਅੱਗ 'ਤੇ ਕਿਸੇ ਨੇ ਬੇਸ਼ੁਮਾਰ ਪਾਣੀ ਪਾ ਦਿਤਾ ਹੋਵੇ। ਮੈਂ ਉਹਦੇ ਕੰਧੇ ਫੜ ਕੇ ਹਿਲਾਏ।

''ਤੂੰ ਖਾਮੋਸ਼ ਕਿਉਂ ਏਂ ਬਸ਼ੀਰੇ? ਬੋਲ, ਕੁਝ ਬੋਲ। ਤੇਰੇ ਬਚਪਨ ਦਾ ਪਿਆਰ ਲੁਟ ਰਿਹਾ ਏ।. . .ਮੈਨੂੰ ਭਜਾ ਕੇ ਲੈ ਜਾ ਕਿਤੇ।'' ਮੈਂ ਰੋਈ ਜਾ ਰਹੀ ਸੀ।

''ਕਿਥੇ ਲੈ ਜਾਵਾਂ? ਖ਼ੁਦ ਬੇਰੁਜ਼ਗਾਰ ਹਾਂ। ਕੋਈ ਟਿਕਾਣਾ ਨਹੀਂ ਮੇਰਾ। ਕੱਢ ਕੇ ਕਿਥੇ ਲੈ ਜਾਵਾਂ? ਤੇਰੇ ਅੱਬਾ ਹਜ਼ੂਰ ਤਾਂ ਮੇਰੇ ਅੱਬਾ ਹਜ਼ੂਰ ਦਾ ਜੀਣਾ ਹਰਾਮ ਕਰ ਦੇਣਗੇ। ਪੜੋਸ ਦੀ ਗੱਲ ਏ. . .। ਮੈਂ ਕੀ ਕਰਾਂ. . .।'' ਉਸ ਨੇ ਬੇਵੱਸੀ 'ਚ ਸਿਰ ਹਿਲਾਇਆ।

''ਫੇਰ ਮੈਂ ਹੁਣ ਕੀ ਕਰਾਂ?'' ਮੈਂ ਪੁੱਛਿਆ।

''ਉਹੀ ਕਰ ਜੋ ਤੇਰੇ ਵਾਲਦਾਇਨ ਆਖਦੇ ਨੇ। ਵੱਡਿਆਂ ਦਾ ਕਿਹਾ ਮੰਨੀਦਾ ਏ. . .।'' ਆਖ ਕੇ ਉਹ ਮੈਨੂੰ ਸੜਕ 'ਤੇ ਖੜ੍ਹੀ ਨੂੰ ਛੋੜ ਗਿਆ।

ਤੇ ਮੇਰਾ ਨਿਕਾਹ ਚੌਧਰੀ ਸਾਹਬ ਨਾਲ ਹੋ ਗਿਆ। ਅੱਬੂ ਮੈਨੂੰ ਰੁਖਸਤ ਕਰਨ ਵੇਲੇ ਜ਼ਾਰੋਜ਼ਾਰ ਰੋਇਆ ਸੀ, ਪਰ ਮੇਰੀਆਂ ਅੱਖਾਂ 'ਚ ਆਂਸੂ ਨਹੀਂ ਸੀ। ਮੈਂ ਪਿਛਲੀ ਰਾਤ ਅੱਬੂ ਤੇ ਅੰਮੀ ਦੀ ਗੁਫੱਤਗੂ ਸੁਣੀ ਸੀ। ਅੱਬੂ ਸ਼ਾਇਦ ਮੇਰੀ ਸ਼ਾਦੀ ਦੇ ਖਿਲਾਫ ਸੀ, ਤੇ ਮੇਰੀ ਸੌਤੇਲੀ ਮਾਂ ਨੇ ਇਕੋ ਗੱਲ ਕਹਿ ਕੇ ਝਗੜਾ ਮੁਕਾ ਦਿਤਾ ਸੀ।

''ਮੈਂ ਕਿਸ ਕਿਸ ਦਾ ਫਾਂਤਿਹਾ ਪੜ੍ਹਾਂ? ਪੂਰੀ ਫੌਜ ਏ। ਜਵਾਨ ਕੁੜੀ ਏ। ਕਲ੍ਹ ਨੂੰ ਕਿਸੇ ਨਾਲ ਨਿਕਲ ਗਈ ਤਾਂ ਬੈਠਾ ਇਧਰ ਉਧਰ ਦੇਖੇਂਗਾ।'' ਤੇ ਅੱਬੂ ਚੁੱਪ ਹੋ ਗਿਆ ਸੀ।

ਮੈਂ ਜਹਾਜ਼ ਚੜ੍ਹ ਕੇ ਇੰਗਲੈਂਡ ਆ ਗਈ। ਵੱਡਾ ਬੰਗਲਾ, ਭਾਰੀ ਪਰਦੇ, ਰੇਸ਼ਮੀ ਗਲੀਚੇ ਤੇ ਮਹਿੰਗੀਆਂ ਕਾਰਾਂ ਮੇਰਾ ਇੰਤਜ਼ਾਰ ਕਰ ਰਹੀਆਂ ਸਨ, ਤੇ ਨਾਲੇ ਇੰਤਜ਼ਾਰ ਕਰ ਰਹੇ

ਸੀ ਤਿੰਨ ਬੱਚੇ। ਬਿਨਾਂ ਕੁਝ ਕੀਤਿਆਂ ਹੀ ਮੈਂ ਤਿੰਨ ਬੱਚਿਆਂ ਦੀ ਮਾਂ ਬਣ ਗਈ ਸੀ। ਜੰਮੀ 'ਨਾਂ ਸੂਈ। ਜਦੋਂ ਮੇਰੀ ਉਮਰ ਦੇ ਬੱਚਿਆਂ ਨੇ ਮੈਨੂੰ 'ਅੰਮੀ' ਕਹਿ ਕੇ ਪੁਕਾਰਿਆ ਤਾਂ ਮੈਨੂੰ ਲੱਗਿਆ ਜਿਵੇਂ ਮੈਂ ਰਾਤੋ ਰਾਤ ਸੱਠ ਸਾਲਾਂ ਦੀ ਹੋ ਗਈ ਸੀ। ਮੇਰੇ ਕਾਲੇ ਘੁੰਗਰਾਲੇ ਵਾਲ ਸਫੇਦ ਹੋ ਗਏ ਸੀ ਤੇ ਮੇਰੇ ਸਿਰ 'ਤੇ ਤਿੰਨ ਭਾਰੀਆਂ ਗੱਠਾਂ ਰੱਖ ਦਿੱਤੀਆਂ ਗਈਆਂ ਸਨ ਜਿਨ੍ਹਾਂ ਦਾ ਭਾਰ ਮੇਰੀ ਕਮਜ਼ੋਰ ਗਰਦਨ ਤੋਂ ਉਠਾਇਆ ਨਹੀਂ ਜਾ ਰਿਹਾ ਸੀ।

ਸੁਹਾਗ ਰਾਤ ਨੂੰ ਰੇਸ਼ਮੀ ਜੋੜੇ 'ਚ ਲਿਪਟੀ ਮੈਂ ਅੱਗ ਦੀ ਸੇਜ 'ਤੇ ਬੈਠੀ ਸੀ। ਹੱਥ ਮੂੰਹ ਧੋਣ ਲਈ ਮੈਂ ਬਾਥਰੂਮ 'ਚ ਚਲੀ ਗਈ। ਵਾਸ਼ ਬੇਸਣ 'ਤੇ ਇਕ ਪਿਆਲੀ ਵਿਚ ਨਕਲੀ ਦੰਦਾਂ ਦਾ ਸੈਟ ਪਿਆ ਸੀ। ਮੈਂ ਵਾਪਸ ਕਮਰੇ 'ਚ ਆਈ ਤਾਂ ਚੌਧਰੀ ਸਾਹਬ ਬਿਸਤਰ 'ਤੇ ਲੇਟੇ ਹੋਏ ਸੀ। ਉਨ੍ਹਾਂ ਦੇ ਮੂੰਹ 'ਚ ਦੰਦ ਨਹੀਂ ਸਨ। ਮੈਨੂੰ ਗਸ਼ੀ ਪੈਣ ਵਾਲੀ ਹੋ ਗਈ। ਜਦੋਂ ਉਨ੍ਹਾਂ ਨੇ ਮੈਨੂੰ ਆਪਣੀਆਂ ਬੁੱਢੀਆਂ ਬਾਹਾਂ 'ਚ ਲੈ ਕੇ 'ਮੇਰੀ ਜਾਨ' ਕਿਹਾ ਤਾਂ ਮੇਰਾ ਜੀਅ ਕੀਤਾ ਕਿ ਮੈਂ ਉੱਚੀ ਉੱਚੀ ਰੋਵਾਂ। ਲੱਗ ਰਿਹਾ ਸੀ ਮੈਂ ਆਪਣੇ ਅੱਬੂ ਨਾਲ ਸੌਂ ਰਹੀ ਹਾਂ। ਬਹੁਤ ਦੇਰ ਤੱਕ ਉਹ ਆਪਣੇ ਸਰਦ ਹੱਥਾਂ ਨਾਲ ਮੇਰਾ ਗਰਮ ਗੋਸ਼ਤ ਤੋਲਦੇ ਰਹੇ ਤੇ ਫੇਰ ਥੱਕ ਕੇ ਸੌਂ ਗਏ। ਥੋੜ੍ਹੀ ਦੇਰ ਬਾਅਦ ਹੀ ਉਹ ਘੁਰਾੜੇ ਮਾਰ ਰਹੇ ਸੀ, ਤੇ ਮੈਂ ਬਸ਼ੀਰੇ ਨੂੰ ਯਾਦ ਕਰ ਕੇ ਸਾਰੀ ਰਾਤ ਰੋਂਦੀ ਰਹੀ। ਬਾਹਰ ਬਰਫ ਪੈ ਰਹੀ ਸੀ ਤੇ ਅੰਦਰ ਵੀ ਬਰਫ ਪੈ ਰਹੀ ਸੀ।

ਫੇਰ ਇਹ ਕਈ ਵਾਰ ਹੋਇਆ। ਜਦੋਂ ਵੀ ਚੌਧਰੀ ਸਾਹਬ ਨਾਲ ਸੌਂਦੀ, ਲੱਗਦਾ ਕਬਰ 'ਚ ਕਿਸੇ ਮੁਰਦੇ ਨਾਲ ਪਈ ਹਾਂ। ਮੈਂ ਦੂਸਰੇ ਕਮਰੇ 'ਚ ਬੱਚਿਆਂ ਕੋਲ ਸੌਣਾ ਸ਼ੁਰੂ ਕਰ ਦਿਤਾ। ਚੌਧਰੀ ਸਾਹਬ ਖੁਸ਼ ਸਨ ਕਿ ਮੈਂ ਬੱਚਿਆਂ ਦਾ ਕਿੰਨਾ ਖਿਆਲ ਰੱਖਦੀ ਹਾਂ। ਪਰ ਮੇਰੇ ਅੰਦਰ ਗ਼ਮ ਦਾ ਕੋਈ ਗੋਲਾ ਬੈਠਾ ਗਿਆ ਸੀ। ਸੁੱਕ ਕੇ ਤੀਲਾ ਹੋ ਗਈ ਸੀ ਤੇ ਖੂਨ ਖਤਮ ਹੋ ਚੱਲਿਆ ਸੀ ਮੇਰੇ ਬਦਨ 'ਚੋਂ। ਚੌਧਰੀ ਸਾਹਬ ਮੈਨੂੰ ਕਈ ਹਕੀਮਾਂ ਕੋਲ ਲੈ ਕੇ ਗਏ, ਪਰ ਮੇਰਾ ਇਲਾਜ ਕੋਈ ਨਾ ਕਰ ਸਕਿਆ। ਮਰਜ਼ ਵੱਧਦਾ ਜਾ ਰਿਹਾ ਸੀ।

ਉਨ੍ਹਾਂ ਦਿਨਾਂ 'ਚ ਹੀ ਚੌਧਰੀ ਸਾਹਬ ਦਾ ਕੋਈ ਦੂਰ ਦੇ ਰਿਸ਼ਤੇ 'ਚੋਂ ਲੱਗਦੇ ਭਾਈ ਜਾਨ ਦਾ ਲੜਕਾ ਯੂਸਫ ਇੰਗਲੈਂਡ ਡਾਕਟਰੀ ਪੜ੍ਹਨ ਆਇਆ। ਰਹਿਮਤ ਸਾਹਬ ਨੇ ਮੇਰੀ ਮਰਜ਼ ਦਾ ਜ਼ਿਕਰ ਡਾਕਟਰ ਯੂਸਫ ਕੋਲ ਕੀਤਾ। ਉਸ ਨੇ ਮੇਰਾ ਚੈਕ ਅੱਪ ਕੀਤਾ ਤੇ ਦੱਸਿਆ ਕਿ ਮੈਂ ਠੀਕ ਹੋ ਜਾਵਾਂਗੀ। ਕੋਈ ਖਾਸ ਗੱਲ ਨਹੀਂ ਏ।

"ਮੇਰਾ ਸਿਰ ਬਹੁਤ ਦੁੱਖਦਾ ਏ. . .।" ਮੈਂ ਆਪਣਾ ਮਰਜ਼ ਦੱਸਿਆ।

"ਠੀਕ ਹੋ ਜਾਵੇਗਾ। ਮੈਂ 'ਪੇਨ ਸਪੈਸ਼ਲਿਸਟ' ਹਾਂ। ਜਿਸਮ 'ਚ ਕਿਤੇ ਵੀ ਦਰਦ ਹੋਵੇ ਠੀਕ ਕਰ ਦੇਨਾਂ ਵਾਂ. . .।" ਉਸ ਨੇ ਮੇਰੇ ਮੱਥੇ 'ਤੇ ਹੱਥ ਰੱਖਿਆ। ਬਾਜ਼ਾਰੋਂ ਕੁਝ ਗੋਲੀਆਂ ਲਿਆ ਕੇ ਉਸ ਨੇ ਮੈਨੂੰ ਖਾਣ ਲਈ ਦਿਤੀਆਂ।

ਦਵਾ ਖਾ ਕੇ ਵੀ ਮੈਂ ਠੀਕ ਨਹੀਂ ਹੋ ਰਹੀ ਸੀ। ਇਕ ਦਿਨ ਦੁਪਹਿਰ ਵੇਲੇ ਸਿਰ ਬੰਨ੍ਹੀ ਪਈ ਸੀ, ਡਾ: ਯੂਸਫ ਆਪਣਾ ਸਾਮਾਨ ਚੁੱਕਣ ਆਇਆ।

"ਸਿਰ ਪੀੜ ਹੋ ਰਹੀ ਏ?" ਆਖ ਕੇ ਉਸ ਨੇ ਮੇਰੀ ਪੇਸ਼ਾਨੀ ਨੂੰ ਛੂਹਿਆ।

"ਹਾਂ. . ਡਾਕਟਰ ਸਾਹਬ. . .।" ਮੈਂ ਦਰਦ ਨਾਲ ਅੱਖਾਂ ਬੰਦ ਕਰ ਲਈਆਂ।

ਉਸ ਨੇ ਦਰਾਜ਼ 'ਚੋਂ ਵਿਕਸ ਕੱਢੀ ਤੇ ਮੇਰੇ ਮੱਥੇ 'ਤੇ ਮਾਲਿਸ਼ ਕਰਨੀ ਸ਼ੁਰੂ ਕਰ ਦਿਤੀ।

ਮੈਨੂੰ ਸਕੂਨ ਮਿਲਿਆ। ਮੱਥੇ ਤੋਂ ਹੁੰਦਾ ਹੋਇਆ ਉਹ ਮੇਰੀ ਗਰਦਨ ਤੇ ਮਾਲਸ਼ ਕਰਨ ਲੱਗਾ। ਤੇ ਫੇਰ ਹੌਲੀ ਹੌਲੀ ਉਸ ਦੇ ਹੱਥ ਮੇਰੀ ਨੰਗੀ ਪਿੱਠ 'ਤੇ ਚਲੇ ਗਏ।

''ਇਹ ਗੁਨਾਹ ਏ। ਕਿਆਮਤ ਵਾਲੇ ਦਿਨ ਮੂੰਹ ਕਾਲਾ ਹੋਵੇਗਾ. . .।'' ਮੈਂ ਆਪਣੀ ਕਮੀਜ਼ ਨੀਚੇ ਖਿੱਚ ਲਈ।

''ਕੋਈ ਗੁਨਾਹ ਨਹੀਂ। ਮੈਂ ਤੇਰਾ ਇਲਾਜ ਕਰ ਰਿਹਾ ਵਾਂ, ਤੂੰ ਬੀਮਾਰ ਏਂ। ਡਾਕਟਰ ਤੋਂ ਕੁਛ ਛੁਪਾਉਣ ਦੀ ਜ਼ਰੂਰਤ ਨਹੀਂ ਹੁੰਦੀ. . .।'' ਉਸ ਨੇ ਮੇਰਾ ਹੱਥ ਫੜ ਲਿਆ। ਮੈਂ ਖ਼ਾਮੋਸ਼ ਹੋ ਗਈ। ਮੇਰੀ ਪਿੱਠ ਮਸਲਦਾ ਮਸਲਦਾ ਉਹ ਮੇਰਾ ਅੰਗ ਅੰਗ ਫਰੋਲ ਗਿਆ। ਉਸ ਦੇ ਗਰਮ ਹੱਥ ਮੈਨੂੰ ਬਸ਼ੀਰੇ ਦੇ ਹੱਥਾਂ ਵਰਗੇ ਲੱਗੇ। ਉਸ ਦੇ ਜਿਸਮ ਦੀ ਮਹਿਕ ਬਸ਼ੀਰੇ ਦੀ ਯਾਦ ਤਾਜ਼ਾ ਕਰ ਗਈ। ਮੇਰੀਆਂ ਅੱਖਾਂ ਬੰਦ ਹੋ ਗਈਆਂ। ਉਸ ਦੀਆਂ ਮਜ਼ਬੂਤ ਬਾਹਾਂ, ਜਿਵੇਂ ਮੈਂ ਬਸ਼ੀਰੇ ਦੀਆਂ ਬਾਹਾਂ 'ਚ ਸੀ। ਬਸ਼ੀਰਾ. . .ਬਸ਼ੀਰਾ. . .ਬਸ਼ੀਰਾ. . .ਤੇ ਡਾਕਟਰ ਯੂਸਫ ਕਿਤੇ ਵੀ ਨਹੀਂ ਸੀ। ਮੈਂ ਆਪਣੇ ਬਸ਼ੀਰੇ ਦੇ ਤਸੱਵਰ 'ਚ ਹੁੜ੍ਹਦੀ ਚਲੀ ਗਈ. . .।

ਹੁਣ ਜਦੋਂ ਵੀ ਉਸ ਨੂੰ ਛੁੱਟੀ ਹੁੰਦੀ, ਉਹ ਸਾਡੇ ਘਰ ਆ ਜਾਂਦਾ। ਮੇਰੀ ਮਸਾਜ ਕਰਦਾ ਤੇ ਮੇਰਾ ਇਲਾਜ ਕਰਦਾ। ਮੇਰਾ ਸਿਰ ਦੁਖਣੋ ਹਟ ਗਿਆ ਸੀ ਤੇ ਮੈਂ ਚੰਗੀ ਭਲੀ ਹੋ ਗਈ। ਚੌਧਰੀ ਸਾਹਬ ਬਹੁਤ ਖੁਸ਼ ਹੋਏ ਕਿ ਡਾ ਯੂਸਫ ਦੇ ਹੱਥਾਂ 'ਚ ਅਲਾਹ ਦੀ ਬਰਕਤ ਏ, ਬੇਗਮ ਚੰਗੀ ਭਲੀ ਹੋ ਗਈ।

''ਰਜ਼ੀਆ. . .ਮੇਰੀ ਪੜ੍ਹਾਈ ਪੂਰੀ ਹੋਣ ਵਾਲੀ ਏ। ਮੈਂ ਹੁਣ ਪਾਕਿਸਤਾਨ ਵਾਪਸ ਚਲਾ ਜਾਵਾਂਗਾ. . .ਤੂੰ ਮੈਨੂੰ ਯਾਦ ਕਰਿਆ ਕਰੇਂਗੀ ਨਾ?'' ਇਕ ਦਿਨ ਉਸ ਨੇ ਮੈਨੂੰ ਗ਼ਮਗੀਨ ਅੰਦਾਜ਼ 'ਚ ਕਿਹਾ ਸੀ।

''ਤੂੰ ਵਾਪਸ ਚਲਾ ਜਾਵੇਂਗਾ ਯੂਸਫ? ਤੇਰੇ ਬਗੈਰ ਮੈਂ ਕਿਵੇਂ ਜੀਵਾਂਗੀ, ਤਸੱਵਰ ਵੀ ਨਹੀਂ ਕਰ ਸਕਦੀ...।'' ਮੈਨੂੰ ਮੇਰਾ ਮਰਜ਼ ਚੇਤੇ ਆ ਗਿਆ।

''ਮੈਂ ਵੀ ਸੋਚਣਾ ਵਾਂ ਕਿ ਸਾਡੀ ਮੁਹੱਬਤ ਕਿਥੇ ਤਕ ਸਾਨੂੰ ਲਿਜਾ ਚੁੱਕੀ ਏ। ਮੈਂ ਤੇਰੇ ਬਿਨਾਂ ਕਿਵੇਂ ਰਹਾਂਗਾ ਮੇਰੀ ਜਾਨ. . .।'' ਉਹ ਸ਼ਾਇਰਾਂ ਵਾਂਗ ਬੋਲਿਆ।

''ਕੁਝ ਕਰ ਯੂਸਫ। ਖ਼ੁਦਾ ਦੀ ਕਸਮ . . .ਮੈਂ ਤੈਨੂੰ ਭੁੱਲ ਨਹੀਂ ਸਕਦੀ, ਇਸ ਮੁਲਕ 'ਚ ਤੇਰੇ ਬਗੈਰ ਮੇਰਾ ਕੋਈ ਨਹੀਂ।'' ਮੈਂ ਅੱਖਾਂ ਭਰ ਲਈਆਂ।

''ਠੀਕ ਏ। ਮੈਂ ਤੈਨੂੰ ਇਸ ਜਹੰਨਮ 'ਚੋਂ ਕੱਢ ਕੇ ਲੈ ਜਾਵਾਂਗਾ ਰੱਜੋ, ਆਪਣੀ ਬੇਗਮ ਬਣਾਵਾਂਗਾ। ਚੌਧਰੀ ਸਾਹਬ ਨੂੰ ਤਲਾਕ ਦੇ ਦੇਵੀਂ। ਆਪਾਂ ਨਿਕਾਹ ਕਰ ਲਵਾਂਗੇ। ਇਨ੍ਹਾਂ ਹਾਲਾਤ 'ਚ ਮੈਂ ਤੈਨੂੰ ਛੋੜ ਕੇ ਕਿਵੇਂ ਜਾ ਸਕਨਾਂ?'' ਉਸ ਨੇ ਮੈਨੂੰ ਬਾਹਾਂ 'ਚ ਲੈ ਲਿਆ। ਮੈਂ ਉਸ ਦੇ ਮੋਢੇ 'ਤੇ ਸਿਰ ਰੱਖ ਦਿਤਾ, ਲੱਗਿਆ ਜਿਵੇਂ ਬਸ਼ੀਰੇ ਦਾ ਮੋਢਾ ਹੋਵੇ। ਜੋ ਕੰਮ ਬਸ਼ੀਰਾ ਨਹੀਂ ਕਰ ਸਕਿਆ ਉਹ ਯੂਸਫ ਕਰ ਦੇਵੇਗਾ। ਮੈਨੂੰ ਇਸ ਗੰਦੀ ਜ਼ਿੱਲਤ ਭਰੀ ਜ਼ਿੰਦਗੀ 'ਚੋਂ ਕੱਢ ਕੇ ਲੈ ਜਾਵੇਗਾ। ਅਲਾਹ ਤਾਲਾ ਨੇ ਮੇਰੀ ਸੁਣ ਲਈ।

ਯੂਸਫ ਪੜ੍ਹਨ ਦੇ ਨਾਲ ਨਾਲ ਕਿਸੇ ਸਟੋਰ 'ਚ ਕੰਮ ਵੀ ਕਰਦਾ ਸੀ। ਸਾਰਾ ਦਿਨ ਬਿਜ਼ੀ ਰਹਿੰਦਾ। ਮੈਂ ਉਸ ਦਾ ਕੰਮ ਛੁੜਵਾ ਦਿਤਾ। ਉਸ ਦਾ ਸਾਰਾ ਖਰਚਾ ਮੇਰੇ ਬੈਂਕ 'ਚੋਂ ਜਾਣ ਲੱਗਾ। ਹੁਣ ਉਹ ਜਾਂ ਤਾਂ ਪੜ੍ਹਦਾ ਸੀ ਜਾਂ ਮੇਰੇ ਨਾਲ ਇਸ਼ਕ ਕਰਦਾ ਸੀ। ਇਕ ਦਿਨ ਉਹ ਉਦਾਸ ਜਿਹਾ ਆਇਆ ਤੇ ਕਾਫੀ ਦੇਰ ਤੱਕ ਲੰਮਾ ਪਿਆ ਸੋਚਦਾ ਰਿਹਾ।

''ਕੀ ਗੱਲ ਏ ਮੇਰੇ ਸਰਤਾਜ. . .? ਤੂੰ ਉਦਾਸ ਕਿਉਂ ਏਂ?'' ਮੈਥੋਂ ਉਸ ਦੀ ਉਦਾਸੀ ਵੇਖੀ ਨਾ ਗਈ।

''ਕੋਈ ਗੱਲ ਨਹੀਂ। ਆਪਣੀ ਜ਼ਿੰਦਗੀ ਬਾਰੇ ਸੋਚ ਰਿਹਾ ਹਾਂ ਕਿ ਸਾਰਾ ਵਕਤ ਪੜ੍ਹਾਈ ਵਿਚ ਮਸਰੂਫ ਰਿਹਾ ਜਾਂ ਤੇਰੇ ਇਸ਼ਕ 'ਚ ਗਰਿਫਤਾਰ ਰਿਹਾ। ਇਕ ਵੀ ਪੈਸਾ ਕਮਾਇਆ ਜਾਂ ਜੋੜਿਆ ਨਹੀਂ। ਕਲ੍ਹ ਨੂੰ ਪਾਕਿਸਤਾਨ ਕਿਸ ਮੂੰਹ ਨਾਲ ਜਾਵਾਂਗਾ। ਘੱਟੋ ਘੱਟ ਇਕ ਹਸਪਤਾਲ ਖੋਲ੍ਹਣ ਜੋਗੇ ਪੈਸੇ ਤਾਂ ਕਮਾ ਲੈਣੇ ਚਾਹੀਦੇ ਸੀ।'' ਯੂਸਫ ਉਦਾਸੀ 'ਚ ਬੋਲਿਆ।

''ਬੱਸ ਏਨੀ ਜਿਹੀ ਗੱਲ 'ਤੇ ਉਦਾਸ ਹੋ ਗਏ?'' ਤੇ ਮੈਂ ਆਪਣੀਆਂ ਬੈਂਕ ਬੁੱਕਾਂ ਉਸ ਨੂੰ ਦਿਖਾਈਆਂ। ਉਹ ਬੈਂਕ ਬੁੱਕਾਂ ਜਿਨ੍ਹਾਂ 'ਚ ਚੌਧਰੀ ਸਾਹਬ ਦੀ ਦੋ ਨੰਬਰ ਦੀ ਕਮਾਈ ਛੁਪਾਈ ਹੋਈ ਸੀ।

''ਕਿੰਨੇ ਪੈਸੇ ਚਾਹੀਦੇ ਨੇ?''

''ਬੱਸ ਦਸ ਕੁ ਹਜ਼ਾਰ ਪੌਂਡ ਦੇ ਦੇ ਰੱਜੋ, ਮੈਂ ਗਰੀਬ ਆਦਮੀ ਹਾਂ। ਤੂੰ ਗੁਰਬਤ 'ਚ ਰਹਿ ਨਹੀਂ ਸਕੇਂਗੀ। ਇਸ਼ਕ 'ਚ ਤਾਂ ਤਾਜ ਮਹਿਲ ਬਣੇ ਨੇ ਮੇਰੀ ਜਾਨ। ਪਰ ਮੈਂ ਇਸ ਦੇ ਕਾਬਲ ਨਹੀਂ ਹਾਂ। ਤੇਰੇ ਲਈ ਇਕ ਛੋਟਾ ਜਿਹਾ ਘਰ ਬਣਾ ਦੇਵਾਂਗਾ। ਤੇ ਉਸ ਲਈ ਮੈਨੂੰ ਸਿਰਫ ਦਸ ਹਜ਼ਾਰ ਪੌਂਡ ਦੀ ਜ਼ਰੂਰਤ ਏ।''

ਤੇ ਮੈਂ ਪੰਦਰਾਂ ਹਜ਼ਾਰ ਪੌਂਡ ਬੈਂਕ 'ਚੋਂ ਕਢਵਾ ਕੇ ਉਸ ਨੂੰ ਦੇ ਦਿਤਾ ਕਿ ਘਰ ਦੇ ਨਾਲ ਨਾਲ ਹਸਪਤਾਲ ਵੀ ਖੋਹਲ ਲਵੇ।

ਯੂਸਫ ਦੀ ਪੜ੍ਹਾਈ ਪੂਰੀ ਹੋ ਗਈ। ਉਹ ਵਾਪਸ ਜਾਣ ਦੀਆਂ ਤਿਆਰੀਆਂ ਕਰਨ ਲੱਗਾ।

''ਯੂਸਫ, ਮੈਂ ਆਪਣੇ ਨਿਕਾਹ ਦਾ ਸੂਟ ਇਥੋਂ ਹੀ ਲੈ ਲਵਾਂ ਕਿ ਪਾਕਿਸਤਾਨ ਜਾ ਕੇ ਖਰੀਦਾਂ?'' ਮੈਂ ਵੀ ਆਪਣੀ ਤਿਆਰੀ ਸ਼ੁਰੂ ਕਰਨਾ ਚਾਹੁੰਦੀ ਸੀ।

''ਹਾਂ, ਮੈਂ ਵੀ ਤੇਰੇ ਨਾਲ ਇਸ ਬਾਰੇ ਗੱਲ ਕਰਨੀ ਸੀ ਰਜ਼ੀਆ।'' ਉਸ ਨੂੰ ਜਿਵੇਂ ਅਚਾਨਕ ਯਾਦ ਆਇਆ।

''ਮੈਨੂੰ ਪਹਿਲਾਂ ਹੀ ਇਲਮ ਸੀ ਕਿ ਤੈਨੂੰ ਖੁਦ ਹੀ ਬੜੀ ਫਿਕਰ ਹੋਣੀ ਏ. . .। ਮੈਨੂੰ ਤਾਂ ਫਿਕਰ ਕਰਨ ਦੀ ਜ਼ਰੂਰਤ ਹੀ ਨਹੀਂ ਏ।'' ਮੈਂ ਬੇਫਿਕਰੀ ਨਾਲ ਬੈੱਡ ਤੇ ਜਾ ਲੇਟੀ।

''ਨਹੀਂ ਹੁਣ ਮੈਨੂੰ ਵੀ ਕੋਈ ਫਿਕਰ ਨਹੀਂ। ਹੁਣ ਤੂੰ ਸੰਭਲ ਚੁੱਕੀ ਏਂ। ਅਲਾਹ ਦੇ ਫਜ਼ਲ ਨਾਲ ਤੇਰੀ ਸਿਹਤ ਅੱਗੇ ਨਾਲੋਂ ਦੂੱਗਣੀ ਹੋ ਗਈ ਏ। ਦੋ ਸਾਲ ਪਹਿਲਾਂ ਵਾਲੀ ਗੱਲ ਨਹੀਂ ਰਹੀ। ਬਹੁਤ ਖੂਬਸੂਰਤ ਲੱਗਣੀ ਏਂ, ਚਸ਼ਮੇਬਦਦੂਰ. . .।'' ਉਹ ਮੇਰੇ ਕੋਲ ਹੀ ਬੈੱਡ 'ਤੇ ਬੈਠ ਗਿਆ।

''ਸਭ ਤੇਰੀ ਇਨਾਇਤ ਏ ਯੂਸਫ, ਵਰਨਾ ਮੈਂ ਤਾਂ ਮਰ ਹੀ ਜਾਣਾ ਸੀ। ਖ਼ੁਦਾ ਗਵਾਹ ਏ ਮੈਂ ਤੇਰੀ ਦੇਣਦਾਰ ਹਾਂ. . .।'' ਮੈਂ ਸ਼ੁਕਰਾਨੇ 'ਚ ਕਿਹਾ।

''ਹਾਂ, ਮੈਂ ਵੀ ਇਹੀ ਕਹਿਣਾ ਚਾਹੁੰਦਾ ਸੀ ਕਈ ਦਿਨਾਂ ਤੋਂ, ਪਰ ਚਾਂਸ ਨਹੀਂ ਮਿਲਿਆ। ਮੈਂ ਪਾਕਿਸਤਾਨ ਜਾ ਰਿਹਾ ਹਾਂ ਅਗਲੇ ਵੀਕ. . .।''

''ਪਾਕਿਸਤਾਨ? ਪਰ ਮੇਰੀ ਤਾਂ ਹਾਲੇ ਕੋਈ ਤਿਆਰੀ ਨਹੀਂ। ਏਨੀ ਛੇਤੀ? ਮੈਂ ਆਪਣੀ ਸ਼ਾਪਿੰਗ ਤਾਂ ਕਰ ਲਵਾਂ? ਫੇਰ ਕਦੇ ਕਿਹੜਾ ਮੁੜ ਕੇ ਲੰਡਨ ਆਉਣਾ ਏ!'' ਮੈਨੂੰ ਕੁਝ ਸੁਝ ਨਹੀਂ ਰਿਹਾ ਸੀ।

''ਮੈਂ ਇਕੱਲਾ ਹੀ ਜਾ ਰਿਹਾ ਵਾਂ ਮਿਸਜ਼ ਚੌਧਰੀ। ਤੂੰ ਮੇਰੇ ਨਾਲ ਨਹੀਂ ਜਾ ਰਹੀ?'' ਉਹ ਪੱਥਰ ਵਰਗੀ ਆਵਾਜ਼ 'ਚ ਬੋਲਿਆ।

''ਇਕੱਲਾ ਹੀ? ਪਰ ਮੈਂ. . .?'' ਮੈਂ ਘਬਰਾ ਗਈ।

''ਤੂੰ ਇਥੇ ਹੀ ਰਹੇਂਗੀ। ਤੈਨੂੰ ਹੁਣ ਕੋਈ ਬੀਮਾਰੀ ਨਹੀਂ। ਚੰਗੀ ਭਲੀ ਏਂ. . .। ਅਲਾਹ ਦੇ ਫਜ਼ਲ ਨਾਲ ਸਭ ਕੁਝ ਏ ਤੇਰੇ ਕੋਲ ਪੈਸਾ, ਮਿਲੀਨੀਅਰ ਸ਼ੋਹਰ ਤੇ ਲੰਦਨ ਦੀ ਗਲੈਮਰ ਭਰੀ ਜ਼ਿੰਦਗੀ। ਪਾਕਿਸਤਾਨ 'ਚ ਜਾ ਕੇ ਕੀ ਕਰੇਂਗੀ?'' ਉਸ ਨੇ ਮੈਨੂੰ ਉਲਟਾ ਸੁਆਲ ਕੀਤਾ।

''ਯੂਸਫ਼! ਆਪਾਂ ਇਕ ਦੂਜੇ ਨੂੰ ਪਿਆਰ ਕਰਦੇ ਹਾਂ. ਮੈਂ ਤੇਰੇ ਨਾਲ ਕਿਸੇ ਕੁੱਲੀ 'ਚ ਵੀ ਰਹਿ ਲਵਾਂਗੀ। ਮੈਂ ਕੀ ਕਰਨੇ ਨੇ ਬੰਗਲੇ ਤੇ ਕਾਰਾਂ। ਮੈਨੂੰ ਸਿਰਫ ਤੇਰਾ ਪਿਆਰ ਚਾਹੀਦਾ ਏ। ਮੈਨੂੰ ਤਾਂ ਇਹ ਲੰਦਨ ਕਬਰਸਤਾਨ ਜਾਪਦਾ ਏ। ਖ਼ੁਦਾ ਦੇ ਵਾਸਤੇ ਮੈਨੂੰ ਪਾਰ ਲੰਘਾ ਦੇ, ਕੱਚੇ ਘੜੇ ਵਾਂਗ ਰਾਹਾਂ 'ਚ ਨਾ ਡੋਬ। ਤੂੰ ਮੈਨੂੰ ਜ਼ਿੰਦਗੀ ਬਖਸ਼ੀ ਏ. . .। ਡਾਕਟਰ ਏਂ ਤੂੰ। ਖ਼ੁਦਾ ਤੋਂ ਬਾਅਦ ਤੇਰਾ ਨਾਮ ਆਉਂਦਾ ਏ। ਮੈਨੂੰ ਦੂਹਰੀ ਵਾਰ ਮੌਤ ਦੇ ਮੂੰਹ 'ਚ ਨਾ ਛੋੜ ਕੇ ਜਾ. . .।'' ਮੈਂ ਪਤਾ ਨਹੀਂ ਕਿੰਨਾ ਕੁਝ ਕਹਿ ਗਈ।

''ਇਹੀ ਤਾਂ ਮੈਂ ਤੈਨੂੰ ਸਮਝਾ ਰਿਹਾ ਵਾਂ। ਸਾਡਾ ਤਾਂ ਫਰਜ਼ ਹੁੰਦਾ ਏ ਮਰੀਜ਼ ਨੂੰ ਬਚਾਉਣਾ ਭਾਵੇਂ ਜੋ ਮਰਜ਼ੀ ਕਰਨਾ ਪਵੇ। ਤੂੰ ਮਰ ਰਹੀ ਸੀ ਰੱਜੋ। ਤੈਨੂੰ ਕਿਸੇ ਜਵਾਨ ਜਿਸਮ ਦੀ ਲੋੜ ਸੀ, ਕਿਸੇ ਸੇਕ ਦੀ। ਜਿਵੇਂ ਜ਼ਮੀਨ ਨੂੰ ਸੂਰਜ ਦੀ ਗਰਮੀ ਦੀ ਲੋੜ ਏ ਜੋ ਤੇਰੇ ਬੁੜ੍ਹੇ ਸ਼ੋਹਰ ਕੋਲ ਨਹੀਂ ਸੀ। ਅਲਾਹ ਕਸਮ! ਮੈਂ ਤੇਰਾ ਇਲਾਜ ਕੀਤਾ ਏ। ਹੁਣ ਤੂੰ ਘੋੜੇ ਵਾਂਗ ਹੋ ਗਈ ਏਂ ਤੇ ਮੇਰਾ ਕੰਮ ਖ਼ਤਮ ਹੋ ਗਿਆ. . ., ਬੱਸ।'' ਉਸ ਨੇਂ ਗੱਲ ਮੁਕਾਈ।

''ਮੇਰਾ ਇਲਾਜ? ਇਹ ਇਲਾਜ ਸੀ? ਮੈਂ ਸੋਚਿਆ ਸੀ ਸ਼ਾਇਦ ਤੈਨੂੰ ਇਸ਼ਕ ਹੋ ਗਿਆ ਏ ਮੇਰੇ ਨਾਲ?'' ਮੈਨੂੰ ਹਾਲੇ ਵੀ ਇਤਬਾਰ ਨਹੀਂ ਆ ਰਿਹਾ ਸੀ।

''ਇਸ਼ਕ? ਦੀਵਾਨੀ ਹੋ ਗਈ ਏਂ? ਡਾਕਟਰ ਜੇ ਇੱਦਾਂ ਮਰੀਜ਼ਾਂ ਨਾਲ ਇਸ਼ਕ ਕਰਨ ਲੱਗ ਜਾਣ ਤਾਂ ਬੱਸ ਇਸ਼ਕ ਜੋਗੇ ਹੀ ਰਹਿ ਜਾਣਗੇ, ਡਾਕਟਰੀ ਤਾਂ ਕਰ ਹਟੇ। ਇਹ ਤਾਂ ਸਾਡੇ ਪੇਸ਼ੇ ਦਾ ਪਾਰਟ ਏ ਕਿ ਮਰੀਜ਼ਾਂ ਨਾਲ ਪਿਆਰ ਨਾਲ ਗੱਲ ਕਰੀਏ. . .ਹੁਣ ਤੂੰ ਚਾਹੇਂ ਇਸ ਨੂੰ ਇਸ਼ਕ ਸਮਝ ਲੈ ਜਾਂ ਇਲਾਜ. . .।''

''ਪਰ ਮੈਂ ਜੋ ਇਨੇ ਪੈਸੇ ਤੈਨੂੰ ਘਰ ਖਰੀਦਣ ਲਈ ਦਿਤੇ ਤੇ ਪੜ੍ਹਾਈ 'ਤੇ ਖਰਚੇ?'' ਮੈਂ ਹਿਸਾਬ ਮੰਗਿਆ।

''ਜਿਹੜੀ ਸਰਵਿਸ ਮੈਂ ਦਿਤੀ ਏ?''

ਤੇ ਉਸ ਪਲ ਮੈਨੂੰ ਮਹਿਸੂਸ ਹੋਇਆ ਸੀ ਕਿ ਯੂਸਫ ਕੋਈ ਡਾਕਟਰ ਨਹੀਂ ਬਲਕਿ ਵੇਸਵਾ ਏ, ਜੋ ਪੈਸੇ ਵਾਸਤੇ ਕਿਸੇ ਵੀ ਅਮੀਰ ਔਰਤ ਨਾਲ ਸੌਂ ਸਕਦਾ ਏ। ਜਾਂ ਫੇਰ ਮੇਰੇ ਵਰਗੀਆਂ ਤੋਂ ਨਜਾਇਜ਼ ਫਾਇਦੇ ਉਠਾ ਸਕਦਾ ਏ। ਮੈਂ ਖਾਮੋਸ਼ ਹੋ ਗਈ। ਕਹਿ ਵੀ ਕੀ ਸਕਦੀ ਸੀ।

ਯੂਸਫ ਚਲਾ ਗਿਆ। ਮੈਂ ਫੇਰ ਤਨਹਾ ਹੋ ਗਈ। ਚੌਧਰੀ ਸਾਹਬ ਨੂੰ ਤਾਂ ਉੱਦਾਂ ਹੀ ਫੁਰਸਤ ਨਹੀਂ ਸੀ ਮੇਰੇ ਲਈ ਤੇ ਨਾ ਹੀ ਮੈਨੂੰ ਉਸ ਦੀ ਕੋਈ ਜ਼ਰੂਰਤ ਹੀ ਸੀ।

ਮੈਂ ਫਿਰ ਬੀਮਾਰ ਰਹਿਣ ਲੱਗ ਪਈ। ਰੰਗ ਫੇਰ ਪੀਲਾ ਹੋ ਗਿਆ ਤੇ ਸੁੱਕ ਕੇ ਤੀਲਾ ਹੋਣਾ ਸ਼ੁਰੂ ਹੋ ਗਈ। ਮੇਰੇ ਬਦਨ 'ਚੋਂ ਇਕ ਅੱਗ ਉਠਦੀ ਸੀ ਜੋ ਧੂੰਏਂ 'ਚ ਬਦਲ ਜਾਂਦੀ।

ਧੂੰਆਂ ਦਿਮਾਗ ਨੂੰ ਚੜ੍ਹਦਾ ਤੇ ਮੈਂ ਚੀਕਾਂ ਮਾਰਦੀ।

ਸਾਡੇ ਘਰ 'ਚ ਇਕ ਟੈਕਸੀ ਡਰਾਈਵਰ ਕਿਰਾਏ ਤੇ ਕਮਰਾ ਲੈ ਕੇ ਰਹਿੰਦਾ ਸੀ। ਇਕ ਦਿਨ ਉਹ ਕਿਰਾਇਆ ਦੇਣ ਲਈ ਆਇਆ। ਮੈਂ ਦਰਵਾਜ਼ਾ ਖੋਲ੍ਹਿਆ।

''ਕਿਆ ਬਾਤ ਹੈ ਮਿਸਜ਼ ਚੌਧਰੀ? ਤੁਸੀਂ ਬੀਮਾਰ ਲੱਗ ਰਹੇ ਓ।'' ਉਸ ਨੇ ਆਦਾਬ ਵਜਾਉਂਦਿਆਂ ਕਿਹਾ।

''ਬੱਸ ਉਦਾਂ ਹੀ ਤਬੀਅਤ ਠੀਕ ਨਹੀਂ ਰਹਿੰਦੀ. . .।'' ਮੈਂ ਜੁਆਬ ਦਿਤਾ।

''ਤਬੀਅਤ ਠੀਕ ਰਹੇ ਵੀ ਕਿਵੇਂ। ਕਿੰਨੀ ਸਹੁਣੀ ਜਵਾਨ ਕੁੜੀ ਬੁੱਢੇ ਨਾਲ ਵਿਆਹ ਦਿੱਤੀ। ਜ਼ੁਲਮ ਹੀ ਕਰਦੇ ਨੇ ਲੋਗ ਕਈ ਵਾਰੀ।''

ਮੈਨੂੰ ਉਸਦੀ ਬੇਵਾਕੀ 'ਤੇ ਤੁਆੱਜਬ ਹੋਇਆ।

''ਤੁਹਾਡਾ ਉਹ ਰਿਸ਼ਤੇਦਾਰ ਚਲਾ ਗਿਆ ਡਾਕਟਰ ਯੂਸਫ?'' ਮੈਂ ਉਸ ਦੇ ਮੂੰਹੋਂ ਯੂਸਫ ਦਾ ਨਾਂ ਸੁਣ ਕੇ ਸਟਪਟਾਈ।

''ਤੁਹਾਨੂੰ ਕਿਵੇਂ ਪਤਾ ਲੱਗਾ?'' ਮੈਂ ਪੁੱਛਿਆ।

''ਪਤੇ ਨੂੰ ਕੀ ਹੈ, ਮੈਂ ਟੈਕਸੀ ਚਲਾਉਂਦਾ ਹਾਂ। ਹਰ ਤਰ੍ਹਾਂ ਦੇ ਬੰਦੇ ਨਾਲ ਵਾਹ ਵਾਸਤਾ ਪੈਂਦਾ ਏ ਮੇਰਾ। ਸਾਰੇ ਸ਼ਹਿਰ ਦੀ ਖਬਰ ਰੱਖੀਦੀ ਏ। ਕਿਹੜੀ ਚਿੜੀ ਨੇ ਕਿੰਨੇ ਪਰ ਮਾਰੇ, ਸਭ ਜਾਣਦਾ ਹਾਂ।'' ਉਹ ਬਿਨਾਂ ਰੁਕੇ ਬੋਲਿਆ।

''ਹੋਰ ਕੀ ਪਤਾ ਏ ਤੈਨੂੰ?'' ਮੈਂ ਡਰ ਗਈ ਸੀ।

''ਕੁਛ ਵੀ ਨਹੀਂ ਰਜ਼ੀਆ ਬੇਗਮ। ਉਹ ਤੁਹਾਨੂੰ ਵੀ ਯੂਜ਼ ਕਰਦਾ ਸੀ ਤੇ ਬਾਹਰ ਵੀ ਇਸ਼ਕ ਝਾੜਦਾ ਸੀ। ਮੈਂ ਉਸ ਨੂੰ ਕਈ ਵਾਰ ਕਈ ਛੋਕਰੀਆਂ ਨਾਲ ਵੇਖਿਆ ਪਰ ਤੁਹਾਨੂੰ ਨਹੀਂ ਦੱਸਿਆ। ਨੱਨ ਆਫ਼ ਮਾਈ ਬਿਜ਼ਨਸ। ਪਤਾ ਨਹੀਂ ਕਿੰਨੀਆਂ ਛੋਕਰੀਆਂ ਦੇ ਨਾਲ ਨਿਕਾਹ ਦੇ ਲਾਰੇ ਲਾ ਕੇ ਪੈਸੇ ਮਾਰ ਕੇ ਭੱਜ ਗਿਆ, ਸਾਲਾ ਜੂਏਬਾਜ਼।''

''ਜੂਏਬਾਜ਼?''

''ਹੋਰ ਕੀ? ਜੂਆ ਖੇਡਦਾ ਸੀ। ਛੋਕਰੀਆਂ ਨੂੰ ਕਹਿ ਦਿੰਦਾ ਸੀ ਡਾਕਟਰ ਹਾਂ। ਆਪਣੇ ਇਸ਼ਕ ਦੇ ਚੱਕਰ 'ਚ ਫਸਾ ਲੈਂਦਾ ਸੀ। ਪੈਸੇ ਪੂਸੇ ਲੈ ਕੇ ਖਾ ਜਾਂਦਾ ਮਗਰੋਂ ਸ਼ਕਲ ਤਕ ਪਛਾਣਨੋਂ ਮੁੱਕਰ ਜਾਂਦਾ. . .ਪਤਾ ਨਹੀਂ ਕਿੰਨਿਆਂ ਦੇ ਮਾਰ ਗਿਆ ਸਾਲਾ ਫਰਾਡ. . .।'' ਉਹ ਨਫਰਤ ਨਾਲ ਬੋਲਿਆ।

ਯੂਸਫ ਵਲੋਂ ਮੇਰਾ ਮਨ ਪਹਿਲਾਂ ਹੀ ਖੱਟਾ ਹੋ ਗਿਆ ਸੀ, ਤੇ ਹੁਣ ਇਹ ਖਟਾਸ ਨਫਰਤ ਵਿਚ ਬਦਲ ਗਈ।

''ਤੁਸੀਂ ਵੀ ਕਿੰਨੀ ਉੱਚੀ ਟਾਹਣੀ 'ਤੇ ਹੱਥ ਪਾਇਆ ਮਿਸਜ਼ ਚੌਧਰੀ, ਕਿ ਡਾਕਟਰ ਹੈ। ਮੇਰੇ ਵਰਗੇ ਕਿਸੇ ਫਕੀਰ ਦਾ ਹੱਥ ਫੜਦੇ ਤਾਂ ਪਾਰ ਲਗਾ ਦਿੰਦਾ. . .।'' ਉਹ ਬੇਵਾਕੀ ਨਾਲ ਬੋਲਿਆ।

''ਪਰ ਮੈਂ ਤਾਂ ਨਾਪਾਕ ਹੋ ਗਈ ਹਾਂ। ਮਰਦੂਦ ਮੇਰਾ ਖਾਨਾ ਖਰਾਬ ਕਰ ਕੇ ਚਲਾ ਗਿਆ।'' ਮੈਂ ਗਰਦਨ ਸੁੱਟੀ ਕਿਹਾ।

''ਔਰਤ ਤਾਂ ਹਰ ਮਹੀਨੇ ਪਾਕ ਹੁੰਦੀ ਏ ਰਜ਼ੀਆ ਬੇਗਮ। ਕੁਦਰਤ ਨੇ ਉਸ ਨੂੰ ਆਪਣੀ ਬੇਹਤਰੀਨ ਨਿਆਮਤ ਨਾਲ ਨਿਵਾਜਿਆ ਏ, ਵਰਨਾ ਮਰਦ ਤਾਂ ਉਸ ਨੂੰ ਨਾਪਾਕ ਨਾਪਾਕ ਆਖ ਕੇ ਜੀਣ ਹੀ ਨਾ ਦੇਵੇ. . .।'' ਉਸ ਨੇ ਨਵੀਂ ਗੱਲ ਆਖੀ ਜੋ ਮੈਨੂੰ ਜਚ ਗਈ।

ਤੇ ਫੇਰ ਯੂਸਫ ਵਾਲੀ ਕਹਾਣੀ ਸ਼ੁਰੂ ਹੋ ਗਈ। ਸੋਚਿਆ ਪੜ੍ਹੇ ਲਿਖੇ ਡਾਕਟਰ ਨੇ ਮੇਰਾ ਉੱਲੂ ਬਣਾਇਆ ਏ ਸ਼ਾਇਦ ਗਰੀਬ ਟੈਕਸੀ ਡਰਾਈਵਰ ਕਦਰ ਕਰੇਗਾ ਪਰ ਗਰੀਬ ਅਜੀਤ ਯੂਸਫ ਦਾ ਵੀ ਪਿਉ ਨਿਕਲਿਆ। ਮੇਰੇ ਜ਼ੇਵਰ ਤਕ ਚੁੱਕ ਕੇ ਲੈ ਗਿਆ ਕਮਬਖਤ। ਮੇਰੇ ਘਰ ਦਾ ਸਾਮਾਨ ਲਿਜਾ ਕੇ ਆਪਣੀ ਗਰਲ ਫਰੈਂਡ ਨੂੰ ਦੇ ਦਿੰਦਾ। ਮੇਰੀਆਂ ਪੁਸ਼ਾਕਾਂ, ਨਵੇਂ ਜੋੜੇ, ਤੇ ਮੇਕਅੱਪ ਦਾ ਸਾਮਾਨ ਉਸ ਦੀ ਮਾਸ਼ੂਕ ਦੀ ਨਜ਼ਰ ਹੋ ਜਾਂਦੇ। ਮੇਰੇ ਬੈਂਕ ਕਾਰਡ 'ਤੇ ਉਸ ਛੋਕਰੀ ਲਈ ਚੀਜ਼ਾਂ ਖਰੀਦਦਾ ਜਿਸ ਨਾਲ ਕਈ ਸਾਲਾਂ ਤੋਂ ਸ਼ਾਦੀ ਦੇ ਵਾਅਦੇ ਕਰੀ ਬੈਠਾ ਸੀ। ਮੈਂ ਤਾਂ ਉਸ ਦਾ ਸਾਈਡ ਬਿਜ਼ਨਸ ਸੀ, ਜਾਂ ਅਜਿਹਾ ਚੈੱਕ ਜੋ ਜ਼ਰੂਰਤ ਪੈਣ 'ਤੇ ਉਹ ਕੈਸ਼ ਕਰਵਾ ਲੈਂਦਾ ਸੀ। ਮੈਂ ਤਾਂ ਸਿਰਫ ਉਸ ਨੂੰ ਪੈਸੇ ਦਿੰਦੀ ਸੀ ਤੇ ਉਹ ਮੈਨੂੰ ਸੈਕਸ ਦਿੰਦਾ ਸੀ। ਮੇਰੇ ਤੋਂ ਪੈਸੇ ਮੰਗ ਕੇ ਉਹ ਆਪਣੀ ਗਰਲ ਫਰੈਂਡ ਦਾ ਜਨਮ ਦਿਨ ਮਨਾਉਂਦਾ। ਮੈਂ ਜੋ ਚੀਜ਼ਾਂ ਬਾਜ਼ਾਰੋਂ ਉਸ ਲਈ ਖਾਸ ਤੌਰ ਤੇ ਲੈ ਕੇ ਆਉਂਦੀ, ਉਸ ਛੋਕਰੀ ਵਾਸਤੇ ਲੈ ਜਾਂਦਾ। ਆਪਣੀ ਗਰਲ ਫਰੈਂਡ ਨਾਲ ਘੰਟਾ ਘੰਟਾ ਮੇਰੇ ਘਰੋਂ ਫੋਨ 'ਤੇ ਗੱਲਾਂ ਕਰਦਾ ਰਹਿੰਦਾ। ਉਹ ਸਮਝਦਾ ਸੀ ਮੈਂ ਇੰਗਲਿਸ਼ ਨਹੀਂ ਸਮਝਦੀ। ਪਰ ਔਰਤ ਕਈ ਵਾਰੀ ਬਹੁਤ ਕੁਝ ਸਮਝਦੀ ਹੋਈ ਵੀ ਕੁਝ ਨਾ ਸਮਝਣ ਦਾ ਡਰਾਮਾ ਕਰਦੀ ਏ। ਉਹ ਮੈਨੂੰ ਉਸ ਬੱਚੇ ਵਾਂਗ ਲੱਗਦਾ ਜੋ ਆਪਣੀ ਮਾਂ ਦਾ ਸਾਮਾਨ ਚੁੱਕ ਕੇ ਬਾਹਰ ਦੂਜੇ ਬੱਚਿਆਂ 'ਚ ਵੰਡਦਾ ਹੋਵੇ। ਕਿੰਨਾ ਛੋਟਾ ਸੀ ਉਹ ਮੇਰੇ ਸਾਹਮਣੇ। ਮੇਰੇ ਗਿੱਟਿਆਂ ਤੱਕ ਵੀ ਨਹੀਂ ਆਉਂਦਾ ਸੀ, ਪਰ ਹੁਣ ਤੱਕ ਉਹ ਮੇਰੀ ਮਜਬੂਰੀ ਬਣ ਚੁੱਕਿਆ ਸੀ, ਤੇ ਮੈਂ ਵੀ ਉਮੀਦ ਛੱਡ ਦਿਤੀ ਸੀ ਕਿ ਉਹ ਮੇਰੇ ਨਾਲ ਘਰ ਵਸਾਵੇਗਾ।

ਇਕ ਦਿਨ ਉਹ ਕਿਸੇ ਕਤਲ ਕੇਸ 'ਚ ਫੜਿਆ ਗਿਆ। ਉਸ ਨੇ ਆਪਣੀ ਗਰਲ ਫਰੈਂਡ ਵਾਸਤੇ ਕਿਸੇ ਦੂਜੇ ਟੈਕਸੀ ਡਰਾਈਵਰ ਦੇ ਢਿੱਡ 'ਚ ਚਾਕੂ ਕੱਢ ਮਾਰਿਆ ਸੀ। ਤੇ ਅਖਬਾਰਾਂ 'ਚ ਉਸ ਦੀਆਂ ਤਸਵੀਰਾਂ ਲੱਗੀਆਂ ਸਨ। ਚੌਧਰੀ ਸਾਹਬ ਨੇ ਕਿਹਾ ਸੀ, ''ਮੁੜ ਕੇ ਕਿਸੇ ਕਾਫਿਰ ਨੂੰ ਘਰ ਕਿਰਾਏ ਤੇ ਨਹੀਂ ਦੇਣਾ। ਮੁਸੀਬਤ 'ਚ ਪਾ ਛੋੜਣਗੇ ਕਮਬਖਤ. . .।''

ਅਜੀਤ ਵੀ ਚਲਾ ਗਿਆ, ਪਰ ਇਸ ਵਾਰ ਮੈਨੂੰ ਜ਼ਿਆਦਾ ਫਰਕ ਨਾ ਪਿਆ। ਜਿਵੇਂ ਹੁਣ ਮੈਨੂੰ ਆਦਤ ਹੀ ਪੈ ਗਈ ਸੀ ਅਜਿਹੀਆਂ ਚੋਟਾਂ ਖਾਣ ਦੀ। ਮੈਂ ਕਮਰਾ ਕਿਸੇ ਹੋਰ ਜਵਾਨ ਮੁੰਡੇ ਨੂੰ ਕਿਰਾਏ ਤੇ ਦੇ ਦਿਤਾ। ਫੇਰ ਹੋਰ. . .ਫੇਰ ਹੋਰ. . .ਹੋਰ. . .ਹੋਰ। ਪਤਾ ਨਹੀਂ ਕਿੰਨੇ ਆਏ ਤੇ ਗਏ। ਹਮੀਦ, ਹਸਨ, ਮਹਿਬੂਬ ਤੇ ਆਬਿਦ. . .। ਸਭ ਪੈਸਿਆਂ ਦੇ ਭੁੱਖੇ। ਔਰਤ ਤਵਾਇਫ ਹੁੰਦੀ ਏ ਪਾਕਿਸਤਾਨ 'ਚ ਹੀ ਪਤਾ ਸੀ, ਮਰਦ ਵੀ ਤਵਾਇਫ ਹੁੰਦਾ ਏ ਇੰਗਲੈਂਡ ਆ ਕੇ ਪਤਾ ਲੱਗਿਆ। ਇਸ਼ਕ ਵੀ ਪੈਸਾ ਕਮਾਉਣ ਦਾ ਜ਼ਰੀਆ ਏ, ਮੈਨੂੰ ਹਾਸਾ ਆਉਂਦਾ। ਕਿੰਨੇ ਡਰਾਮੇ ਕਰਦੇ ਨੇ ਬੰਦੇ ਔਰਤ ਨੂੰ ਬੇਵਕੂਫ ਬਣਾਉਣ ਲਈ। ਤਾਜ ਮਹਿਲ ਬਣਾਉਣ ਤੋਂ ਲੈ ਕੇ ਆਕਾਸ਼ ਤੋਂ ਸਿਤਾਰੇ ਤੋੜਣ ਤੱਕ ਦੀਆਂ ਗੱਲਾਂ।

ਦੁਨੀਆਂ ਦੀ ਹਰ ਔਰਤ ਚਾਹੁੰਦੀ ਹੈ ਕਿ ਉਸ ਦੀ ਯਾਦ ਵਿਚ ਤਾਜ ਬਣੇ, ਪਰ ਅੱਜ ਦੇ ਸ਼ਾਹਜਹਾਂ ਉਸ ਦੀ ਕਬਰ 'ਤੇ ਤਾਜ ਬਣਾਉਣ ਦੀ ਬਜਾਇ ਉਸ ਦੀਆਂ ਹੱਡੀਆਂ ਤਕ ਵੇਚ ਕੇ ਖਾ ਜਾਣਾ ਚਾਹੁੰਦੇ ਹਨ।

ਤਾਜ ਦੇ ਖਾਬ ਕਈਆਂ ਨੇ ਵਿਖਾਏ ਪਰ ਘਰ ਵਸਾਉਣ ਦੀ ਗੱਲ ਕਿਸੇ ਨੇ ਨਾ ਕੀਤੀ। ਹਰ ਵਾਰ ਲੁੱਟਣ ਦਾ ਉਹੀ ਤਰੀਕਾ। ਔਰਤ ਜਦੋਂ ਪਹਿਲੀ ਵਾਰ ਪੈਸੇ ਦਿੰਦੀ ਹੈ ਤਾਂ

ਆਸ਼ਕੀ ਵਿਚ ਦੇ ਜਾਂਦੀ ਹੈ, ਦੂਜੀ ਵਾਰ ਰਹਿਮ ਖਾ ਕੇ, ਤੀਜੀ ਵਾਰ ਮਜਬੂਰੀ 'ਚ ਅਤੇ ਚੌਥੀ ਵਾਰ ਲਾਹਣਤ ਪਾ ਕੇ ਦਿੰਦੀ ਹੈ।

ਖੈਰ ਮੈਨੂੰ ਕਿਸੇ ਨਾਲ ਕੋਈ ਸ਼ਿਕਵਾ ਨਹੀਂ ਰਿਹਾ ਕਦੇ। ਸ਼ਿਕਵਾ ਹੈ ਤਾਂ ਬਸ਼ੀਰੇ ਨਾਲ ਕਿ ਉਹ ਮੈਨੂੰ ਕੱਢ ਕੇ ਕਿਉਂ ਨਹੀਂ ਲੈ ਕੇ ਗਿਆ?

ਪਰ ਹੁਣ ਮੇਰੇ 'ਤੇ ਇਹ ਜਜ਼ਬਾਤੀ ਗੱਲਾਂ ਜ਼ਿਆਦਾ ਅਸਰ ਨਹੀਂ ਕਰਦੀਆਂ, ਜਿਵੇਂ ਖੂਹ ਦੀ ਜ਼ਿਆਦਾ ਡੂੰਘਾਈ 'ਚ ਜਾਈਏ ਤਾਂ ਚਿੱਕੜ ਮਿਲਦਾ ਏ। ਇਸ ਲਈ ਮੈਂ ਉਤੋਂ ਉਤੋਂ ਹੀ ਪਾਣੀ ਪੀ ਲੈਨੀ ਹਾਂ। ਡੂੰਘਾਈ 'ਚ ਨਹੀਂ ਜਾਂਦੀ ਚਿੱਕੜ 'ਚ ਫੱਸਣ ਲਈ। ਕਿੰਨੇ ਆਏ, ਕਿੰਨੇ ਗਏ, ਕੋਈ ਹਿਸਾਬ ਨਹੀਂ। ਕਿੰਨੇ ਬੰਦਿਆਂ ਨੇ ਫਰੋਲਿਆ ਸੀ ਮੈਨੂੰ, ਪਰ ਮੇਰੇ ਆਖੀਰ ਤੱਕ ਕੋਈ ਨਾ ਪਹੁੰਚਿਆ। ਕਿੰਨਿਆਂ ਨੇ ਲੁੱਟਿਆ ਸੀ, ਪਰ ਮੈਂ ਫੇਰ ਭਰ ਜਾਂਦੀ; ਜਿਵੇਂ ਨਦੀ 'ਚੋਂ ਕੋਈ ਦੋ ਚਾਰ ਗਾਗਰਾਂ ਪਾਣੀ ਦੀਆਂ ਲੈ ਵੀ ਜਾਵੇ ਤਾਂ ਕਿਹੜਾ ਨਦੀ ਖਾਲੀ ਹੋ ਜਾਂਦੀ ਏ, ਪਰ ਉਸ ਹੱਦ ਤਕ ਕੋਈ ਨਹੀਂ ਗਿਆ ਜਿਥੇ ਬਸ਼ੀਰਾ ਬੈਠਾ ਸੀ। ਉਹ ਜਿਵੇਂ ਧੁਰ ਅੰਦਰ ਗੱਡ ਗਿਆ ਸੀ ਮੇਰੇ। ਜਦੋਂ ਵੀ ਕਿਸੇ ਮਰਦ ਨਾਲ ਗਈ ਤਾਂ ਲੱਗਿਆ ਬਸ਼ੀਰਾ ਸਾਹਮਣੇ ਖੜ੍ਹਾ ਏ, ਉਹੀ ਮਹਿਕ, ਉਹੀ ਬਾਹਾਂ ਤੇ ਉਹੀ ਮੋਢੇ। ਅੱਖਾਂ ਬੰਦ ਕਰਦੀ ਤੇ ਤਸੱਵਰ ਕਰਦੀ ਕਿ ਜੋ ਵੀ ਕਰ ਰਹੀ ਹਾਂ ਬਸ਼ੀਰੇ ਨਾਲ ਕਰ ਰਹੀ ਹਾਂ। ਸਾਹਮਣਾ ਬੰਦਾ ਤਾਂ ਸਿਰਫ ਇਕ ਜ਼ਰੀਆ ਏ ਬਸ਼ੀਰੇ ਨੂੰ ਮਿਲਣ ਦਾ ਤੇ ਬਸ਼ੀਰੇ ਦੀ ਯਾਦ ਹੋਰ ਆਉਂਦੀ। ਮੈਂ ਘਬਰਾ ਕੇ ਮਰਦ ਦੀਆਂ ਬਾਹਾਂ 'ਚ ਚਲੀ ਜਾਂਦੀ। ਪਤਾ ਨਹੀਂ ਕਿੰਨੀਆਂ ਬਾਹਾਂ 'ਚ ਗਈ. . .ਕੋਈ ਹਿਸਾਬ ਨਹੀਂ. . .।'' ਉਹ ਬੋਲਦੀ ਬੋਲਦੀ ਅਚਾਨਕ ਚੁੱਪ ਹੋ ਗਈ।

''ਮੁੜ ਕੇ ਪਾਕਿਸਤਾਨ ਨਹੀਂ ਗਈ ਕਦੇ?'' ਹਸੀਬਾ ਜੋ ਉਸਦਾ ਅੰਦਰਲਾ ਲੱਭਣ ਗਈ ਆਪ ਹੀ ਗੁਆਚ ਗਈ ਸੀ, ਨੇ ਪੁੱਛਿਆ।

''ਪਾਕਿਸਤਾਨ ਕੀ ਕਰਨ ਜਾਣਾ ਸੀ! ਕੁੜੀਆਂ ਮਾਇਕੇ ਜਾਂ ਮਾਂ ਨੂੰ ਮਿਲਣ ਜਾਂਦੀਆਂ ਨੇ ਜਾਂ ਯਾਰ ਨੂੰ, ਮੇਰੇ ਦੋਵੇਂ ਨਹੀਂ ਰਹੇ। ਦੋਹਾਂ ਨਾਲ ਦਿਲਾਂ ਦੀ ਸਾਂਝ ਹੁੰਦੀ ਏ। ਬਾਕੀ ਰਿਸ਼ਤੇ ਤਾਂ ਐਵੇਂ ਫਰਜ਼ੀ ਹੁੰਦੇ ਨੇ। ਨਾਲੇ ਰਿਸ਼ਤੇ ਤਾਂ ਕੱਪੜਿਆ ਵਾਂਗ ਹੁੰਦੇ ਨੇ, ਸਾਲੇ ਘਸ ਗਏ ਤਾਂ ਵੀ ਉਤਾਰ ਦਿਉ, ਜੇ ਭਾਰੀ ਹੋ ਗਏ ਤਾਂ ਵੀ ਉਤਾਰ ਦਿਉ। ਬਸ਼ੀਰੇ ਨਾਲ ਤਾਂ ਮੇਰਾ ਜਿਸਮਾਨੀ ਰਿਸ਼ਤਾ ਹੀ ਨਹੀਂ ਸੀ। ਕਹਿੰਦੇ ਨੇ ਔਰਤ ਆਪਣੇ ਪਹਿਲੇ ਪਿਆਰ ਨੂੰ ਕਦੇ ਨਹੀਂ ਭੁੱਲਦੀ; ਸੋ ਸੱਚ ਹੈ। ਮੈਂ ਬਸ਼ੀਰੇ ਨੂੰ ਇਕ ਦਿਨ ਲਈ ਵੀ ਨਹੀਂ ਭੁੱਲੀ। ਉਸ ਨੂੰ ਮੇਰੇ ਦਿਲ 'ਚੋਂ ਕੋਈ ਨਾ ਕੱਢ ਸਕਿਆ, ਨਾਂ ਮੁਲਕਾਂ ਦੀਆਂ ਹੱਦਾਂ ਤੇ ਨਾ ਹੀ ਵਕਤ ਦੀ ਦੀਵਾਰ। ਬਸ਼ੀਰਾ ਉਥੇ ਹੀ ਏ, ਪਰ ਇਹ ਗੱਲ ਹੋਰ ਏ ਕਿ ਮੈਂ ਜਦੋਂ ਵੀ ਕੋਈ ਨਵਾਂ ਸਾਥੀ ਲੱਭਦੀ ਇਹੀ ਕਹਿੰਦੀ ਸੀ ਕਿ ਤੇਰੇ ਤੋਂ ਬਗੈਰ ਮੇਰੀ ਜ਼ਿੰਦਗੀ 'ਚ ਕੋਈ ਨਹੀਂ। ਮੈਂ ਕੀ, ਦੁਨੀਆਂ ਦੀ ਹਰ ਔਰਤ ਇਹੀ ਕਹਿੰਦੀ ਏ। ਅਲਾਹ ਕਸਮ, ਕਹੇ ਵੀ ਕਿਉਂ ਨਾ?''

''ਮਰਦ ਸੁਣਨਾ ਹੀ ਇਹ ਚਾਹੁੰਦਾ ਏ। ਦੁਨੀਆਂ ਦਾ ਲੁੱਚੇ ਤੋਂ ਲੁੱਚਾ ਬੰਦਾ ਵੀ ਚਾਹੇਗਾ ਕਿ ਮੇਰੇ ਪਹਿਲੂ 'ਚ ਦੁਨੀਆਂ ਦੀ ਸਭ ਤੋਂ ਪਾਕ ਔਰਤ ਹੋਵੇ। ਭਾਵੇਂ ਸੱਚ ਨੂੰ ਜਾਣਦਾ ਹੀ ਹੋਵੇ ਪਰ ਕਦੇ ਕਬੂਲ ਨਹੀਂ ਕਰਨਾ ਚਾਹੁੰਦਾ। ਤੇ ਔਰਤ ਉਸ ਦੀ ਇਸ ਖਵਾਹਿਸ਼ ਨੂੰ ਹੀ ਪੂਰਦੀ ਏ ਜਦੋਂ ਆਖਦੀ ਏ ਕਿ ਤੇਰੇ ਤੋਂ ਪਹਿਲਾਂ ਕੋਈ ਨਹੀਂ ਸੀ ਤੇ ਤੇਰੇ ਤੋਂ ਬਾਅਦ

ਕੋਈ ਨਹੀਂ। ਮਰਦ ਆਪਣੇ ਆਸ਼ਕਾਨਾ ਸਬੰਧਾਂ ਬਾਰੇ ਗਾ ਗਾ ਕੇ ਦੱਸੇਗਾ ਕਿ ਫਲਾਂ ਨਾਲ ਗਿਆ, ਫ਼ਲਾਣੀ ਨਾਲ ਰਿਹਾ। ਜਿਵੇਂ ਫ਼ੌਜੀ ਦੱਸਦਾ ਏ ਕਿ ਜੰਗ 'ਚ ਕਿੰਨੇ ਸਿਪਾਹੀ ਮਾਰੇ ਉਵੇਂ ਹੀ ਮਰਦ ਦੱਸਦਾ ਏ ਕਿ ਕਿੰਨੀਆਂ ਔਰਤਾਂ ਨਾਲ ਸੁੱਤਾ, ਪਰ ਔਰਤ ਵਾਸਤੇ ਇਹ ਬੜੀ ਰਾਜ਼ ਦੀ ਗੱਲ ਏ। ਇਕ ਤੋਂ ਦੂਜੇ ਨੂੰ ਪਤਾ ਨਹੀਂ ਲੱਗਣ ਦਿੰਦੀ ਕਿ ਕਿਸ ਨਾਲ ਕੀ ਗੱਲ ਕਰ ਗਈ। ਬੜੀ ਡੂੰਘੀ ਹੁੰਦੀ ਏ ਜ਼ਮੀਨ ਵਾਂਗ। ਕੋਈ ਇਸ ਦਾ ਦੂਜਾ ਸਿਰਾ ਨਹੀਂ ਪਾ ਸਕਿਆ। ਮੈਂ ਤਾਂ ਕਹਿੰਨੀ ਹਾਂ ਕਿ ਜਿਥੇ ਮਰਦ ਖ਼ਤਮ ਹੁੰਦਾ ਏ, ਉਥੋਂ ਔਰਤ ਸ਼ੁਰੂ ਹੁੰਦੀ ਏ. . ਮਰਦ ਬਕ ਦਿੰਦਾ ਏ ਔਰਤ ਕਹਿੰਦੀ ਨਹੀਂ।'' ਆਖ ਕੇ ਉਹ ਖੁਲ੍ਹ ਕੇ ਹੱਸੀ।

''ਰੱਜੋ ਤੇਰੀ ਜ਼ਿੰਦਗੀ 'ਚ ਇਨੇ ਮਰਦ ਆਏ, ਕਿਸੇ ਨਾਲ ਆਪਣਾ ਘਰ ਹੀ ਵਸਾ ਲੈਂਦੀ। ਆਪਣੇ ਹਾਣੀ ਨਾਲ. . .।'' ਹਸੀਬਾ ਦਾ ਮਨ ਇਥੋਂ ਤਕ ਪਹੁੰਚ ਕੇ ਬਹੁਤ ਉਦਾਸ ਹੋ ਗਿਆ ਸੀ।

''ਕਿਸ ਕਮਬਖਤ ਨੇ ਕੋਸ਼ਿਸ਼ ਨਹੀਂ ਕੀਤੀ ਘਰ ਵਸਾਉਣ ਦੀ। ਜਿੰਨੇ ਵੀ ਮੇਰੀ ਜ਼ਿੰਦਗੀ 'ਚ ਆਏ ਮੈਂ ਸਭ ਨੂੰ ਵਾਸਤੇ ਪਾਏ ਕਿ ਮੈਨੂੰ ਇਸ ਜ਼ਿੱਲਤ ਭਰੀ ਜ਼ਿੰਦਗੀ ਵਿਚੋਂ ਕੱਢ ਕੇ ਲੈ ਜਾਵੇ। ਪਰ ਕਿਸੇ ਦੇ ਘਰ 'ਚ ਮੇਰੇ ਲਈ ਥਾਂ ਨਹੀਂ ਸੀ। ਸਭ ਹਨੇਰੇ ਦੇ ਸਾਥੀ ਸੀ। ਰੌਸ਼ਨੀ ਦਾ ਮੰਜ਼ਰ ਕੋਈ ਨਾ ਬਣ ਸਕਿਆ। ਕਿਸੇ ਨੂੰ ਪੌਂਡਾਂ ਦੀ ਭੁੱਖ ਤੇ ਕਿਸੇ ਨੂੰ ਜਿਸਮ ਦੀ ਜ਼ਰੂਰਤ। ਮੇਰੀ ਰੂਹ ਦਾ ਹਾਣੀ ਕੋਈ ਨਾ ਮਿਲਿਆ। ਬਸ਼ੀਰੇ ਤੋਂ ਲੈ ਕੇ ਹੁਣ ਤਕ ਸਭ ਨਾਮਰਦ ਮਿਲੇ। ਕੋਈ ਮਰਦ ਦਾ ਬੱਚਾ ਨਹੀਂ ਮਿਲਿਆ ਜਿਸ ਨੇ ਕਿਹਾ ਹੋਵੇ, ''ਆ ਰੱਜੋ ਮੇਰੇ ਮੋਢੇ 'ਤੇ ਸਿਰ ਰੱਖ ਕੇ ਸੌਂ ਜਾ। ਕਿਸੇ ਦੇ ਮੋਢੇ 'ਚ ਮੇਰੇ ਸਿਰ ਦਾ ਭਾਰ ਚੁੱਕਣ ਦੀ ਹਿੰਮਤ ਨਹੀਂ ਸੀ। ਬੱਸ ਫਜ਼ੂਲ ਜਿਹੇ ਲੋਗ. . .। ਚੋਰ ਉੱਚਕੇ, ਰਾਤ ਨੂੰ ਮੇਰੇ ਨਾਲ ਸੁੱਤੇ; ਜਦੋਂ ਮੇਰੀ ਅੱਖ ਲੱਗ ਗਈ, ਮੇਰਾ ਸਾਮਾਨ ਤੱਕ ਚੁੱਕ ਕੇ ਲੈ ਗਏ,'' ਆਖ ਕੇ ਉਹ ਉਠ ਕੇ ਬਾਹਰ ਵੱਲ ਨੂੰ ਚਲੀ ਗਈ। ਹਸੀਬਾ ਨੇ ਉਸ ਨੂੰ ਹੋਰ ਛੇੜਨਾ ਠੀਕ ਨਾ ਸਮਝਿਆ।

ਹਫਤੇ ਬਾਅਦ ਡਾਕਟਰ ਨਾਲ ਫੇਰ ਮੀਟਿੰਗ ਹੋਈ। ਡਾਕਟਰ ਨੇ ਉਸ ਨੂੰ ਸਮਝਾਇਆ ਕਿ ਉਸ ਨੂੰ ਕੋਈ ਬੀਮਾਰੀ ਨਹੀਂ ਹੈ। ਉਹ ਘਰ ਵਾਪਸ ਚਲੀ ਜਾਵੇ। ਪਰ ਰਜ਼ੀਆ ਜ਼ਿੱਦ ਕਰ ਰਹੀ ਸੀ ਕਿ ਉਹ ਘਰ ਵਾਪਸ ਨਹੀਂ ਜਾਵੇਗੀ। ਵਾਪਸ ਭੇਜੀ ਗਈ ਤਾਂ ਖ਼ੁਦਕਸ਼ੀ ਕਰ ਲਵੇਂਗੀ।

''ਕੀ ਗੱਲ? ਤੇਰੇ ਘਰ 'ਚ ਕੀ ਕਮੀ ਹੈ? ਤੇਰਾ ਸ਼ੌਹਰ ਤਾਂ ਤੈਨੂੰ ਬੜਾ ਪਿਆਰ ਕਰਦਾ ਏ। ਇਥੇ ਹੱਸਪਤਾਲ 'ਚ ਕੀ ਜ਼ਿੰਦਗੀ ਏ. . .।'' ਹਸੀਬਾ ਨੇ ਡਾਕਟਰ ਦੀ ਗੱਲ ਦਾ ਤਰਜਮਾ ਕੀਤਾ।

''ਘਰ 'ਚ ਪਾਕਿਸਤਾਨ ਤੋਂ ਆਈ ਚੌਧਰੀ ਸਾਹਿਬ ਦੀ ਆਪਾ ਜਾਨ ਹਰ ਵਕਤ ਮੇਰੇ 'ਤੇ ਨਜ਼ਰ ਰੱਖਦੀ ਏ, ਮਰਦੂਦ। ਕਿਥੇ ਜਾਨੀ ਆਂ. . .ਕੀ ਕਰਨੀ ਆਂ. . .। ਛੋਟੀ ਛੋਟੀ ਗੱਲ ਦੀ ਰਿਪੋਰਟ ਵੀ ਉਹ ਚੌਧਰੀ ਨੂੰ ਦੇਂਦੀ ਏ।'' ਉਹ ਰੋਣਹਾਕੀ ਹੋ ਗਈ।

''ਤੂੰ ਚੌਧਰੀ ਸਾਹਬ ਨੂੰ ਸਮਝਾ ਦੇ ਕਿ ਤੂੰ ਉਸ ਦੀ ਆਪਾ ਨੂੰ ਪਸੰਦ ਨਹੀਂ ਕਰਦੀ।'' ਹਸੀਬਾ ਨੇ ਕਿਹਾ।

''ਚੌਧਰੀ ਨੇ ਹੀ ਤਾਂ ਉਸ ਨੂੰ ਮੇਰੇ ਸਿਰਹਾਣੇ ਲਿਆ ਕੇ ਬਿਠਾਇਆ ਏ। ਘਰ ਦੀ ਆਬਰੂ ਦੀ ਰਾਖੀ ਕਰਨ ਖਾਤਰ। ਸਾਰਾ ਦਿਨ ਉਹ ਮੇਰਾ ਪਿੱਛਾ ਕਰਦੀ ਏ ਤੇ ਰਾਤ

ਨੂੰ. . .।'' ਉਹ ਕੁਝ ਦੇਰ ਲਈ ਰੁਕੀ।

''ਰਾਤ ਨੂੰ ਕੀ ਹੈ?'' ਡਾਕਟਰ ਨੇ ਪੁਛਿਆ।

''ਰਾਤ ਨੂੰ ਉਹ ਬੁੱੜ੍ਹਾ ਚੌਧਰੀ ਆਪਣਾ 'ਮਰਿਆ ਚੂਹਾ' ਮੇਰੇ ਹੱਥ ਵਿਚ ਦੇ ਦਿੰਦਾ ਏ ਕਿ ਚੁੱਕ ਇਸ ਨੂੰ, ਖੜ੍ਹਾ ਕਰ। ਮੈਂ ਕਿਉਂ ਚੁੱਕਾਂ ਉਸ ਦਾ ਮਰਿਆ ਚੂਹਾ। ਮੈਂ ਕੀ ਗੁਨਾਹ ਕੀਤਾ ਏ? ਤੂੰ ਚੁੱਕ ਲਵੇਂਗੀਂ? ਡਾਕਟਰ ਚੁੱਕ ਲਵੇਗਾ?'' ਉਸ ਨੇ ਹਸੀਬਾ ਨੂੰ ਸੁਆਲ ਕੀਤਾ।

ਡਾਕਟਰ ਨੇ ਦੁਭਾਸ਼ਣ ਕੁੜੀ ਵੱਲ ਸੁਆਲੀਆਂ ਨਜ਼ਰਾਂ ਚੁੱਕੀਆਂ ਕਿ ਰਜ਼ੀਆ ਕੀ ਕਹਿ ਰਹੀ ਹੈ, ਪਰ ਹਸੀਬਾ ਕੋਲ ਅੰਗਰੇਜ਼ੀ ਦੇ ਸ਼ਬਦ ਕੋਸ਼ ਵਿਚ 'ਮਰੇ ਚੂਹੇ' ਲਈ ਕੋਈ ਸ਼ਬਦ ਨਹੀਂ ਸੀ।

ਵੀਨਾ ਦੀ ਲਿਖਤ ਵਿਚ ਦਰਦ ਹੈ ਤੇ ਝੂਠੇ ਵਾਅਦਿਆਂ ਵਾਲੇ ਆਸ਼ਕਾਂ ਦੀਆਂ ਖੂਨੀ ਕਰਤੂਤਾਂ ਦਾ ਨਾਟਕੀ ਵੇਰਵਾ। ਉਸ ਨੇ ਦਲੇਰੀ ਨਾਲ ਤੀਵੀਂ ਦੇ ਸੱਖਣੇਪਣ, ਉਸ ਦੀ ਇਕੱਲ ਤੇ ਉਸ ਦੀ ਲੁੱਟੀ ਹੋਈ ਤਕਦੀਰ ਨੂੰ ਰਸਦਾਰ ਸ਼ੈਲੀ ਵਿਚ ਉਘਾੜਿਆ ਹੈ।

–ਬਲਵੰਤ ਗਾਰਗੀ

The stories are authentic and powerful. This book should be translated in other languages.

–Khushwant Singh



ਵੀਨਾ ਵਰਮਾ ਬੁਢਲਾਡਾ, ਜ਼ਿਲਾ ਬਠਿੰਡਾ ਦੀ ਜਮਪਲ ਹੈ। ਪੰਜਾਬੀ ਯੂਨੀਵਰਸਟੀ ਪਟਿਆਲਾ ਤੋਂ ਬੀ.ਏ.ਬੀ.ਐਡ. ਕਰਨ ਉਪਰੰਤ ਉਹ 1984 ਵਿਚ ਇੰਗਲੈਂਡ ਆਈ। ਇਸ ਸਮੇਂ ਉਹ ਵੈਸਟ ਲੰਡਨ ਇਨਸਟੀਚਿਊਟ ਆਫ ਹਾਇਰ ਐਜੂਕੇਸ਼ਨ ਵਿਚ ਸੋਸ਼ਲ ਵਰਕ ਦੀ ਵਿਦਿਆਰਥਣ ਹੈ।

'ਮੁੱਲ ਦੀ ਤੀਵੀਂ' ਉਸ ਦਾ ਪਲੇਠਾ ਕਹਾਣੀ ਸੰਗ੍ਰਹਿ ਹੈ, ਜਿਸ ਵਿਚ 16 ਕਹਾਣੀਆਂ, ਵੱਖ ਵੱਖ ਔਰਤਾਂ ਬਾਰੇ ਹਨ। ਕਿਸੇ 16 ਸਾਲਾਂ ਦੀ ਜਵਾਨ ਹੋ ਰਹੀ ਮੁਟਿਆਰ ਵਾਂਗੂੰ ਸੁਪਨਿਆਂ ਅਤੇ ਮਹਿਕਾਂ ਨਾਲ ਲੱਦੀ ਇਹ ਕਿਤਾਬ, ਜ਼ਿੰਦਗੀ ਦੀਆਂ ਸੂਲਾਂ ਜਿੰਨੀ ਤਿੱਖੀ ਅਤੇ ਚੋਭਾਂ ਭਰੀ ਵੀ ਹੈ।

ਵੀਨਾ ਵਰਮਾ ਨੇ ਪੰਜਾਬੀ ਕਹਾਣੀ ਨੂੰ ਇਕ ਨਵਾਂ ਮੋੜ ਦਿੱਤਾ ਹੈ। ਉਹ ਪ੍ਰਵਾਸੀ ਲੇਖਕਾਂ ਦੀ ਨੌਜਵਾਨ ਪੀੜ੍ਹੀ ਵਿਚੋਂ ਇਕ ਦਬੰਗ ਲੇਖਿਕਾ ਦੇ ਤੌਰ 'ਤੇ ਜਾਣੀ ਜਾਂਦੀ ਹੈ।